# PUNJAB VIDHAN SABHA

## DEBATES

*Friday, the 9th September, 2016*

***Vol. XIII– No.2***

OFFICIAL REPORT

CONTENTS


| | |
|---|---|
| Starred Questions and Answers | (2) 1 |
| Written Answers to Starred Questions laid on the Table of the House under Rule 38 | (2) 40 |
| Announcement by the Speaker regarding Panel of Chairmen | (2) 44 |
| Announcement by the Secretary | (2) 45 |
| No Confidence Motion | (2) 47 |
| Short Adjournments of the House | (2) 49 |
| Matters raised during Zero Hour and statements made by the Chief Minister and Minister thereon | (2) 50 |
| Calling Attention Notices under Rule 66 | (2) 65 |
| Presentation of the First Report of the Business Advisory Committee | (2) 66 |
| Presentation of Report of the Committee | (2) 68 |



**Punjab Vidhan Sabha Secretariat, Chandigarh.**

Price : Rs._________.

| | |
|---|---|
| Papers Laid on the Table of the House | (2) 69 |
| Commemorating the stellar contributions to the Constitution of India by Bharat Ratna Baba Saheb Dr. B.R.Ambedkar on the occasion of his 125th Birth Anniversary Celebrations | (2) 70 |
| Short Adjournment of the House | (2) 72 |
| Commemorating the stellar contributions to the Constitution of India by Bharat Ratna Baba Saheb Dr. B.R.Ambedkar on the occasion of his 125th Birth Anniversary Celebrations *(Resumption)* | (2) 72 |
| Naming and Expulsion of a Member | (2) 77 |
| Commemorating the stellar contribution to the Constitution of Indian by Bharat Ratna Baba Sahib Dr. B.R. Ambedkar on the occasion of his 125th Birth Anniversay Celebrations *(Resumption)* | (2) 80 |
| Extension of the time of the sitting of the House | (2) 95 |
| Commemorating the stellar contributions to the Constitution of India by Bharat Ratna Baba Saheb Dr. B.R.Ambedkar on the occasion of his 125th Birth Anniversary Celebrations *(Resumption)* | (2) 95 |
| Appendix | (i - iii) |

## PUNJAB VIDHAN SABHA

***Friday, the 9th September, 2016***

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 10.00 A.M. Mr. Speaker (Doctor Charnjit Singh Atwal) in the Chair.*

------------

## STARRED QUESTIONS AND ANSWERS

### ਉੱਚਾ ਪਿੰਡ ਸੰਘੋਲ ਵਿੱਚ ਪੁਰਾਤੱਤਵ ਵਿਭਾਗ ਵੱਲੋਂ ਲਗਾਈ ਗਈ ਪਾਬੰਦੀ ਹਟਾਉਣਾ

***2557. ਜਸਟਿਸ ਨਿਰਮਲ ਸਿੰਘ :** ਕੀ ਸੈਰ ਸਪਾਟਾ, ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਉੱਚਾ ਪਿੰਡ ਸੰਘੋਲ ਵਿੱਚ ਪੁਰਾਤੱਤਵ ਵਿਭਾਗ ਵੱਲੋਂ ਕੀਤੀ ਗਈ ਖੁਦਾਈ ਵਾਲੀ ਥਾਂ ਤੋਂ 300 ਮੀਟਰ ਦੇ ਅੰਦਰ ਮਕਾਨ ਉਸਾਰੀ ਜਾਂ ਟਾਇਲਟਸ ਬਣਾਉਣ ਤੇ ਲਗਾਈ ਗਈ ਪਾਬੰਦੀ ਨੂੰ ਹਟਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਸੋਹਣ ਸਿੰਘ ਠੰਡਲ :** ਨਹੀਂ ਜੀ। ਮਾਨਯੋਗ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਉੱਚਾ ਪਿੰਡ ਸੰਘੋਲ ਹੈ, ਇਸ ਵਿੱਚ ਰਾਜ ਸਰਕਾਰ ਦੇ ਥਰੂ ਭਾਰਤ ਸਰਕਾਰ ਵੱਲੋਂ 300 ਮੀਟਰ ਦੇ ਏਰੀਏ ਵਿੱਚ ਮਕਾਨ ਉਸਾਰੀ ਜਾਂ ਟਾਇਲਟ ਬਣਾਉਣ ਤੇ ਪਾਬੰਦੀ ਸੀ ਪਰ ਕਿਉਂਕਿ ਪ੍ਰਧਾਨ ਮੰਤਰੀ ਜੀ ਦੀ ਸਵੱਛ ਭਾਰਤ ਸਕੀਮ ਦੇ ਤਹਿਤ ਇਕ ਪ੍ਰੋਗਰਾਮ ਉਲੀਕਿਆ ਗਿਆ ਕਿ ਸਾਰੇ ਪਿੰਡਾਂ ਵਿੱਚ ਲੋਕਾਂ ਨੂੰ ਟਾਇਲਟਸ ਦੀਆਂ ਸਕੀਮਾਂ ਦੇਣੀਆਂ ਹਨ, ਇਸ ਪਿੰਡ ਵਿੱਚ ਵੀ ਇਹ ਸਕੀਮ ਲਾਗੂ ਕੀਤੀ ਗਈ ਹੈ ਅਤੇ ਹੁਣ ਲਗਭਗ 14 ਘਰਾਂ ਵਿੱਚ ਟਾਇਲਟ ਬਣਾਉਣ ਦੀ ਸਕੀਮ ਬਣੀ ਹੈ ਜਿਸ ਸਬੰਧੀ ਸਾਡੇ ਡਿਪਾਰਟਮੈਂਟ ਨੂੰ ਲੈਟਰ ਪ੍ਰਾਪਤ ਹੋਈ ਹੈ। ਅਸੀਂ ਭਾਰਤ ਸਰਕਾਰ ਨੂੰ ਅਪਰੂਵਲ ਵਾਸਤੇ ਲਿਖਿਆ ਹੈ। ਅਸੀਂ ਇਹ ਮਿਲਣ ਉਪਰੰਤ ਇਨ੍ਹਾਂ 14 ਘਰਾਂ ਨੂੰ ਟਾਇਲਟ ਬਣਾਉਣ ਦੀ ਆਗਿਆ ਦੇ ਦੇਵਾਂਗੇ। ਇਹ ਮਾਮਲਾ ਸਾਡੇ ਵਿਚਾਰ ਅਧੀਨ ਹੈ।

**ਜਸਟਿਸ ਨਿਰਮਲ ਸਿੰਘ :** ਸਪੀਕਰ ਸਾਹਿਬ, ਸੰਘੋਲ ਵਿੱਚ 50 ਸਾਲ ਪਹਿਲਾਂ ਖੁਦਾਈ ਹੋਈ ਸੀ ਅਤੇ ਉਦੋਂ ਹੀ ਨੋਟੀਫਿਕੇਸ਼ਨ ਹੋਇਆ ਸੀ ਕਿ 300 ਮੀਟਰ ਦੇ ਅੰਦਰ ਕਿਸੇ ਮਕਾਨ ਦੀ ਉਸਾਰੀ ਨਹੀਂ ਕੀਤੀ ਜਾਵੇਗੀ। ਮਕਾਨ ਗਿਰ ਰਹੇ ਹਨ ਅਤੇ ਬਹੁਤ ਸਾਰੇ ਗਿਰ ਚੁੱਕੇ ਹਨ। ਜੇ ਕਿਸੇ ਨੇ ਡੰਗਰਾਂ ਵਾਸਤੇ ਸ਼ੈੱਡ ਬਣਾਉਣਾ ਹੈ ਤਾਂ ਉਹ ਵੀ ਬਣਾਉਣ ਨਹੀਂ ਦਿੱਤਾ ਜਾਂਦਾ। ਟਾਇਲਟਸ ਬਾਰੇ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਚਿੱਠੀ ਆਈ ਹੈ ਕਿ ਸਿਰਫ਼ 14 ਘਰਾਂ ਵਿੱਚ ਟਾਇਲਟਸ ਬਣਨੀਆਂ ਹਨ। ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਟਾਇਲਟ ਤਾਂ ਹਰ ਘਰ ਵਿੱਚ ਬਣਨਾ ਚਾਹੀਦਾ ਹੈ। ਜਿਹੜੀ ਸਵੱਛ ਭਾਰਤ ਸਕੀਮ ਹੈ, ਅਭਿਆਨ ਚੱਲਿਆ ਹੈ ਕਿ ਹਰ ਘਰ ਵਿੱਚ ਟਾਇਲਟ ਬਣਨਾ ਹੈ। ਇਕੱਲੇ 14 ਘਰ ਨਹੀਂ ਸਗੋਂ ਅਜਿਹੇ ਬਹੁਤ ਸਾਰੇ ਘਰ ਹਨ ਜਿਥੇ ਟਾਇਲਟਸ ਨਹੀਂ ਹਨ । ਕਮ-ਜ਼-ਕਮ 150 ਘਰ ਅਜਿਹੇ ਹਨ ਜਿਨ੍ਹਾਂ ਵਿੱਚ ਟਾਇਲਟਸ ਨਹੀਂ ਹਨ। ਜੇ ਉਹ ਖੇਤਾਂ ਵਿੱਚ ਜਾਂਦੇ ਹਨ ਤਾਂ ਐਡਮਨਿਸਟ੍ਰੇਸ਼ਨ ਉਨ੍ਹਾਂ ਨੂੰ ਜੁਰਮਾਨਾ ਕਰਦਾ ਹੈ। ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਅਜਿਹੀ ਪ੍ਰੋਪੋਜ਼ਲ ਬਣਾ ਰਹੇ ਹਨ, ਜਿਸ ਨਾਲ ਇਨ੍ਹਾਂ ਲੋਕਾਂ ਨੂੰ 300 ਮੀਟਰ ਤੋਂ ਦੂਰ ਲੈਂਡ ਐਕੁਆਇਰ ਕਰਕੇ ਵਸਾਇਆ ਜਾਵੇ ਜਾਂ ਸੈਂਟਰ ਗੌਰਮਿੰਟ ਕੋਲੋਂ ਸਾਰਿਆਂ ਵਾਸਤੇ ਪਰਮਿਸ਼ਨ ਦਿਵਾਈ ਜਾਵੇ। ਜਿਹੜੀ ਲੈਂਡ ਦੀ ਐਕੁਜ਼ੀਸ਼ਨ ਹੋਈ ਹੈ, ਇੱਥੇ ਨੋਟੀਫਿਕੇਸ਼ਨ ਹੋਇਆ ਸੀ, ਇਹ ਰਿਸਟ੍ਰਿਕਟਿਡ ਐਕੁਜ਼ੀਸ਼ਨ ਹੈ। ਜਦੋਂ ਅਜਿਹਾ ਹੁੰਦਾ ਹੈ, ਲੈਂਡ ਐਕੁਆਇਰ ਕਰ ਲਈ ਜਾਂਦੀ ਹੈ, ਪਾਬੰਦੀ ਲੱਗ ਜਾਂਦੀ ਹੈ ਤਾਂ ਇਸ ਦਾ ਕੋਈ ਆਲਟ੍ਰਨੇਟਿਵ ਬਣਾਉਣ ਦੀ ਕੋਈ ਤਜਵੀਜ਼ ਜਾਂ ਵਿਚਾਰ ਕਰੋਗੇ ਅਤੇ ਕੀ ਉਨ੍ਹਾਂ ਨੂੰ ਕਿਸੇ ਹੋਰ ਜਗ੍ਹਾ ਵਸਾਓਗੇ ਜਾਂ ਜਿਸ ਦਾ ਘਰ ਗਿਰ ਗਿਆ ਹੈ, ਉਸ ਨੂੰ ਆਲਟ੍ਰਨੇਟਿਵ ਜਗ੍ਹਾ ਤੇ ਬਣਾਉਣ ਦੀ ਪਰਮਿਸ਼ਨ ਦਿਓਗੇ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਬੇਨਤੀ ਕੀਤੀ ਹੈ ਕਿ ਜਿਹੜਾ ਉੱਚਾ ਪਿੰਡ ਸੰਘੋਲ ਹੈ, ਇਹ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਪੁਰਾਤੱਤਵ ਵਿਭਾਗ ਨਾਲ ਰਿਲੇਟਿਡ ਹੈ। ਇੱਥੇ ਜ਼ਰੂਰ ਪਾਬੰਦੀ ਲੱਗੀ ਹੈ ਪਰ ਹੁਣ ਨਵੀਂ ਹਦਾਇਤ ਦੇ ਤਹਿਤ ਸਾਨੂੰ ਲੈਟਰ ਮਿਲੀ ਹੈ, ਅਸੀਂ ਇਸ ਬਾਰੇ ਭਾਰਤ ਸਰਕਾਰ ਨੂੰ ਲਿਖਿਆ ਹੈ। ਜਿਸ ਵੇਲੇ ਸਾਨੂੰ ਉਥੋਂ ਮਨਜ਼ੂਰੀ ਮਿਲ ਗਈ, ਅਸੀਂ ਉਨ੍ਹਾਂ ਨੂੰ ਫੌਰੀ ਤੌਰ ਤੇ ਬਣਾਉਣ ਵਾਸਤੇ ਅਲਾਓ ਕਰ ਦੇਵਾਂਗੇ। ਸਾਡੇ ਵੱਲੋਂ ਕੋਈ ਇਨਕਾਰ ਨਹੀਂ ਹੈ ਕਿਉਂਕਿ ਭਾਰਤ ਸਰਕਾਰ ਇਸ ਮਾਮਲੇ

ਨਾਲ ਅਟੈਚ ਹੈ, ਇਸ ਕਰਕੇ ਥੋੜ੍ਹਾ ਟਾਈਮ ਲੱਗ ਸਕਦਾ ਹੈ। ਇਸ ਵਾਸਤੇ ਅਸੀਂ ਆਪਣੀ ਪ੍ਰੋਪੋਜ਼ਲ ਬਣਾ ਕੇ ਭੇਜ ਦਿੱਤੀ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਸੇ ਨਾਲ ਰਿਲੇਟਿਡ ਫਤਹਿਗੜ੍ਹ ਸਾਹਿਬ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਇਸ ਵਾਸਤੇ ਸੈਪਰੇਟ ਕੁਐਸਚਨ ਦੇ ਦੇਣਾ।

------------

## ਸਰਕਾਰ ਦੁਆਰਾ ਵੱਖ-ਵੱਖ ਬੈਂਕਾਂ ਤੋਂ ਲਿਆ ਗਿਆ ਕਰਜ਼ਾ

***2559. ਸ਼੍ਰੀ ਬ੍ਰਹਮ ਮਹਿੰਦਰਾ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

(ੳ) ਰਾਜ ਸਰਕਾਰ ਦੁਆਰਾ ਵੱਖ-ਵੱਖ ਬੈਂਕਾਂ ਤੋਂ 1 ਅਪ੍ਰੈਲ, 2015 ਤੋਂ ਹੁਣ ਤੱਕ ਕੁੱਲ ਕਿੰਨਾ ਕਰਜ਼ਾ ਲਿਆ ਗਿਆ:

(ਅ) ਉਨ੍ਹਾਂ ਬੈਂਕਾਂ ਦੇ ਨਾਂ ਕੀ-ਕੀ ਹਨ ਜਿਨ੍ਹਾਂ ਤੋਂ ਕਰਜ਼ਾ ਲਿਆ ਗਿਆ; ਹਰ ਇੱਕ ਕੇਸ ਵਿੱਚ ਕਰਜ਼ੇ ਦੀ ਰਕਮ ਅਤੇ ਇਸ ਸਬੰਧੀ ਸ਼ਰਤਾਂ ਕੀ-ਕੀ ਹਨ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸ਼੍ਰੀਮਾਨ ਜੀ,

(ੳ) ਰਾਜ ਸਰਕਾਰ ਦੁਆਰਾ ਮਿਤੀ 01 ਅਪ੍ਰੈਲ, 2015 ਤੋਂ ਹੁਣ ਤੱਕ ਕਿਸੇ ਵੀ ਬੈਂਕ (ਪ੍ਰਾਈਵੇਟ/ਕਮਰਸ਼ੀਅਲ) ਤੋਂ ਕੋਈ ਵੀ ਕਰਜ਼ਾ ਨਹੀਂ ਲਿਆ ਗਿਆ।

(ਅ) ਲਾਗੂ ਨਹੀਂ ਹੈ।

**ਸ਼੍ਰੀ ਬ੍ਰਹਮ ਮਹਿੰਦਰਾ :** ਸਪੀਕਰ ਸਾਹਿਬ, ਇਵੇਂ ਲਗਦਾ ਹੈ ਕਿ ਜਿਹੜਾ ਜਵਾਬ ਆਇਆ ਹੈ, ਇਹ ਬੜਾ ਮਿਸਲੀਡਿੰਗ ਹੈ। ਸਰਕਾਰ ਨੇ ਅਰਬਨ ਮਿਸ਼ਨ ਲਈ 1450 ਕਰੋੜ ਰੁਪਿਆ ਐਚ.ਡੀ.ਐਫ.ਸੀ. ਬੈਂਕ ਤੋਂ ਅਤੇ ਰੂਰਲ ਮਿਸ਼ਨ ਲਈ 1950 ਕਰੋੜ ਰੁਪਿਆ ਯੈੱਸ ਬੈਂਕ ਤੋਂ ਲਿਆ ਹੈ। ਮੈਂ ਜਾਣਨਾ ਚਾਹੁੰਦਾ ਹਾਂ ਕਿ ਇਹ 3400 ਕਰੋੜ ਰੁਪਿਆ ਕਿਹੜੀਆਂ ਕੰਡੀਸ਼ਨਾਂ ਤੇ ਟਰਮਜ਼ ਤੇ ਲਿਆ ਗਿਆ ਹੈ ਅਤੇ ਕਦੋਂ ਲਿਆ ਗਿਆ ਹੈ? ਇਸ ਵਿੱਚ ਕਿਉਂਕਿ ਜਿਹੜੇ ਸ਼ਡਿਊਲਡ ਬੈਂਕਸ ਹਨ ਅਤੇ ਪ੍ਰਾਈਵੇਟ ਬੈਂਕਸ ਹਨ, ਉਹ ਕੋਲੈਟਰਲ ਤੋਂ ਬਿਨਾਂ ਤਾਂ ਲੋਨ ਦਿੰਦੇ ਨਹੀਂ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ

[ ਸ਼੍ਰੀ ਬ੍ਰਹਮ ਮਹਿੰਦਰਾ ]
ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਉਸ ਵਿੱਚ ਕੋਲੈਟਰਲ ਕੀ ਰੱਖਿਆ ਹੈ?

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਪੰਜਾਬ ਸਰਕਾਰ ਦੁਆਰਾ ਲਏ ਕਰਜ਼ੇ ਬਾਰੇ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਕਦੇ ਵੀ ਬੈਂਕ ਤੋਂ ਕਰਜ਼ਾ ਨਹੀਂ ਲੈ ਸਕਦੀ। ਅਸੀਂ ਕੇਂਦਰ ਸਰਕਾਰ ਤੋਂ ਪਰਮਿਸ਼ਨ ਲੈ ਕੇ ਆਰ.ਬੀ.ਆਈ. ਦੇ ਰਾਹੀਂ ਬੌਂਡਜ਼ ਲੈ ਸਕਦੇ ਹਾਂ। ਆਰ.ਬੀ.ਆਈ. ਐਕਟ ਤਹਿਤ ਜੋ ਸਾਡੀਆਂ ਜੁਰਿਸਡਿਕਸ਼ਨਜ਼ ਹਨ, ਉਨ੍ਹਾਂ ਤਹਿਤ ਅਸੀਂ ਬੌਂਡਜ਼ ਲੈ ਸਕਦੇ ਹਾਂ। ਇਹ ਜੋ ਗੱਲ ਕਰ ਰਹੇ ਹਨ, ਇਹ ਅਰਧ ਸਰਕਾਰੀ ਅਦਾਰਿਆਂ ਦੀ ਗੱਲ ਕਰ ਰਹੇ ਹਨ, ਅਰਧ ਸਰਕਾਰੀ ਅਦਾਰੇ ਜਿਹੜੇ ਹਨ, ਉਹ ਆਪਣਾ ਲੋਨ ਲੈ ਸਕਦੇ ਹਨ। ਸਰਕਾਰ ਨੇ ਕੋਈ ਲੋਨ ਨਹੀਂ ਲਿਆ ਜੀ। ਜੇਕਰ ਉਸ ਵਾਸਤੇ ਇਹ ਸੈਪਰੇਟ ਕੁਐਸਚਨ ਕਰਨਾ ਚਾਹੁੰਦੇ ਹਨ ਤਾਂ ਕਰ ਸਕਦੇ ਹਨ।

**ਸ਼੍ਰੀ ਬ੍ਰਹਮ ਮਹਿੰਦਰਾ:** ਸਰ, ਗੱਲ ਇਹ ਹੈ ਜੀ ਕਿ ਜਿਹੜੇ ਅਰਧ ਸਰਕਾਰੀ ਅਦਾਰੇ ਹਨ, ਉਹ ਵੀ ਤਾਂ ਸਰਕਾਰ ਦੇ ਹੀ ਹਨ। ਲੋਨ ਤਾਂ ਲੋਨ ਹੀ ਹੈ। ਦੇਖੋ, ਲੋਨ ਤਾਂ ਸਰਕਾਰ ਤੇ ਚੜ੍ਹ ਗਿਆ। ਉਸ ਨੇ ਕਦੋਂ ਉਤਰਨਾ ਹੈ? ਉਸ ਦੀਆਂ ਕੀ ਕੰਡੀਸ਼ਨਜ਼ ਹਨ? At the fag end of the Government ਲੋਨ ਲੈ ਲੈਣਾ, ਸਪੀਕਰ ਸਾਹਿਬ, ਮੈਂ ਇਹ ਸਮਝਦਾ ਹਾਂ ਕਿ ਜਿਹੜੇ ਸੰਗਤ ਦਰਸ਼ਨ ਪ੍ਰੋਗਰਾਮ ਹੋ ਰਹੇ ਹਨ, ਇਨ੍ਹਾਂ ਸੰਗਤ ਦਰਸ਼ਨ ਪ੍ਰੋਗਰਾਮਾਂ ਦੌਰਾਨ ਬੈਂਕਾਂ ਦਾ ਪੈਸਾ ਹੀ ਵੰਡਿਆ ਜਾ ਰਿਹਾ ਹੈ। ਜੇ ਇਹ ਨਹੀਂ ਵੰਡਿਆ ਜਾ ਰਿਹਾ ਤਾਂ ਮਾਨਯੋਗ ਮੰਤਰੀ ਜੀ ਇਹ ਦੱਸ ਦੇਣ ਕਿ ਸੰਗਤ ਦਰਸ਼ਨ ਪ੍ਰੋਗਰਾਮਾਂ ਤੇ ਪੈਸਾ ਕਿਹੜੇ ਅਕਾਊਂਟ ਵਿਚੋਂ ਵੰਡਿਆ ਜਾ ਰਿਹਾ ਹੈ? ਇੰਨੀ ਕੁ ਇਨਫਰਮੇਸ਼ਨ ਇਹ ਹਾਊਸ ਨੂੰ ਦੇ ਦੇਣ।

**ਮਾਨਯੋਗ ਸਪੀਕਰ:** ਇਹ ਤਾਂ ਸੈਪਰੇਟ ਕੁਐਸਚਨ ਬਣਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਿਹਾ ਹੈ ਕਿ ਜਿਹੜੇ ਸਾਡੇ ਅਰਧ ਸਰਕਾਰੀ ਅਦਾਰੇ ਹਨ, ਬੋਰਡ ਤੇ ਕਾਰਪੋਰੇਸ਼ਨਾਂ ਹਨ, ਉਹ ਲੋਨ ਲੈ ਸਕਦੇ ਹਨ। ਅਸੀਂ ਉਨ੍ਹਾਂ ਨੂੰ ਗਾਰੰਟੀ ਕਰ ਦਿੰਦੇ ਹਾਂ ਪਰ ਸਰਕਾਰ ਲੋਨ ਨਹੀਂ ਲੈਂਦੀ। ਸਰਕਾਰ ਤਾਂ ਸਿਰਫ ਬੌਂਡਜ਼ ਰੇਜ਼ ਕਰ ਸਕਦੀ ਹੈ। ਮੈਂ ਤਾਂ ਹੀ ਕਹਿ ਰਿਹਾ ਹਾਂ ਕਿ ਉਸ ਵਾਸਤੇ ਸੈਪਰੇਟ ਕੁਐਸਚਨ ਲਗਾ ਦੇਣ, ਮੈਂ ਫਿਰ ਜਵਾਬ ਦੇ ਦੇਵਾਂਗਾ।

**ਸ਼੍ਰੀ ਬ੍ਰਹਮ ਮਹਿੰਦਰਾ :** ਸਪੀਕਰ ਸਾਹਿਬ, ਸਿਰਫ ਇੰਨਾ ਕੁ ਜਵਾਬ ਲੈ ਦਿਉ ਕਿ ਜਿਹੜਾ ਸੰਗਤ ਦਰਸ਼ਨ ਪ੍ਰੋਗਰਾਮਾਂ ਤੇ ਪੈਸਾ ਲੱਗ ਰਿਹਾ ਹੈ, ਉਹ ਕਿਹੜੇ ਅਕਾਊਂਟ ਵਿਚੋਂ ਲੱਗ ਰਿਹਾ ਹੈ? (ਵਿਘਨ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਬੜਾ ਇੰਪਾਰਟੈਂਟ ਮਸਲਾ ਹੈ ਜੀ। ਇਹ ਲਾਸਟ ਸੈਸ਼ਨ ਹੈ, ਫਿਰ ਤਾਂ ਗੱਲ ਵਿਚੇ ਹੀ ਰਹਿ ਜਾਣੀ ਹੈ । ਜਿਹੜਾ ਅੰਮ੍ਰਿਤਸਰ ਦਾ ਮੈਂਟਲ ਹਸਪਤਾਲ ਹੈ, it was a government building, ਇਹ ਸਰਕਾਰੀ ਪ੍ਰਾਪਰਟੀ ਸੀ। ਇਹ ਸਰਕਾਰ ਦੀਆਂ ਪ੍ਰਾਪਰਟੀਆਂ ਮਾਰਟਗੇਜ ਕਰ ਰਹੇ ਹਨ, ਫਿਰ ਵੀ ਕਹਿ ਰਹੇ ਹਨ ਕਿ ਸਰਕਾਰ ਲੋਨ ਨਹੀਂ ਲੈ ਰਹੀ। ਇਹ ਇਸ ਤੇ ਚਾਨਣਾ ਪਾ ਦੇਣ। I want to ask, was that hospital a State Government building or not? ਉਸ ਦੇ ਅਗੇਂਸਟ ਲੋਨ ਲਿਆ ਗਿਆ ਹੈ। ਪੰਜਾਬ ਵਿੱਚ ਮੈਂਟਲੀ ਚੈਲੈਂਜੰਡ ਵਿਅਕਤੀਆਂ ਵਾਸਤੇ ਜੋ ਕੋਈ ਫੈਸਿਲਟੀ ਸੀ, ਉਸ ਦੀ ਪ੍ਰਾਪਰਟੀ ਮਾਰਟਗੇਜ ਕਰਕੇ ਤੁਸੀਂ ਸਰਕਾਰ ਚਲਾ ਰਹੇ ਹੋ, ਸੰਗਤ ਦਰਸ਼ਨ ਪ੍ਰੋਗਰਾਮ ਚਲਾ ਰਹੇ ਹੋ....

**ਮੰਤਰੀ :** ਸਪੀਕਰ ਸਾਹਿਬ, ਇਹ ਸਵਾਲ ਇਹ ਹਰ ਬਜਟ ਸੈਸ਼ਨ ਵਿੱਚ ਰੇਜ਼ ਕਰਦੇ ਹਨ । ਜੋ ਇਨ੍ਹਾਂ ਨੇ ਬਿਲਡਿੰਗ ਮਾਰਟਗੇਜ਼ ਕਰਨ ਸਬੰਧੀ ਸਵਾਲ ਕੀਤੇ ਹਨ, ਮੈਂ ਤਿੰਨ ਵਾਰੀ ਇਨ੍ਹਾਂ ਸਵਾਲਾਂ ਦੇ ਜਵਾਬ ਦੇ ਚੁੱਕਿਆ ਹਾਂ। ਇਨ੍ਹਾਂ ਕੋਲ ਹੋਰ ਕੋਈ ਮੁੱਦਾ ਨਹੀਂ ਹੈ ਅਤੇ ਦੁਬਾਰਾ-ਦੁਬਾਰਾ ਉਹੀ ਗੱਲ ਕਰੀ ਜਾਂਦੇ ਹਨ। ਇਨ੍ਹਾਂ ਨੂੰ ਜਵਾਬ ਵਿੱਚ ਸਾਰਾ ਕੁਝ ਕਲੀਅਰ ਕਰ ਵੀ ਦਿੱਤਾ ਗਿਆ ਹੈ ਪਰ ਫਿਰ ਵੀ ਇਹ ਉਹੀ ਸਵਾਲ ਕਰਦੇ ਹਨ। ਨਾਲੇ ਉਹ ਵੀ ਸਰਕਾਰ ਨੇ ਲੋਨ ਨਹੀਂ ਲਿਆ, ਮੈਂ ਤੁਹਾਨੂੰ ਇਹ ਗੱਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ। ਉਹ ਲੋਨ ਵੀ ਪੁੱਡਾ ਨੇ ਲਿਆ ਹੈ, ਸਰਕਾਰ ਦਾ ਉਸ ਦੇ ਨਾਲ ਕੋਈ ਸਬੰਧ ਨਹੀਂ। ਸਰਕਾਰ ਨੇ ਲੋਨ ਨਹੀਂ ਲਿਆ।

**ਸ਼੍ਰੀ ਸੁਨੀਲ ਜਾਖੜ:** ਮੇਰਾ ਸਵਾਲ ਤਾਂ ਇਹ ਸੀ ਕਿ ਉਹ ਬਿਲਡਿੰਗ ਤਾਂ ਸਰਕਾਰੀ ਸੀ। ਜਿਹੜੀ ਸਰਕਾਰ ਦੀ ਪ੍ਰਾਪਰਟੀ ਮਾਰਟਗੇਜ਼ ਕੀਤੀ ਹੈ, you have provided sanction for that . (ਵਿਘਨ)

**ਡਾਕਟਰੀ ਸਿੱਖਿਆ ਮੰਤਰੀ (ਬੈਠੇ-ਬੈਠੇ):** ਉਥੇ ਮਰੀਜ਼ਾਂ ਵਾਸਤੇ ਬਹੁਤ ਵਧੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਤੁਸੀਂ ਉਥੇ ਆਇਓ, ਤੁਹਾਨੂੰ ਵਿਖਾਈਏ। ਤੁਸੀਂ ਧੰਨਵਾਦ ਕਰੋ ਕਿ ਉਹ ਬਿਲਡਿੰਗ ਬਹੁਤ ਵਧੀਆ ਬਣਾ ਦਿੱਤੀ ਗਈ ਹੈ।

**ਸ਼੍ਰੀ ਸੁਨੀਲ ਜਾਖੜ :** ਸਾਨੂੰ ਕੀ ਲੋੜ ਹੈ ਦੇਖਣ ਦੀ (ਵਿਘਨ)(ਸ਼ੋਰ)

**ਪ੍ਰਸ਼ਨ ਨੰਬਰ** *2532

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

------------

**ਆਸ਼ਾ ਵਰਕਰਾਂ ਦੀਆਂ ਤਨਖਾਹਾਂ/ਮਾਣ ਭੱਤਾ ਵਧਾਉਣਾ**

*2523. **ਸ਼੍ਰੀ ਤਰਲੋਚਨ ਸਿੰਘ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਆਸ਼ਾ ਵਰਕਰਾਂ ਦੀ ਤਨਖਾਹ/ਮਾਣ ਭੱਤੇ ਵਧਾਉਣ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, ਨਹੀਂ ਜੀ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਕੀ ਜਿਹੜੀਆਂ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰਜ਼ ਹਨ, ਕੀ ਸਰਕਾਰ ਉਨ੍ਹਾਂ ਨੂੰ ਵਰਕਰ ਮੰਨਣ ਵਾਸਤੇ ਤਿਆਰ ਹੈ?

**ਮੰਤਰੀ :** ਵਰਕਰ ਮੰਨਣ ਵਾਸਤੇ ਤਿਆਰ ਨਹੀਂ ਹੈ ਜੀ। ਉਹ ਇੰਸੈਂਟਿਵ ਤੇ ਕੰਮ ਕਰਦੀ ਹੈ।

**ਸ਼੍ਰੀ ਤਰਲੋਚਨ ਸਿੰਘ :** ਸਰ, ਸਪਲੀਮੈਂਟਰੀ ਜੀ। ਸਪੀਕਰ ਸਾਹਿਬ, ਆਸ਼ਾ ਵਰਕਰ ਤੇ ਫੈਸਿਲੀਟੇਟਰ ਕੋਲੋਂ ਜਿਹੜੇ ਕੰਮ ਲਈ ਜਾਂਦੇ ਹਨ, ਉਹ 41 ਤਰ੍ਹਾਂ ਦੇ ਹਨ। ਉਨ੍ਹਾਂ ਨੂੰ ਇਹੋ ਜਿਹੇ ਘਰਾਂ ਵਿੱਚ ਵੀ ਜਾਣਾ ਪੈਂਦਾ ਹੈ ਜਿਥੇ ਕਿ ਐਚ.ਆਈ.ਵੀ. ਪੌਜ਼ੇਟਿਵ ਦੇ ਮਰੀਜ਼, ਟੀ.ਬੀ. ਦੇ ਮਰੀਜ਼ ਅਤੇ ਹੋਰ ਬਹੁਤ ਸੀਰੀਅਸ ਬਿਮਾਰੀਆਂ ਦੇ ਮਰੀਜ਼ ਹੁੰਦੇ ਹਨ। ਉਹ ਅਜਿਹੇ ਘਰਾਂ ਵਿੱਚ ਵੀ ਜਾਂਦੀਆਂ ਹਨ ਪਰ ਉਨ੍ਹਾਂ ਨੂੰ ਮਾਣ ਭੱਤਾ ਬਹੁਤ ਥੋੜ੍ਹਾ ਮਿਲ ਰਿਹਾ ਹੈ ਜੋ ਕਿ ਨਾ-ਗੁਜ਼ਾਰੇ ਜੋਗਾ ਹੀ ਹੈ। ਮੰਤਰੀ ਸਾਹਿਬ ਨੇ ਪੰਜਾਬ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਮੁਕਤਸਰ ਅਤੇ ਮਾਨਸਾ ਵਾਸਤੇ ਮਾਣ ਭੱਤੇ ਦੇ ਹੋਰ ਰੇਟ ਹਨ ਅਤੇ ਲੁਧਿਆਣਾ ਵਾਸਤੇ ਹੋਰ ਰੇਟ ਹਨ। ਕੀ ਮੰਤਰੀ ਸਾਹਿਬ ਜੋ ਮੁਕਤਸਰ ਅਤੇ ਮਾਨਸੇ ਵਿਚ ਰੇਟ ਦਿੱਤੇ ਜਾਂਦੇ ਹਨ, ਉਹ ਪੂਰੇ ਪੰਜਾਬ ਵਿਚ ਲਾਗੂ ਕਰਨ ਵਾਸਤੇ ਤਿਆਰ ਹਨ।

**ਮੰਤਰੀ :** ਸਪੀਕਰ ਸਾਹਿਬ, ਪੂਰੇ ਪੰਜਾਬ ਵਿਚ ਇਕੋ ਹੀ ਰੇਟ ਹਨ ਪਰ ਇਹ ਕੰਮ ਕਰਨ ਤੇ ਡਿਪੈਂਡ ਕਰਦਾ ਹੈ। ਕਈ ਆਸ਼ਾ ਵਰਕਰ ਜ਼ਿਆਦਾ ਮਿਹਨਤ ਕਰਦੀਆਂ ਹਨ ਅਤੇ ਮਹੀਨੇ ਵਿਚ 10-11 ਹਜ਼ਾਰ ਰੁਪਏ ਤੱਕ ਕਮਾ ਲੈਂਦੀਆਂ ਹਨ। ਕਈ ਘੱਟ ਕੰਮ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਘੱਟ ਰੇਟ ਮਿਲਦਾ ਹੈ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਮੰਤਰੀ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਮਾਨਸੇ ਅਤੇ ਮੁਕਤਸਰ ਵਿੱਚ ਹੋਰ ਰੇਟ ਹਨ ਅਤੇ ਲੁਧਿਆਣਾ ਵਿਚ ਕੁਝ ਹੋਰ ਰੇਟ ਹਨ। ਤੁਸੀਂ ਹਾਊਸ ਨੂੰ ਮਿਸਲੀਡ ਕਿਉਂ ਕਰ ਰਹੇ ਹੋ? ਜੇਕਰ ਤੁਹਾਨੂੰ ਨਹੀਂ ਪਤਾ ਤਾਂ ਹਾਊਸ ਨੂੰ ਮਿਸਲੀਡ ਤਾਂ ਨਾ ਕਰੋ। ਤੁਸੀਂ ਕਿਉਂ ਝੂਠ ਬੋਲਣ ਲੱਗੇ ਹੋ?

**ਮੰਤਰੀ :** ਸਪੀਕਰ ਸਾਹਿਬ, ਇਹ ਸਕੀਮ ਤਹਿਤ ਹੈ....(ਵਿਘਨ...ਸ਼ੋਰ)

**ਸ਼੍ਰੀ ਤਰਲੋਚਨ ਸਿੰਘ :** ** **

**Mr. Speaker :** No, nothing should be recorded. ਅਗਲਾ ਸਵਾਲ ਜੀ।

**ਸ਼੍ਰੀ ਤਰਲੋਚਨ ਸਿੰਘ:** ਸਪੀਕਰ ਸਾਹਿਬ, ਮਾਨਸਾ ਅਤੇ ਮੁਕਤਸਰ ਵਿਚ ਹੋਰ ਰੇਟ ਦਿੱਤੇ ਜਾ ਰਹੇ ਹਨ ਅਤੇ ਲੁਧਿਆਣਾ ਵਿਚ ਹੋਰ ਰੇਟ ਦਿੱਤੇ ਜਾ ਰਹੇ ਹਨ। ਕੀ ਤੁਸੀਂ ਹਾਉਸ ਦੀ ਕੋਈ ਕਮੇਟੀ ਬਣਾ ਕੇ ਇਸ ਦੀ ਜਾਂਚ ਕਰਵਾ ਸਕਦੇ ਹੋ।

**ਮਾਨਯੋਗ ਸਪੀਕਰ :** ਨਹੀਂ ਜੀ।

-----------

## ਹਲਕਾ ਸ਼ੁਤਰਾਣਾ ਵਿੱਚ ਝੰਬੋ ਚੋਏ ਤੇ ਪੁਲ ਦੀ ਉਸਾਰੀ ਕਰਨਾ

***2528. ਸ਼੍ਰੀਮਤੀ ਵਨਿੰਦਰ ਕੌਰ ਲੂੰਬਾ:** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਦੇ ਪਿੰਡ ਭੇਡਪੁਰੀ ਵਿਖੇ ਝੰਬੋ ਚੋਏ ਤੇ ਪੁਲ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸਰਦਾਰ ਤੋਤਾ ਸਿੰਘ:** ਫਿਲਹਾਲ ਪਿੰਡ ਭੇਡਪੁਰੀ ਵਿਖੇ ਝੰਬੋ ਚੋਏ ਤੇ ਪੁਲ ਉਸਾਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

---

** Not recorded as ordered by the Chair.

**ਸ਼੍ਰੀਮਤੀ ਵਨਿੰਦਰ ਕੌਰ ਲੂੰਬਾ:** ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਦੋ ਵਾਰ ਇਹ ਸਵਾਲ ਹਾਊਸ ਵਿਚ ਲਗਾ ਚੁੱਕੀ ਹਾਂ। ਇਹ ਬਹੁਤ ਇੰਪਾਰਟੈਂਟ ਮੁੱਦਾ ਹੈ। ਇਥੇ ਪੁੱਲ ਨਹੀਂ ਬਣਿਆ ਹੋਇਆ ਬਲਕਿ ਸੜਕ ਹੀ ਡਾਊਨ ਕਰਕੇ ਕੱਢੀ ਹੋਈ ਹੈ। ਇਸ ਵਿਚ ਗੰਦਾ ਪਾਣੀ ਵੀ ਪੈਂਦਾ ਹੈ। ਇਥੋਂ ਲੋਕਾਂ ਨੇ ਵੀ ਲੰਘਣਾ ਹੁੰਦਾ ਹੈ ਅਤੇ ਪਸ਼ੂ ਵੀ ਲੰਘਦੇ ਹਨ ਅਤੇ ਇਥੇ ਗੰਦਾ ਪਾਣੀ ਖੜ੍ਹਨ ਨਾਲ ਪਸ਼ੂਆਂ ਦੇ ਪੈਰ ਅਤੇ ਖੁਰ ਗਲ਼ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਿਮਾਰੀ ਲੱਗ ਜਾਂਦੀ ਹੈ। ਸੋ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਪਿਛੇ ਜਿਹੇ ਇਸ ਦੀ ਪਰਪੋਜ਼ਲ ਵੀ ਬਣ ਗਈ ਸੀ ਅਤੇ ਮਨਜ਼ੂਰੀ ਵੀ ਹੋ ਗਈ ਸੀ ਤਾਂ ਕੀ ਕਾਰਨ ਹੈ ਕਿ ਇਹ ਕੇਸ ਹਾਲੇ ਵੀ ਪੈਂਡਿੰਗ ਹੈ। ਇਹ ਵੀ ਦੱਸਿਆ ਜਾਵੇ ਕਿ ਕਦੋਂ ਤੱਕ ਪੁਲ ਬਣ ਜਾਵੇਗਾ?

**ਮੰਤਰੀ :** ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਇਨ੍ਹਾਂ ਦੀ ਮੰਗ ਜ਼ਰੂਰੀ ਹੈ ਪਰ ਉਥੇ ਸਰਕਾਰ ਨੇ ਪਹਿਲਾਂ ਹੀ ਸੀਮਿੰਟ ਨਾਲ ਗਾਰਬੇਜ ਬਣਾਇਆ ਹੋਇਆ ਹੈ। ਕੇਵਲ ਬਰਸਾਤਾਂ ਦੇ ਦੌਰਾਨ ਹੀ ਉਥੇ ਪੌਣੇ ਕਿਲੋਮੀਟਰ ਦੀ ਸੜਕ ਤੇ ਹੀ ਇਹ ਸਮੱਸਿਆ ਆਉਂਦੀ ਹੈ। ਬਾਕੀ ਸਾਰੀ ਸੜਕ ਪੱਕੀ ਹੈ। ਸੋ, ਕੇਵਲ 5-10 ਦਿਨਾਂ ਦੀ ਬਰਸਾਤਾਂ ਵਿਚ ਸਮੱਸਿਆ ਹੁੰਦੀ ਹੈ। ਅਸੀਂ ਇਸ ਦਾ 98 ਲੱਖ ਰੁਪਏ ਦਾ ਐਸਟੀਮੇਟ ਬਣਾਇਆ ਸੀ, ਇਸ ਵਿਚ 25 ਮੀਟਰ ਸਪੈਮ ਪੈਣਾ ਹੈ। ਇਸ ਲਈ ਫੰਡਾਂ ਨੂੰ ਮੁੱਖ ਰੱਖਦੇ ਹੋਏ, ਕਿਉਂਕਿ ਇਨ੍ਹਾਂ ਦੇ ਮਾਰਕੀਟ ਕਮੇਟੀਆਂ ਦੀ ਇਨਕਮ ਵੀ ਘੱਟ ਹੈ। ਅਸੀਂ ਪਹਿਲਾਂ ਹੀ ਇਨ੍ਹਾਂ ਦੇ ਹਲਕੇ ਦੀਆਂ 92 ਕਿਲੋਮੀਟਰ ਸੜਕਾਂ ਦੀ ਲਗਭੱਗ 13 ਕਰੋੜ ਰੁਪਏ ਲਗਾ ਕੇ ਰਿਪੇਅਰ ਕਰਵਾ ਰਹੇ ਹਾਂ।ਇਸ ਲਈ ਕੇਵਲ ਫੰਡਾਂ ਕਰਕੇ ਇਹ ਪੈਂਡਿੰਗ ਹੈ। ਇਥੇ ਸਰਦਾ ਹੈ, ਕੇਵਲ 5-10 ਦਿਨਾਂ ਦੀ ਬਰਸਾਤਾਂ ਦੇ ਦਿਨਾਂ ਵਿਚ ਸਮੱਸਿਆ ਹੈ। ਬਾਕੀ ਕੋਈ ਲੋੜ ਨਹੀਂ ਪੈਂਦੀ। ਇਸ ਲਈ ਅਸੀਂ ਇਸ ਨੂੰ ਜ਼ਿਆਦਾ ਇੰਪਾਰਟੈਂਸ ਨਹੀਂ ਦੇ ਰਹੇ ਹਾਂ।

**ਸ਼੍ਰੀਮਤੀ ਵਨਿੰਦਰ ਕੌਰ ਲੂੰਬਾ:** ਸਪੀਕਰ ਸਾਹਿਬ, ਪਿੰਡ ਦਾ ਸਿੱਧਾ ਰਸਤਾ ਇਹੀ ਹੈ। ਦੂਜਾ ਰਸਤਾ ਕਾਫੀ ਵਲ਼ ਖਾ ਕੇ ਜਾਣਾ ਪੈਂਦਾ ਹੈ। ਇਸ ਲਈ ਉਥੇ ਦੇ ਲੋਕਾਂ ਦੀ ਬਹੁਤ ਪੁਰਜ਼ੋਰ ਮੰਗ ਹੈ। ਮੈਂ ਮੰਤਰੀ ਸਾਹਿਬ ਨੂੰ ਇਹ ਬੇਨਤੀ ਕਰਾਂਗੀ ਕਿ ਇਸ ਨੂੰ ਜਲਦੀ ਵਿਚਾਰਿਆ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਠੀਕ ਹੈ, ਅਸੀਂ ਬੀਬੀ ਜੀ ਨਾਲ ਵਿਚਾਰ ਕਰ ਲਵਾਂਗੇ। ਜਿਹੜੀ ਇਨ੍ਹਾਂ ਦੀ ਸੜਕਾਂ ਦੀ ਰਿਪੇਅਰ ਦਾ ਕੰਮ ਹੈ, ਉਨ੍ਹਾਂ ਵਿਚੋਂ ਕੋਈ ਕੱਟ ਲਗਾ ਕੇ ਅਤੇ ਕੁਝ ਅਸੀਂ ਮੰਡੀ ਬੋਰਡ ਵਿਚੋਂ ਸਾਧਨ ਜੁਟਾ ਕੇ ਕੋਈ ਰਾਹ ਕੱਢ ਲਵਾਂਗੇ।

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ, ਸਰਦਾਰ ਗੋਬਿੰਦ ਸਿੰਘ ਲੌਂਗੋਵਾਲ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰਾ ਸਵਾਲ ਰਹਿ ਗਿਆ, ਇੰਝ ਨਾ ਕਰੋ।

**ਮਾਨਯੋਗ ਸਪੀਕਰ :** ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

------------

## ਨੰਬਰਦਾਰ ਦੇ ਅਹੁਦੇ ਨੂੰ ਪੁਸ਼ਤੈਨੀ ਬਣਾਉਣਾ

***2602. ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ "ਨੰਬਰਦਾਰ" ਦੇ ਅਹੁਦੇ ਨੂੰ ਪੁਸ਼ਤੈਨੀ ਬਣਾਉਣ ਅਤੇ ਇਸ ਵਾਸਤੇ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਉਮਰ ਤੈਅ ਕਰਨ ਦਾ ਵਿਚਾਰ ਰੱਖਦੀ ਹੈ?

**ਸਰਦਾਰ ਬਿਕਰਮ ਸਿੰਘ ਮਜੀਠੀਆ:** ਨਹੀਂ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਨੰਬਰਦਾਰ ਦੀ ਜੇਕਰ ਮੌਤ ਹੋ ਜਾਂਦੀ ਹੈ ਤਾਂ ਨੰਬਰਦਾਰ ਦੀ ਜਿਹੜੀ ਚੋਣ ਹੈ, ਉਹ ਵਿਰਾਸਤ ਵਿੱਚੋਂ ਹੋਵੇ, ਇਸ ਦੇ ਬਾਰੇ ਮੈਂ ਮੰਤਰੀ ਜੀ ਨੂੰ ਬੇਨਤੀ ਕੀਤੀ ਸੀ। ਲਗਭਗ 37000 ਨੰਬਰਦਾਰ ਪੰਜਾਬ ਵਿੱਚ ਹਨ, ਹਰ ਪਿੰਡ ਵਿੱਚ ਇੱਕ ਜਾਂ ਦੋ ਨੰਬਰਦਾਰ ਹੁੰਦੇ ਹਨ। ਉਨ੍ਹਾਂ ਦੀ ਜਿਹੜੀ ਯੂਨੀਅਨ ਹੈ, ਉਹ ਮੰਤਰੀ ਜੀ ਨੂੰ 9 ਮਾਰਚ, 2016 ਨੂੰ ਮਿਲੀ ਸੀ। ਮੰਤਰੀ ਜੀ ਨੇ ਉਨ੍ਹਾਂ ਨੂੰ ਵਿਸ਼ਵਾਸ ਦਿੱਤਾ ਸੀ ਕਿ 7 ਅਪ੍ਰੈਲ ਤੱਕ ਤੁਹਾਡਾ ਕੰਮ ਹੋ ਜਾਏਗਾ, ਅਸੀਂ ਇਸ ਨੂੰ ਜੱਦੀ-ਪੁਸ਼ਤੀ ਕਰ ਦਿਆਂਗੇ। ਪਿੱਛੇ ਜਦੋਂ ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਪ੍ਰੋਗਰਾਮ ਹੋਇਆ ਸੀ, ਉਥੇ ਮਾਨਯੋਗ ਮੁੱਖ ਮੰਤਰੀ ਜੀ ਨੇ ਸਟੇਜ ਤੋਂ ਐਲਾਨ ਕੀਤਾ ਸੀ ਕਿ ਅਸੀਂ ਇਹ ਕੰਮ ਤੁਰੰਤ ਕਰ ਰਹੇ ਹਾਂ। ਪੀ.ਟੀ.ਸੀ. ਨਿਊਜ਼ ਚੈਨਲ ਤੇ ਵੀ ਦਿਖਾਇਆ ਗਿਆ ਸੀ ਕਿ ਨੰਬਰਦਾਰੀ ਜੱਦੀ-ਪੁਸ਼ਤੀ ਕਰ ਰਹੇ

[ ਸਰਦਾਰ ਚਰਨਜੀਤ ਸਿੰਘ ਚੰਨੀ ]

ਹਾਂ। ਹੁਣ ਮੰਤਰੀ ਜੀ ਨਾਂਹ ਵਿਚ ਜਵਾਬ ਦੇ ਰਹੇ ਹਨ। ਕੀ ਕਾਰਨ ਹੈ? ਸਪੀਕਰ ਸਾਹਿਬ, ਪਿੰਡਾਂ ਦੇ ਵਿੱਚ ਪਾਰਟੀਬਾਜ਼ੀ ਹੋ ਜਾਂਦੀ ਹੈ। 10-10, 20-20 ਵਿਅਕਤੀ ਨੰਬਰਦਾਰ ਬਣਨ ਵਾਸਤੇ ਖੜ੍ਹੇ ਹੋ ਜਾਂਦੇ ਹਨ। ਫਿਰ ਕੇਸ ਚਲਦੇ ਹਨ, ਲੜਾਈਆਂ ਹੁੰਦੀਆਂ ਹਨ, ਇਸ ਨਾਲੋਂ ਤਾਂ ਠੀਕ ਇਹੀ ਰਹੇਗਾ ਕਿ ਉਨ੍ਹਾਂ ਦਾ ਹੱਕ ਜੱਦੀ-ਪੁਸ਼ਤੀ ਦੇ ਦਿਓ। ਇਸ ਵਾਸਤੇ ਤੁਸੀਂ ਉਮਰ ਤੇ ਕੁਆਲੀਫਿਕੇਸ਼ਨ ਫਿਕਸ ਕਰ ਦਿਓ। ਲੇਕਿਨ, ਇਸ ਨੂੰ ਜੱਦੀ-ਪੁਸ਼ਤੀ ਕਰ ਦਿਓ ਤਾਂ ਕਿ ਪਿੰਡਾਂ ਵਿੱਚ ਲੜਾਈ ਖਤਮ ਹੋ ਜਾਵੇ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਵਿਸ਼ਵਾਸ ਦਿਵਾਇਆ ਸੀ, ਉਸ ਤੇ ਮੰਤਰੀ ਜੀ ਪੂਰਾ ਕਿਉਂ ਨਹੀਂ ਉਤਰੇ?

**ਮੰਤਰੀ:** ਸਪੀਕਰ ਸਹਿਬ, ਮੈਂ ਤਾਂ ਇਹ ਬੇਨਤੀ ਕਰਾਂਗਾ ਕਿ ਜਦੋਂ ਯੂਨੀਅਨ ਮੈਨੂੰ ਮਿਲਣ ਆਈ ਸੀ, ਇਹ ਕਿਤੇ ਲੁਕ-ਛਿਪ ਕੇ ਬੈਠੇ ਸਨ। ਆਪਾਂ ਗੱਲ ਉਹ ਕਰੀਏ ਜਿਹੜੀ ਸਹੀ ਹੋਵੇ। ਯੂਨੀਅਨ ਦੇ ਮਸਲੇ ਸਾਡੇ ਕੋਲ ਟਾਈਮ ਟੂ ਟਾਈਮ ਆਉਂਦੇ ਰਹਿੰਦੇ ਹਨ। ਇਹ ਇੱਕ ਇਸ਼ੂ ਸਾਡੇ ਕੋਲ ਲੈ ਕੇ ਆਏ ਸੀ। ਮੈਂ ਜੈਨੂਅਨਲੀ ਇਹ ਕੰਮ ਕਰਨਾ ਵੀ ਚਾਹੁੰਦਾ ਸੀ ਤਾਂ ਕਿ ਇਹ ਮਸਲਾ ਹੱਲ ਹੋ ਜਾਵੇ। ਅਸੀਂ ਇਸ ਇਸ਼ੂ ਤੇ ਲੀਗਲ ਰਾਏ ਲਈ ਸੀ। ਉਸ ਦੇ ਵਿੱਚ ਨਿਕਲ ਕੇ ਆਇਆ ਕਿ ਇੱਕ ਸਿਵਲ ਰਿਟ ਪਟੀਸ਼ਨ ਸਾਲ 2000 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਿੱਚ ਦਾਇਰ ਹੋਈ ਸੀ। ਉਸ ਦੇ ਵਿੱਚ ਇਹ ਫੈਸਲਾ ਆਇਆ ਸੀ ਅਤੇ ਕਲੀਅਰਲੀ ਇਹ ਕਿਹਾ ਗਿਆ ਸੀ ਕਿ ਹੈਰੀਡਿਟਰੀ ਨੰਬਰਦਾਰੀ ਤੁਸੀਂ ਬੱਚੇ ਨੂੰ ਨਹੀਂ ਦੇ ਸਕਦੇ। It can be as one of the conditions but it cannot be overiding factor ਕਿ ਜਿਸ ਦਾ ਪਿਤਾ ਨੰਬਰਦਾਰ ਸੀ ਤਾਂ ਉਸ ਦਾ ਬੱਚਾ ਵੀ ਫਿਰ ਨੰਬਰਦਾਰ ਬਣ ਜਾਏ। ਉਸ ਦੇ ਵਿੱਚ ਲੀਗਲ ਪ੍ਰਾਬਲਮ ਸੀ, that is the only reason. ਸਿਵਲ ਰਿਟ ਪਟੀਸ਼ਨ ਨੰਬਰ ਵੀ ਮੈਂ ਦੱਸ ਦਿੰਦਾ ਹਾਂ, ਇਹ ਨੰਬਰ 3138 ਆਫ 2000 ਹੈ, ਜਿਸ ਦੇ ਜੱਜ ਸ਼੍ਰੀ ਜਵਾਹਰ ਲਾਲ ਗੁਪਤਾ ਜੀ ਅਤੇ ਸ਼੍ਰੀ ਕੇ .ਐਸ.ਗਰੇਵਾਲ ਸਾਹਿਬ ਸਨ। That is the only reason. ਨੰਬਰਦਾਰ ਦਾ ਭੱਤਾ ਇਨ੍ਹਾਂ ਵੇਲੇ 500/- ਰੁਪਏ ਪ੍ਰਤੀ ਮਹੀਨਾ ਸੀ, ਅਸੀਂ ਤਾਂ ਇਸ ਨੂੰ 1500/- ਤੇ ਲੈ ਗਏ ਹਾਂ । ਨੰਬਰਦਾਰਾਂ ਦੇ ਮਸਲੇ ਹੱਲ ਕਰਨ ਲਈ ਸਰਕਾਰ ਵਚਨਬੱਧ ਹੈ। ਜਦੋਂ ਵੀ ਕਦੇ ਨੰਬਰਦਾਰ ਮਿਲਣ ਲਈ ਆਏ ਹਨ, ਬਾਦਲ

ਸਾਹਿਬ ਨੇ ਉਨ੍ਹਾਂ ਦੀ ਗੱਲ ਸੁਣੀ ਹੈ, ਉਨ੍ਹਾਂ ਨੇ ਇਸ ਗੱਲ ਤੇ ਸ਼ਲਾਘਾ ਵੀ ਕੀਤੀ ਹੈ ਅਤੇ ਸੁਧਾਰ ਵੀ ਕੀਤਾ ਹੈ। ਇਸ ਮੁੱਦੇ ਤੇ ਜੇ ਹਾਈ ਕੋਰਟ ਦੀ ਪ੍ਰਾਬਲਮ ਨਾ ਹੁੰਦੀ ਤਾਂ ਜੱਦੀ-ਪੁਸ਼ਤੀ ਨੰਬਰਦਾਰੀ ਦੇਣ ਦਾ ਫੈਸਲਾ ਅਸੀਂ ਕਰ ਲੈਣਾ ਸੀ। ਇਸ ਵਿੱਚ ਕਾਨੂੰਨੀ ਪ੍ਰਾਬਲਮ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਪੰਜਾਬ ਦੇ ਨੰਬਰਦਾਰਾਂ ਦੀ ਗੱਲ ਤੇ ਮੈਂ ਵਿਸ਼ਵਾਸ ਨਹੀਂ ਕਰਾਂਗਾ ਜਿਨ੍ਹਾਂ ਤੇ ਕਹਿਣ ਤੇ ਸਟੈਂਪ ਡਿਊਟੀਆਂ ਦਾ ਕੰਮ ਹੁੰਦਾ ਹੈ, ਕਈ ਕੰਮ ਉਨ੍ਹਾਂ ਦੇ ਕਹਿਣ ਤੇ ਹੁੰਦੇ ਹਨ, ਮੈਂ ਉਨ੍ਹਾਂ ਦਾ ਸੱਚ ਨਾ ਮੰਨਾਂ, ਫਿਰ ਤਾਂ ਮੰਤਰੀ ਜੀ ਮੈਂ ਤੁਹਾਡੇ ਲਈ ਹੱਥ ਜੋੜਦਾ ਹਾਂ। ਮਾਨਯੋਗ ਹਾਈ ਕੋਰਟ ਵਿੱਚ ਕੁਲਦੀਪ ਸਿੰਘ ਜੀ ਨੇ ਕੇਸ ਪਾਇਆ ਸੀ, ਉਨ੍ਹਾਂ ਨੂੰ ਤਾਂ ਜੱਦੀ-ਪੁਸ਼ਤੀ ਮਿਲੀ ਹੈ। ਇਹ ਪਹਿਲੇ ਨੰਬਰ ਤੇ ਕੰਡੀਸ਼ਨ ਰੱਖਣ, ਬਿਲ ਲਿਆਉਣ, ਕੀ ਇਹ ਇਸ ਮੁੱਦੇ ਤੇ ਬਿਲ ਨਹੀਂ ਲਿਆ ਸਕਦੇ, ਕੀ ਇਹ ਹਾਈ ਕੋਰਟ ਤੋਂ ਉਪਰ ਜਾ ਨਹੀਂ ਸਕਦੇ?

**ਮਾਨਯੋਗ ਸਪੀਕਰ:** ਚੰਨੀ ਜੀ, ਕਈ ਕੇਸਾਂ ਵਿੱਚ ਫੈਕਟਸ ਡਿਫਰੈਂਟ ਹੁੰਦੇ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਸਰਕਾਰ ਇਸ ਨੂੰ ਜੱਦੀ-ਪੁਸ਼ਤੀ ਕਰੇ। ਸਰਕਾਰ ਕਾਨੂੰਨ ਬਣਾਵੇ ਕਿ ਨੰਬਰਦਾਰੀ ਜੱਦੀ-ਪੁਸ਼ਤੀ ਦੇਣੀ ਹੈ। ਜੇਕਰ ਕਿਸੇ ਦਾ ਮੁੰਡਾ ਇਲੀਜੀਬਲ ਨਹੀਂ ਹੈ ਤਾਂ ਨਾ ਦੇਵੇ। ਜੇਕਰ ਇਲੀਜੀਬਲ ਹੈ ਤਾਂ ਉਸ ਨੂੰ ਦੇ ਦੇਣੀ ਚਾਹੀਦੀ ਹੈ। ਇਹ ਕਾਨੂੰਨ ਲਿਆਉਣ, ਅਸੀਂ ਇਨ੍ਹਾਂ ਦੇ ਨਾਲ ਲੱਗ ਕੇ ਪਾਸ ਕਰਨ ਨੂੰ ਤਿਆਰ ਹਾਂ, ਵਿਧਾਨ ਸਭਾ ਸੈਸ਼ਨ ਖਤਮ ਹੋਣ ਵਿੱਚ ਚਾਰ ਦਿਨ ਪਏ ਹਨ।

**ਮੰਤਰੀ :** ਸਪੀਕਰ ਸਾਹਿਬ, ਮੈਨੂੰ ਇੱਕ ਗੱਲ ਆਪ ਜੀ ਦੱਸ ਦਿਉ। ਕਿਉਂਕਿ ਚੰਨੀ ਸਾਹਿਬ ਤਾਂ ਬਹੁਤ ਪੜ੍ਹੇ-ਲਿਖੇ ਹਨ, ਇਨ੍ਹਾਂ ਤੋਂ ਤਾਂ ਮੈਂ ਸਮਝ ਨਹੀਂ ਸਕਦਾ, ਇਹ ਮੈਨੂੰ ਨਹੀਂ ਸਮਝਾ ਸਕਦੇ। ਮੈਂ ਸਿਵਲ ਰਿੱਟ ਪਟੀਸ਼ਨ ਨੰਬਰ ਦੱਸ ਦਿੱਤਾ, ਕਿਹੜੇ ਜੱਜ ਸਾਹਿਬ ਦਾ ਫੈਸਲਾ ਹੈ, ਮੈਂ ਉਹ ਵੀ ਦੱਸ ਦਿੱਤਾ ਹੈ। ਹੁਣ ਜੇ ਇਹ ਚਾਹੁੰਦੇ ਹਨ ਤਾਂ ਮੈਂ ਪੜ੍ਹ ਕੇ ਵੀ ਸੁਣਾ ਦਿੰਦਾ ਹਾਂ ਜੀ, ਜੋ ਉਨ੍ਹਾਂ ਨੇ ਇਨਵਰਟਡ ਕੌਮਾ ਵਿੱਚ ਗੱਲ ਆਖੀ ਹੈ...(ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ :** ਗੱਲ ਫੈਸਲੇ ਦੀ ਨਹੀਂ ਹੈ, ਗੱਲ

ਕਾਨੂੰਨ ਬਣਾਉਣ ਦੀ ਹੈ। (ਸ਼ੋਰ) ਤੁਸੀਂ ਬਿਲ ਲੈ ਕੇ ਆਉ। (ਵਿਘਨ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੰਤਰੀ ਜੀ, ਤੁਸੀਂ ਨੀਅਤ ਸਾਫ ਕਰੋ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ, ਮੈਂਬਰਜ਼, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker :** Silence please.

**ਮੰਤਰੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰੇ ਵੱਡੇ ਵੀਰ (ਸਰਦਾਰ ਕੁਲਜੀਤ ਸਿੰਘ ਨਾਗਰਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਵੱਲ ਇਸ਼ਾਰਾ) ਦੀ ਕੁਰਸੀ ਦੇ ਤਾਂ ਸਪਰਿੰਗ ਚੈੱਕ ਕਰਵਾਉ, ਪਤਾ ਨਹੀਂ ਪਿੱਛੋਂ ਫਿਰ ਚੱਲ ਪਿਆ ਹੈ। (ਵਿਘਨ) (ਸ਼ੋਰ) ਮੈਂ ਹਾਲੇ ਚੰਨੀ ਸਾਹਿਬ ਦਾ ਜਵਾਬ ਤਾਂ ਦੇ ਦਿਆਂ। (ਵਿਘਨ) (ਸ਼ੋਰ) ਮੈਂ ਇੱਕ ਬੇਨਤੀ ਕਰਾਂ.... (ਵਿਘਨ) (ਸ਼ੋਰ) ਮੇਰੀ ਬੇਨਤੀ ਹੈ ਕਿ ਲੀਡਰ ਆਫ ਦਿ ਆਪੋਜ਼ੀਸ਼ਨ ਦੀ ਕੁਰਸੀ ਪਿੱਛੇ ਭਾਊ ਨੂੰ ਦੇ ਦਿੱਤੀ ਜਾਵੇ, ਉਸ ਨੇ ਹਟਣਾ ਨਹੀਂ। (ਵਿਘਨ) (ਸ਼ੋਰ) ਮੈਂ ਹਾਲੇ ਲੀਡਰ ਆਫ ਦਿ ਆਪੋਜ਼ੀਸ਼ਨ ਨਾਲ ਗੱਲ ਕਰ ਰਿਹਾ ਹਾਂ....

**ਸਰਦਾਰ ਕੁਲਜੀਤ ਸਿੰਘ ਨਾਗਰਾ :** ਤੁਸੀਂ ਨੀਅਤ ਸਾਫ ਕਰੋ। ਹਰ ਗੱਲ ਨੂੰ ਇੱਧਰ-ਉਧਰ ਲੈ ਜਾਂਦੇ ਹੋ।

**Mr. Speaker :** Silence please.

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਪੰਜਾਬੀ ਵਿੱਚ ਗੱਲ ਕਰ ਰਿਹਾ ਹਾਂ... (ਵਿਘਨ) (ਸ਼ੋਰ)

**ਮੰਤਰੀ :** ਮੈਨੂੰ ਪਤਾ ਹੈ ਕਿ ਪੰਜਾਬੀ ਵਿੱਚ ਗੱਲ ਕਰ ਰਿਹਾ ਹੈਂ, ਮੈਨੂੰ ਪਤਾ ਹੈ ਕਿ ਤੁਹਾਨੂੰ ਅੰਗਰੇਜ਼ੀ ਨਹੀਂ ਸਮਝ ਆਉਂਦੀ। (ਵਿਘਨ) (ਸ਼ੋਰ) 20 ਸਾਲ ਯੂਨੀਵਰਸਿਟੀ ਲਗਾ ਦਿੱਤੇ ਪਰ ਇਹ ਗੱਲ ਵੱਖਰੀ ਹੈ ਕਿ ਅੰਗਰੇਜ਼ੀ ਨਹੀਂ ਸਮਝ ਆਉਂਦੀ। ਮੈਂ ਪੰਜਾਬੀ ਵਿੱਚ ਦੱਸ ਦਿੰਦਾ ਹਾਂ। (ਵਿਘਨ) (ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ :** ਮੈਂ ਪੰਜਾਬ ਯੂਨੀਵਰਸਿਟੀ ਦਾ ਪੜ੍ਹਿਆ ਹੋਇਆ ਹਾਂ।

**ਮੰਤਰੀ :** ਸਪੀਕਰ ਸਾਹਿਬ, ਸਾਡਾ ਵੱਡਾ ਭਰਾ ਬੜਾ ਨਟਖਟ ਬੰਦਾ ਹੈ।

**Mr. Speaker :** Silence please. Please sit down.

**ਮੰਤਰੀ :** ਸਪੀਕਰ ਸਾਹਿਬ, ਬੇਨਤੀ ਹੈ ਕਿ ਸਵਾਲ ਬੜਾ ਸਿੱਧਾ ਜਿਹਾ ਸੀ ਕਿ ਤੁਸੀਂ ਨੰਬਰਦਾਰੀ ਨੂੰ ਜੱਦੀ-ਪੁਸ਼ਤੀ ਕਰੋਗੇ ਕਿ ਨਹੀਂ ਕਰੋਗੇ। ਮੈਂ ਇਸ ਸਬੰਧੀ ਐਡਵੋਕੇਟ ਜਨਰਲ ਦੀ ਸਲਾਹ ਲਈ ਹੋਈ ਹੈ, ਇਸ ਵਿੱਚ ਹਾਈ ਕੋਰਟ ਦਾ ਫੈਸਲਾ ਆਇਆ ਹੋਇਆ ਹੈ। ਹਾਈਕੋਰਟ ਦਾ ਫੈਸਲਾ ਸਾਲ 2000 ਵਿੱਚ ਆਇਆ ਹੈ ਅਤੇ ਇਸ ਨੂੰ ਕਿਸੇ ਨੇ ਚੈਲੰਜ ਨਹੀਂ ਕੀਤਾ। ਮੈਂ ਫਿਰ ਇਸ ਹੱਦ ਤੱਕ ਵੀ ਗਿਆ ਕਿ ਸਾਰੇ ਹਿੰਦੁਸਤਾਨ ਵਿੱਚ ਜੇ ਕਿਤੇ ਵੀ ਇਸ ਤਰ੍ਹਾਂ ਦਾ ਸਿਸਟਮ ਹੈ ਤਾਂ ਦੇਖ ਲਵਾਂਗੇ। ਮੇਰੇ ਕੋਲ ਨੰਬਰਦਾਰ ਯੂਨੀਅਨ ਆਈ ਅਤੇ ਉਨ੍ਹਾਂ ਨੇ ਹਰਿਆਣਾ ਦੀ ਉਦਾਹਰਨ ਦਿੱਤੀ। ਅਸੀਂ ਹਰਿਆਣਾ ਸਰਕਾਰ ਤੋਂ ਪਤਾ ਕੀਤਾ, ਉਥੇ ਵੀ ਕੋਈ ਜੱਦੀ-ਪੁਸ਼ਤੀ ਕੰਮ ਨਹੀਂ ਸੀ। (ਵਿਘਨ) (ਸ਼ੋਰ) ਇੱਕ ਮੋਟੀ-ਮੋਟੀ ਗੱਲ ਚੱਲ ਰਹੀ ਸੀ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਫਿਰ ਜਦੋਂ ਬਾਦਲ ਸਾਹਿਬ ਚੱਪੜਚਿੜੀ ਆਏ ਸੀ, ਉਦੋਂ ਕਿਉਂ ਕਹਿ ਕੇ ਗਏ ਸਨ? (ਵਿਘਨ) (ਸ਼ੋਰ)

**ਮੰਤਰੀ :** ਹੁਣ ਜੇ ਪੰਜਾਬ ਵਿਧਾਨ ਸਭਾ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਲੀਗਲ ਸਲਾਹ ਨਹੀਂ ਮੰਨੇਗੀ ਤਾਂ ਫਿਰ ਜਿਵੇਂ ਤੁਹਾਡੀ ਸਲਾਹ....

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਹਾਈ ਕੋਰਟ ਦਾ ਫੈਸਲਾ ਇਹ ਕਹਿ ਰਿਹਾ ਹੈ ਕਿ ਜੇਕਰ ਤੁਸੀਂ ਇਹ ਕੰਡੀਸ਼ਨ ਲਗਾ ਦਿਉ ਕਿ ਉਨ੍ਹਾਂ ਦੇ ਬੱਚਿਆਂ ਨੂੰ ਪਹਿਲ ਦੇਣੀ ਹੈ ਤਾਂ ਤੁਸੀਂ ਪਹਿਲ ਦੇ ਸਕਦੇ ਹੋ ਨਹੀਂ ਤਾਂ ਤੁਸੀਂ ਕਿਸੇ ਨੂੰ ਵੀ ਦੇ ਦਿਉ। ਇਹ ਬੱਸ ਇਹ ਕਹਿ ਦੇਣ ਕਿ ਉਨ੍ਹਾਂ ਨੂੰ ਜੱਦੀ-ਪੁਸ਼ਤੀ ਪਹਿਲ ਦਿੱਤੀ ਜਾਵੇਗੀ।

ਸਪੀਕਰ ਸਾਹਿਬ, ਮੇਰੀ ਇੱਕ ਬੇਨਤੀ ਹੋਰ ਹੈ ਕਿ ਜੇਕਰ ਤਾਂ ** ** (ਵਿਘਨ) (ਸ਼ੋਰ) ** **

**ਮਾਨਯੋਗ ਸਪੀਕਰ :** ਨਹੀਂ ਜੀ। Not to be recorded. (ਵਿਘਨ) (ਸ਼ੋਰ)

---

** Not recorded as ordered by the Chair.

**ਮੰਤਰੀ :** ਸਪੀਕਰ ਸਾਹਿਬ, ਇੱਕ ਗੀਤ ਵਿੱਚ ਜ਼ਿਕਰ ਆਉਂਦਾ ਹੈ ** ** (ਵਿਘਨ) (ਸ਼ੋਰ)

**Mr. Speaker :** Not to be recorded. (ਵਿਘਨ) (ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਸੰਜੀਦਗੀ ਨਾਲ ਵਿਚਾਰ ਕੇ ਬਿਲ ਲਿਆਉਣ। ਕੀ ਵਿਧਾਨ ਸਭਾ/ਅਸੰਬਲੀ ਹਾਈ ਕੋਰਟ ਨੂੰ ਓਵਰਰੂਲ ਨਹੀਂ ਕਰ ਸਕਦੀ? ਕੀ ਅਸੰਬਲੀ ਕੋਲ ਪਾਵਰ ਨਹੀਂ ਹੈ। ਜੇਕਰ ਸਾਡੇ ਲੋਕਾਂ ਨਾਲ ਅਨਿਆਂ ਹੋ ਰਿਹਾ ਹੈ ਤਾਂ ਕੀ ਜਿਹੜੇ ਅਸੀਂ ਚੁਣ ਕੇ ਇੱਥੇ ਆਏ ਹਾਂ, ਸਾਡਾ ਕੋਈ ਫਰਜ਼ ਨਹੀਂ ਬਣਦਾ? ਜੇਕਰ ਪੰਜਾਬ ਵਿੱਚ ਨੰਬਰਦਾਰਾਂ ਨੂੰ ਇਨਸਾਫ ਨਹੀਂ ਮਿਲ ਸਕਦਾ ਤਾਂ ਕਿਸ ਨੂੰ ਮਿਲੇਗਾ?

**ਮੰਤਰੀ :** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਤਾਂ ਘਰੋਂ ਹੀ ਮਨ ਬਣਾ ਕੇ ਆਏ ਹਨ ਕਿ ਜੋ ਮਰਜ਼ੀ ਹੋ ਜਾਵੇ ...(ਵਿਘਨ)। ਇਹ ਹਾਈ ਕੋਰਟ ਦੇ ਫੈਸਲੇ ਨੂੰ ਮੰਨਦੇ ਹਨ ਕਿ ਨਹੀਂ ਮੰਨਦੇ? (ਵਿਘਨ) (ਸ਼ੋਰ) ਇੱਕ ਮਿੰਟ ਲਈ ਮੇਰੀ ਬੇਨਤੀ ਸੁਣ ਲਉ ਜੀ। ਠੀਕ ਹੈ, ਤੁਸੀਂ ਆਪਣੀ ਹਾਜ਼ਰੀ ਲਗਵਾਉਣੀ ਹੈ। ਪਿਛਲੀ ਵਾਰੀ ਵੀ ਤੁਸੀਂ ਲਗਵਾਈ ਸੀ ਐਤਕੀਂ ਵੀ ਲਗਵਾ ਦਿਉਗੇ, ਕੋਈ ਫਰਕ ਨਹੀਂ ਹੈ।

ਸਪੀਕਰ ਸਾਹਿਬ, ਇਨ੍ਹਾਂ ਨੇ ਇੱਕ ਸਵਾਲ ਪੁੱਛਿਆ ਹੈ ਕਿ ਕੀ ਨੰਬਰਦਾਰੀ ਨੂੰ hereditary ਕਰ ਸਕਦੇ ਹੋ ਕਿ ਨਹੀਂ ਕਰ ਸਕਦੇ? ਮੈਂ ਉਸ ਦਾ ਸਿੱਧਾ-ਸਿੱਧਾ ਜਵਾਬ ਦਿੱਤਾ ਹੈ ਕਿ ਇਸ ਸਬੰਧ ਵਿੱਚ ਕੋਰਟ ਵਿੱਚ ਕਿਹੜੀ ਸਿਵਲ ਰਿੱਟ ਪਟੀਸ਼ਨ ਦਾਇਰ ਹੋਈ ਸੀ ਅਤੇ ਜੱਜ ਸਾਹਿਬ ਦਾ ਕੀ ਫੈਸਲਾ ਸੀ, ਇਹ ਸਭ ਦੱਸ ਚੁੱਕਿਆ ਹਾਂ। ਇਹ ਲਾਅ ਦੀ ਗੱਲ ਹੈ (ਵਿਘਨ) (ਸ਼ੋਰ) ਇਹ ਅਨਕਾਂਸਟੀਚਿਊਸ਼ਨਲ ਗੱਲਾਂ ਇੱਥੇ ਕਰਵਾਉਣਾ ਚਾਹੁੰਦੇ ਹਨ। ਇਹ ਤੁਸੀਂ ਫੈਸਲਾ ਕਰ ਲਉ ਜੀ। ਇਹ ਸਾਲ 2000 ਦਾ ਫੈਸਲਾ ਹੈ, ਇਨ੍ਹਾਂ ਦੀ ਸਰਕਾਰ ਲੰਘ ਕੇ ਗਈ, ਕੀ ਇਨ੍ਹਾਂ ਨੇ ਆਪਣੇ ਸਮੇਂ ਦੌਰਾਨ ਫੈਸਲਾ ਲਿਆ ? Because it was illegal and they could not do it, now suddenly they want to raise a different point here. That's why ਮੈਂ ਕਹਿੰਦਾ ਹਾਂ ਕਿ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕੰਮ ਕੀਤਾ ਜਾਵੇ। ਅਸੀਂ ਆਪ ਇਸ ਗੱਲ ਤੇ

** Not recorded as ordered by the Chair.

ਚਿੰਤਿਤ ਸੀ, ਅਸੀਂ ਆਪ ਵੀ ਇਹ ਕੰਮ ਕਰਨਾ ਚਾਹੁੰਦੇ ਸੀ। ਮੇਰੇ ਕੋਲ ਜਦੋਂ ਯੂਨੀਅਨ ਵਾਲੇ ਆਏ, ਉਨ੍ਹਾਂ ਨੇ ਹਰਿਆਣੇ ਦੀ ਗੱਲ ਦਾ ਜ਼ਿਕਰ ਕੀਤਾ ਪਰ ਹਰਿਆਣੇ ਵਿੱਚ ਕੋਈ ਇਹੋ ਜਿਹਾ ਫੈਸਲਾ ਨਹੀਂ ਹੋਇਆ। ਫਿਰ ਐਡਵੋਕੇਟ ਜਨਰਲ ਸਾਹਿਬ ਦੀ ਐਡਵਾਈਸ ਵੀ ਹੋਈ ਸੀ, ਫਿਰ ਦੱਸੋ ਕਿ ਕਿਵੇਂ ਕਰ ਦੇਈਏ?

**ਸਰਦਾਰ ਕੁਲਜੀਤ ਸਿੰਘ ਨਾਗਰਾ:** ਫਿਰ ਚੱਪੜਚਿੜੀ ਵਿੱਚ ਬਾਦਲ ਸਾਹਿਬ ਨੇ ਕਿਉਂ ਕਿਹਾ ਸੀ ** **।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

**Mr. Speaker:** Next question. Not to be recorded. This is not Zero Hour.

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਇਸ ਮਸਲੇ ਨਾਲ ਸਬੰਧਿਤ ਮੇਰਾ ਇੱਕ ਪ੍ਰਸ਼ਨ ਹੈ। ਜਦੋਂ ਮਾਨਯੋਗ ਮੰਤਰੀ ਸਾਹਿਬ ਆਏ ਸਨ ਤਾਂ ਉਨ੍ਹਾਂ ਨੂੰ ਯੂਨੀਅਨ ਵਾਲੇ ਮਿਲਣ ਆਏ, ਉਨ੍ਹਾਂ ਨੇ ਇੱਕ ਸਵਾਲ ਪੁੱਛਿਆ ਸੀ। ਮੰਨ ਲਓ ਮੈਂ ਇੱਕ ਉਦਾਹਰਨ ਦਿੰਦਾ ਹਾਂ, ਜਿਹੜੇ ਨੰਬਰਦਾਰ ਹਨ, ਉਹ ਵੈਰੀਫਾਈ ਕਰਦੇ ਹਨ ਕਿ ਇਹ ਹੀ ਸੁਨੀਲ ਜਾਖੜ ਹੈ। ਉਹ ਸਿਰਫ ਉਸ ਦੀ ਪਹਿਚਾਣ ਦੇ ਗਵਾਹ ਹੁੰਦੇ ਹਨ ਪਰ ਜਦੋਂ ਕੋਈ ਫਰਾਡ ਦਾ ਕੇਸ ਹੋ ਜਾਂਦਾ ਹੈ ਜਾਂ ਕੋਈ ਵਾਰਦਾਤ ਹੋ ਜਾਂਦੀ ਹੈ ਤਾਂ ਉਸ ਵਿੱਚ ਉਨ੍ਹਾਂ ਨੰਬਰਦਾਰਾਂ ਨੂੰ ਵੀ ਪਾਰਟੀ ਬਣਾ ਲਿਆ ਜਾਂਦਾ ਹੈ ਜਦੋਂ ਕਿ ਨੰਬਰਦਾਰ ਅਜਿਹਾ ਕੁਝ ਵੈਰੀਫਾਈ ਨਹੀਂ ਕਰਦੇ ਕਿ ਇਹ ਜ਼ਮੀਨ ਇਸ ਬੰਦੇ ਦੀ ਹੈ, ਇਸ ਦੀ ਇੰਨੀ ਇਨਕਮ ਹੈ ਅਤੇ ਇਹ ਫਲਾਣੇ ਪਿੰਡ ਦਾ ਰਹਿਣ ਵਾਲਾ ਹੈ। ਇਹ ਸਭ ਕੁਝ ਦੇ ਬਾਵਜੂਦ ਵੀ ਨੰਬਰਦਾਰਾਂ ਨੂੰ ਹੀ ਕੇਸ ਵਿਚ ਘਸੀਟਿਆ ਜਾਂਦਾ ਹੈ। ਕੀ ਮੰਤਰੀ ਜੀ ਇਸ ਦੇ ਵਾਸਤੇ ਕੋਈ ਹੱਲ ਕੰਸੀਡਰ ਕਰਨਗੇ, would you bring some provision to safeguard him from litigation?

**ਮਾਨਯੋਗ ਸਪੀਕਰ:** ਇਸ ਦਾ ਇਸ ਸਵਾਲ ਨਾਲ ਕੋਈ ਕੁਨੈਕਸ਼ਨ ਨਹੀਂ ਹੈ। Please sit down.

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਅਸੀਂ ਵਿਧਾਨ ਸਭਾ ਵਿੱਚ 18 ਦਿਨਾਂ ਲਈ ਮਿਲਦੇ ਹਾਂ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਪਲੀਜ਼ ਮੈਨੂੰ ਸਵਾਲ ਪੁੱਛਣ ਦਿਓ।

---

** Not recorded as ordered by the Chair.

**ਮਾਨਯੋਗ ਸਪੀਕਰ:** ਤੁਹਾਡੀ ਸਪਲੀਮੈਂਟਰੀ ਦਾ ਪ੍ਰਸ਼ਨ ਨਾਲ ਸਬੰਧ ਹੀ ਨਹੀਂ ਹੈ। ਮਜੀਠੀਆ ਸਾਹਿਬ, ਤੁਸੀਂ ਵੀ ਬੈਠੋ।

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਪੁੱਛਿਆ ਹੈ ਤੇ ਮੈਂ ਇਨ੍ਹਾਂ ਨੂੰ ਦੱਸ ਦਿੰਦਾ ਹਾਂ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਜੇਕਰ ਮੰਤਰੀ ਸਾਹਿਬ ਜਵਾਬ ਦੇ ਰਹੇ ਹਨ ਤਾਂ ਪਲੀਜ਼ ਉਨ੍ਹਾਂ ਨੂੰ ਦੇਣ ਦਿਓ।

**ਮੰਤਰੀ :** ਜਾਖੜ ਸਾਹਿਬ, with all due respect, ਅਸੀਂ ਤੁਹਾਡਾ ਬਹੁਤ ਮਾਣ ਸਤਿਕਾਰ ਕਰਦੇ ਹਾਂ। ਕਈ ਬੰਦੇ ਤਾਂ ਐਵੇਂ ਹੀ ਗੱਲ ਕਰ ਜਾਂਦੇ ਹਨ ਪਰ ਤੁਹਾਡੀ ਗੱਲ ਡੂੰਘੀ ਅਤੇ ਸਿਆਣੀ ਹੁੰਦੀ ਹੈ। ਲੀਗਲੀ ਫਰੇਮ ਵਰਕ ਦੇ ਅੰਦਰ ਜੋ ਕੰਮ ਹੋ ਸਕਦਾ ਹੈ, ਤੁਸੀਂ ਜੋ ਸਲਾਹ ਦਿਓਗੇ, ਉਸ ਸਬੰਧੀ ਮੈਂ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਜੋ ਕਰ ਸਕਦੇ ਹਾਂ, ਜ਼ਰੂਰ ਕਰਾਂਗੇ। ਮਗਰ ਮੁੱਢਲੀ ਗੱਲ ਦਾ ਜਵਾਬ ਮੈਂ ਦੇਣਾ ਚਾਹੁੰਦਾ ਹਾਂ ਕਿ ਕਿਸੇ ਸਪੈਸੀਫਿਕ ਕੇਸ ਵਿੱਚ if you have a good suggestion, ਮੈਂ ਉਸ ਨੂੰ ਸੁਣਨ ਨੂੰ ਵੀ ਤਿਆਰ ਹਾਂ ਤੇ ਉਸ ਤੇ ਅਮਲ ਕਰਵਾਉਣ ਲਈ ਵੀ ਤਿਆਰ ਹਾਂ । (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਇਹ ਕੋਈ ਜ਼ੀਰੋ ਆਵਰ ਤਾਂ ਹੈ ਨਹੀਂ। ਤੁਸੀਂ ਸਿਆਣੇ ਬੰਦੇ ਹੋ। ਪਲੀਜ਼ ਬੈਠ ਜਾਓ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸਪੀਕਰ ਸਾਹਿਬ, ਤੁਸੀਂ ਬਾਕੀਆਂ ਦੇ ਪ੍ਰਸ਼ਨ ਵੀ ਪੁੱਛ ਲਓ। ਬਾਕੀ ਮੈਂਬਰ ਵੀ ਬੈਠੇ ਹਨ। ਇਨ੍ਹਾਂ ਦੇ ਵੀ ਮੈਂਬਰ ਰਹਿੰਦੇ ਹਨ, ਜਿਨ੍ਹਾਂ ਨੇ ਪ੍ਰਸ਼ਨ ਅਜੇ ਪੁੱਛਣੇ ਹਨ।

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਮੇਰੀ ਗੱਲ ਸੁਣੋ ਜੀ। ਤੁਸੀਂ ਕੁਐਸਚਨ ਆਵਰ ਵਧਾ ਲੈਣਾ। ਇਹ ਇਸ਼ੂ ਬੜਾ ਸੈਂਸੇਟਿਵ ਹੈ, ਇਨ੍ਹਾਂ ਨੰਬਰਦਾਰਾਂ ਬਾਰੇ ਜ਼ਰੂਰ ਕੁਝ ਕਰੋ।

**ਮਾਨਯੋਗ ਸਪੀਕਰ:** ਇਹ ਕੋਈ ਜ਼ੀਰੋ ਆਵਰ ਨਹੀਂ ਹੈ। ਅਗਲਾ ਪ੍ਰਸ਼ਨ ਗੋਬਿੰਦ ਸਿੰਘ ਲੌਂਗੋਵਾਲ ਜੀ।

-------------

## ਹਲਕਾ ਧੂਰੀ ਵਿੱਚ ਸੀਵਰੇਜ ਦੇ ਨਿਕਾਸ ਲਈ ਪ੍ਰਾਪਤ ਹੋਈ ਗਰਾਂਟ

*2537. **ਸਰਦਾਰ ਗੋਬਿੰਦ ਸਿੰਘ ਲੌਂਗੋਵਾਲ:** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸਾਲ 2014-15 ਦੌਰਾਨ ਹਲਕਾ ਧੂਰੀ ਵਿੱਚ ਸੀਵਰੇਜ ਦੇ ਗੰਦੇ ਪਾਣੀ ਦੇ ਨਿਕਾਸ ਦੀ ਸਕੀਮ ਅਧੀਨ ਪੰਚਾਇਤੀ ਰਾਜ ਵਿਭਾਗ ਵਲੋਂ ਕਿੰਨੀ ਗਰਾਂਟ ਪ੍ਰਾਪਤ ਹੋਈ ਹੈ ਅਤੇ ਉਸ ਵਿਚੋਂ ਕਿੰਨੀ ਰਕਮ ਕਿਹੜੇ-ਕਿਹੜੇ ਪਿੰਡ ਵਿੱਚ ਖਰਚ ਕੀਤੀ ਗਈ ਹੈ, ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਸਿਕੰਦਰ ਸਿੰਘ ਮਲੂਕਾ:** ਸ਼੍ਰੀਮਾਨ ਜੀ, ਵਿਧਾਨ ਸਭਾ ਹਲਕਾ ਧੂਰੀ ਵਿੱਚ ਸਾਲ 2014-15 ਦੌਰਾਨ ਗੰਦੇ ਪਾਣੀ ਦੇ ਨਿਕਾਸ ਸਬੰਧੀ ਕੁੱਲ 210.60 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਸੀ, ਜਿਸ ਦਾ ਵਿਸਥਾਰਪੂਰਵਕ ਵੇਰਵਾ ਨਾਲ ਨੱਥੀ ਅਨੁਲੱਗ "ੳ" ਵਿੱਚ ਦਿੱਤਾ ਗਿਆ ਹੈ।

### ਅਨੁਲੱਗ "ੳ"

ਸਾਲ 2014-15 ਦੌਰਾਨ ਹਲਕਾ ਧੂਰੀ ਵਿਖੇ ਗੰਦੇ ਪਾਣੀ ਦੇ ਨਿਕਾਸ ਸਬੰਧੀ ਕੰਮ ਦੀ ਰਿਪੋਰਟ

ਰਕਮ ਲੱਖਾਂ ਵਿੱਚ

| ਲੜੀ ਨੰ: | ਬਲਾਕ ਦਾ ਨਾਮ | ਪਿੰਡ ਦਾ ਨਾਮ | ਕੰਮ ਦਾ ਨਾਮ | ਪ੍ਰਾਪਤ ਰਾਸ਼ੀ | ਖਰਚ ਕੀਤੀ ਰਾਸ਼ੀ | ਵਿਸ਼ੇਸ਼ ਕਥਨ |
|---|---|---|---|---|---|---|
| 1 | ਧੂਰੀ | ਪਲਾਸੌਰ | ਗੰਦੇ ਪਾਣੀ ਦਾ ਨਿਕਾਸ | 15.00 | 15.00 | ਕੰਮ ਮੁਕੰਮਲ ਹੈ। |
| 2 | ਧੂਰੀ | ਭੁਲਰਹੇੜੀ | -ਉਕਤ- | 12.50 | 12.50 | ਕੰਮ ਮੁਕੰਮਲ ਹੈ। |
| 3 | ਧੂਰੀ | ਕੋਲਸੇੜੀ | -ਉਕਤ- | 12.50 | 12.50 | ਕੰਮ ਮੁਕੰਮਲ ਹੈ। |
| 4 | ਧੂਰੀ | ਦੁੱਗਨੀ | -ਉਕਤ- | 12.80 | 12.80 | ਕੰਮ ਮੁਕੰਮਲ ਹੈ। |
| 5 | ਸ਼ੇਰਪੁਰ | ਈਸਪੁਰ | -ਉਕਤ- | 12.00 | 12.00 | ਪਾਈਪ ਲਾਈਨ ਦਾ ਕੰਮ ਮੁਕੰਮਲ ਹੈ। ਪੰਚਾਇਤ ਵੱਲੋਂ ਪੰਚਾਇਤੀ ਜ਼ਮੀਨ ਵਿੱਚ ਟੋਭੇ ਦੀ ਪੁਟਾਈ ਕੀਤੀ ਜਾਣੀ ਬਾਕੀ ਹੈ। |

[ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ]

| | | | | | | |
|---|---|---|---|---|---|---|
| 6 | ਸ਼ੇਰਪੁਰ | ਕਲੇਰਾਂ | –ਉਕਤ– | 12.00 | 12.00 | ਕੰਮ 90% ਮੁਕੰਮਲ ਹੈ, ਪੰਪਿੰਗ ਪ੍ਰਬੰਧ ਲਈ ਮੋਟਰ ਲਗਾਉਣੀ ਰਹਿੰਦੀ ਹੈ |
| 7 | ਸ਼ੇਰਪੁਰ | ਕਾਤਰੋਂ | –ਉਕਤ– | 20.00 | 20.00 | ਕੰਮ ਮੁਕੰਮਲ ਹੈ। |
| 8 | ਸ਼ੇਰਪੁਰ | ਮੂਲੋਵਾਲ | –ਉਕਤ– | 20.80 | 20.80 | ਕੰਮ ਮੁਕੰਮਲ ਹੈ। |
| 9 | ਸ਼ੇਰਪੁਰ | ਸੁਲਤਾਨਪੁਰ | –ਉਕਤ– | 12.00 | 12.00 | ਕੰਮ ਮੁਕੰਮਲ ਹੈ। |
| 10 | ਧੂਰੀ | ਮਾਨਵਾਲਾ | –ਉਕਤ– | 20.00 | 20.00 | ਕੰਮ ਮੁਕੰਮਲ ਹੈ। |
| 11 | ਧੂਰੀ | ਹਸਨਪੁਰ | –ਉਕਤ– | 8.00 | 0.00 | ਰਾਸ਼ੀ ਪੰਚਾਇਤ ਨੂੰ ਜਾਰੀ ਕੀਤੀ ਜਾ ਚੁੱਕੀ ਹੈ। |
| 12 | ਧੂਰੀ | ਭੋਜੋਵਾਲੀ | –ਉਕਤ– | 8.00 | 8.00 | ਕੰਮ ਮੁਕੰਮਲ ਹੈ। |
| 13 | ਧੂਰੀ | ਰਾਜੋਮਾਜਰਾ | –ਉਕਤ– | 12.80 | 12.80 | ਪਾਈਪ ਲਾਈਨ ਦਾ ਕੰਮ ਮੁਕੰਮਲ ਹੈ। ਪਾਣੀ ਦਾ ਨਿਕਾਸ ਕੀਤਾ ਜਾ ਰਿਹਾ ਹੈ। ਕੰਮ ਜਲਦੀ ਹੀ ਖਤਮ ਕਰ ਦਿੱਤਾ ਜਾਵੇਗਾ |
| 14 | ਧੂਰੀ | ਮੀਮਸ਼ਾ | –ਉਕਤ– | 19.20 | 19.20 | ਕੰਮ ਮੁਕੰਮਲ ਹੈ। |
| 15 | ਧੂਰੀ | ਦੋਹਲਾ | –ਉਕਤ– | 13.00 | 13.00 | 7.00 ਲੱਖ ਰੁਪਏ ਦੀ ਗ੍ਰਾਂਟ ਪੰਚਾਇਤ ਨੂੰ ਆਉਣੀ ਬਾਕੀ ਹੈ। |
| | | ਕੁੱਲ ਜੋੜ | | 210.60 | 202.60 | |

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ:** ਸਪੀਕਰ ਸਾਹਿਬ, ਇਹ ਗਰਾਂਟ ਦਿੱਤੀ ਨੂੰ ਇੱਕ ਸਾਲ ਹੋ ਗਿਆ ਹੈ ਲੇਕਿਨ ਇਨ੍ਹਾਂ ਵੱਲੋਂ ਜਿਹੜਾ ਵੇਰਵਾ ਦਿੱਤਾ ਗਿਆ ਹੈ, ਉਹ ਅਧੂਰਾ ਹੈ। ਮਹਿਕਮੇ ਵੱਲੋਂ ਸਹੀ ਵੇਰਵਾ ਨਹੀਂ ਦਿੱਤਾ ਗਿਆ। ਬਾਦਲ ਸਾਹਿਬ ਨੇ ਸੰਗਤ ਦਰਸ਼ਨ ਪ੍ਰੋਗਰਾਮ ਵਿੱਚ ਜਿਨ੍ਹਾਂ ਕੰਮਾਂ ਲਈ ਗਰਾਂਟ ਦਿੱਤੀ ਸੀ, ਉਹ ਕੰਮ ਅਜੇ ਤੱਕ ਮੁਕੰਮਲ ਨਹੀਂ ਹੋਏ ਪਰ ਇਸ ਜਵਾਬ ਵਿੱਚ ਲਿਖਿਆ ਹੈ ਕਿ ਕੰਮ ਮੁਕੰਮਲ ਹੋ ਗਏ ਹਨ। ਜਿਵੇਂ ਦੁਗਨੀ, ਕਲੇਰ, ਕਾਤਰੋਂ, ਰਾਜੋ ਮਾਜਰਾ ਪਿੰਡ ਹਨ, ਇਨ੍ਹਾਂ ਦੇ 50% ਕੰਮ ਪੈਂਡਿੰਗ ਹਨ, ਜਿਹੜੇ ਅਜੇ ਤੱਕ ਪੂਰੇ ਨਹੀਂ ਹੋਏ ਹਨ। ਸੋ, ਮੈਂ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਕਦੋਂ ਤੱਕ ਇਹ ਸਾਰੇ ਕੰਮ ਮੁਕੰਮਲ ਕਰਵਾ ਦਿੱਤੇ ਜਾਣਗੇ? ਕੀ ਇਸ ਦੀ ਇਨਕੁਆਇਰੀ

ਕਰਵਾਈ ਜਾਵੇਗੀ ਕਿ ਜਿਹੜੇ ਕੰਮ ਹੋਏ ਹਨ, ਇਹ ਸਹੀ ਤਰ੍ਹਾਂ ਹੋਏ ਹਨ?

**ਮੰਤਰੀ:** ਸਪੀਕਰ ਸਾਹਿਬ, 90% ਕੰਮ ਪੂਰੇ ਹੋ ਚੁੱਕੇ ਹਨ ਅਤੇ 10% ਕੰਮ ਰਹਿੰਦੇ ਹਨ। ਸਰਕਾਰ ਨੇ ਤਾਂ ਗਰਾਂਟ ਦੇਣੀ ਹੁੰਦੀ ਹੈ। ਜੇ ਕਿਤੇ ਕੋਈ ਗਰਾਂਟ ਨਹੀਂ ਪਹੁੰਚੀ ਤਾਂ ਉਹ ਦੇ ਦਿੱਤੀ ਜਾਵੇਗੀ। ਕਿਉਂਕਿ 90% ਕੰਮ ਪੂਰੇ ਹੋ ਚੁੱਕੇ ਹਨ ਅਤੇ ਬਾਕੀ ਤਾਂ ਲੋਕਲ ਲੈਵਲ ਤੇ ਇਨ੍ਹਾਂ ਨੇ ਹੀ ਕੰਮ ਕਰਵਾਉਣੇ ਹਨ, ਇਨ੍ਹਾਂ ਨੇ ਹੀ ਉਥੇ ਅਫਸਰਾਂ ਤੋਂ ਕਰਵਾਉਣੇ ਹਨ । ਅਸੀਂ ਤਾਂ ਉਸ ਵਿੱਚ ਕੁਝ ਕਰਨਾ ਨਹੀਂ ।

**ਸਰਦਾਰ ਗੋਬਿੰਦ ਸਿੰਘ ਲੌਂਗੋਵਾਲ :** ਸਪੀਕਰ ਸਾਹਿਬ, ਇਹ ਸਾਰੇ ਕੰਮ ਪੰਚਾਇਤੀ ਰਾਜ ਵਿਭਾਗ ਵੱਲੋਂ ਹੋਣੇ ਹਨ। ਇਹ ਕੰਮ ਪੰਚਾਇਤਾਂ ਨਹੀਂ ਕਰਵਾ ਰਹੀਆਂ । ਇਹ ਕੰਮ ਪੰਚਾਇਤੀ ਰਾਜ ਵਿਭਾਗ ਕਰਵਾ ਰਿਹਾ ਹੈ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਕੰਮ ਮੁਕੰਮਲ ਨਹੀਂ ਹੋਏ, ਇਹ ਕੰਮ ਕਦੋਂ ਤੱਕ ਹੋ ਜਾਣਗੇ?

**ਮਾਨਯੋਗ ਸਪੀਕਰ :** ਮੰਤਰੀ ਜੀ, ਉਹ ਕਹਿ ਰਹੇ ਹਨ, ਇਹ ਕੰਮ ਪੰਚਾਇਤੀ ਰਾਜ ਨੇ ਕਰਵਾਉਣੇ ਹਨ, ਪੰਚਾਇਤਾਂ ਨਹੀਂ ਕਰਵਾ ਰਹੀਆਂ ।

**ਮੰਤਰੀ :** ਸਪੀਕਰ ਸਾਹਿਬ, ਪੰਚਾਇਤੀ ਰਾਜ ਵਿਭਾਗ ਵੀ ਇਨ੍ਹਾਂ ਦੀ ਮਰਜ਼ੀ ਨਾਲ ਹੀ ਕੰਮ ਕਰਵਾਉਂਦਾ ਹੈ। ਮੇਰੇ ਕੋਲ ਪਿੰਡ ਵਾਈਜ਼ ਡਿਟੇਲ ਹੈ ਕਿ ਕਿਹੜੇ ਪਿੰਡ ਦਾ ਕੰਮ ਮੁਕੰਮਲ ਹੋ ਗਿਆ ਹੈ ਤੇ ਕਿਹੜੇ ਦਾ ਨਹੀਂ ਹੋਇਆ । ਜੇ ਇਹ ਡਿਟੇਲ ਚਾਹੁੰਦੇ ਹਨ ਤਾਂ ਮੈਂ ਦੱਸ ਦਿੰਦਾ ਹਾਂ । ਮੈਂ ਇਹ ਵੀ ਵਿਸ਼ਵਾਸ ਦਿਵਾਉਂਦਾ ਹਾਂ ਕਿ ਤਿੰਨ ਮਹੀਨੇ ਦੇ ਵਿੱਚ ਵਿੱਚ ਸਾਰੇ ਕੰਮ ਮੁਕੰਮਲ ਕਰਵਾ ਦਿੱਤੇ ਜਾਣਗੇ ।

--------------

## ਮੁੱਲਾਂਪੁਰ ਦਾਖਾ ਵਿਖੇ ਨਵਾਂ ਬੱਸ ਸਟੈਂਡ ਬਣਾਉਣਾ

***2531. ਸਰਦਾਰ ਮਨਪ੍ਰੀਤ ਸਿੰਘ ਇਯਾਲੀ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੁੱਲਾਂਪੁਰ ਦਾਖਾ (ਜ਼ਿਲ੍ਹਾ ਲੁਧਿਆਣਾ) ਵਿਖੇ ਸੜਕ ਨੂੰ ਚੌੜੀ ਕਰਨ ਸਮੇਂ ਬੱਸ ਸਟੈਂਡ ਦੀ ਇਮਾਰਤ ਨੂੰ ਢਾਹ ਦਿੱਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇੱਥੇ ਨਵਾਂ ਬੱਸ ਸਟੈਂਡ ਕਦੋਂ ਤੱਕ ਉਸਾਰੇ ਜਾਣ ਦੀ ਤਜਵੀਜ਼ ਹੈ?

**ਸ਼੍ਰੀ ਅਨਿਲ ਜੋਸ਼ੀ :** ਇਹ ਸਹੀ ਹੈ ਕਿ ਮੁੱਲਾਂਪੁਰ ਦਾਖਾ (ਜ਼ਿਲ੍ਹਾ ਲੁਧਿਆਣਾ) ਵਿਖੇ ਸੜਕ ਨੂੰ ਚੌੜਾ ਕਰਨ ਸਮੇਂ ਬੱਸ ਸਟੈਂਡ ਨੂੰ ਢਾਹ ਦਿਤਾ ਗਿਆ ਸੀ। ਨਗਰ ਕੌਂਸਲ, ਮੁੱਲਾਂਪੁਰ ਦਾਖਾ ਵਲੋਂ ਹਾਲ ਦੀ ਘੜੀ ਨਵਾਂ ਬੱਸ ਸਟੈਂਡ ਬਣਾਉਣ ਸਬੰਧੀ ਕੋਈ ਵੀ ਮਤਾ ਪਾਸ ਨਹੀਂ ਕੀਤਾ ਗਿਆ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਜੋ ਫਿਰੋਜ਼ਪੁਰ ਸੜਕ ਹੈ, ਇਹ ਫੋਰ ਲੇਨ ਹੋ ਰਹੀ ਹੈ ਅਤੇ ਮੁੱਲਾਂਪੁਰ ਵਿਖੇ ਫਲਾਈ ਓਵਰ ਵੀ ਬਣ ਰਿਹਾ ਹੈ । ਇਸ ਕਰਕੇ ਉਥੇ ਬੱਸ ਸਟੈਂਡ ਨੂੰ ਢਾਹ ਦਿੱਤਾ ਗਿਆ ਸੀ । ਲੇਕਿਨ ਸੈਂਕੜੇ ਲੋਕ ਰੋਜ਼ ਉਥੋਂ ਬੱਸਾਂ ਵਿੱਚ ਚੜ੍ਹਦੇ ਹਨ । ਇਸ ਲਈ ਉਥੇ ਜਗ੍ਹਾ ਦੀ ਸਮੱਸਿਆ ਸੀ । ਸਾਡੇ ਮੁੱਲਾਂਪੁਰ ਵਿੱਚ ਇੱਕ ਪਸ਼ੂ ਹਸਪਤਾਲ ਬਣਿਆ ਸੀ ਅਤੇ ਉਸ ਨੂੰ ਦਾਖਾ ਪਿੰਡ ਵਿੱਚ ਸ਼ਿਫਟ ਕਰ ਦਿੱਤਾ ਗਿਆ ਸੀ । ਲੋਕਾਂ ਨੂੰ ਉਥੇ ਸਮੱਸਿਆ ਆਉਂਦੀ ਸੀ ਪਰ ਹੁਣ ਪਸ਼ੂ ਹਸਪਤਾਲ ਦੀ ਬਿਲਡਿੰਗ ਬਣ ਚੁੱਕੀ ਹੈ । ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਅਸੀਂ ਪਸ਼ੂ ਹਸਪਤਾਲ ਵਾਲੀ ਜਗ੍ਹਾ ਬੱਸ ਸਟੈਂਡ ਲਈ ਦੇ ਦੇਈਏ ਕਿਉਂਕਿ ਇਹ ਜਗ੍ਹਾ ਮੇਨ ਰੋਡ ਤੇ ਹੈ, ਕੀ ਮੰਤਰੀ ਜੀ ਉਥੇ ਜਲਦੀ ਤੋਂ ਜਲਦੀ ਬੱਸ ਸਟੈਂਡ ਬਣਾਉਣ ਲਈ ਆਸ਼ਵਾਸਨ ਦੇਣਗੇ ?

**ਮੰਤਰੀ :** ਸਪੀਕਰ ਸਾਹਿਬ, ਇਹ ਜਗ੍ਹਾ ਜਿਹੜੇ ਵੀ ਡਿਪਾਰਟਮੈਂਟ ਦੀ ਹੈ, ਇਹ ਪਹਿਲਾਂ ਲੋਕਲ ਗੌਰਮਿੰਟ ਡਿਪਾਰਟਮੈਂਟ ਨੂੰ ਟਰਾਂਸਫਰ ਹੋਵੇਗੀ । ਮਿਊਂਸਿਪਲ ਕਮੇਟੀ ਇਸ ਦਾ ਮਤਾ ਪਾ ਕੇ ਅਤੇ ਐਸਟੀਮੇਟ ਬਣਾ ਕੇ ਸਾਨੂੰ ਭੇਜ ਦੇਵੇ। ਇਸ ਲਈ ਪਹਿਲਾਂ ਜਗ੍ਹਾ ਟਰਾਂਸਫਰ ਹੋ ਜਾਵੇਗੀ । ਸੀ.ਐਮ. ਸਾਹਿਬ ਬੈਠੇ ਹਨ, ਅਸੀਂ ਕਰਵਾ ਲਵਾਂਗੇ। ਇਹ ਬੱਸ ਸਟੈਂਡ ਬਹੁਤ ਜ਼ਰੂਰੀ ਹੈ । ਉਥੇ ਜ਼ਰੂਰਤ ਵੀ ਹੈ ਤੇ ਲੋਕਾਂ ਦੀ ਡਿਮਾਂਡ ਵੀ ਹੈ । ਇਸ ਕਰਕੇ ਇਹ ਐਸਟੀਮੈਟ ਬਣਾ ਕੇ, ਮਤਾ ਪਾ ਕੇ ਸਾਨੂੰ ਭੇਜ ਦੇਣ । ਪੈਸਿਆਂ ਦੀ ਕੋਈ ਦਿੱਕਤ ਨਹੀਂ ਹੈ। ਅਸੀਂ ਪੈਸੇ ਵੀ ਦੇ ਦਿਆਂਗੇ ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਧੰਨਵਾਦ ਜੀ ।

--------------

## ਪ੍ਰਾਈਵੇਟ ਕਾਲਜਾਂ, ਨਾਨ ਟੀਚਿੰਗ ਕਰਮਚਾਰੀ ਯੂਨੀਅਨ ਦੀਆਂ ਮੰਗਾਂ ਨੂੰ ਪੂਰਾ ਕਰਨਾ

***2568. ਸ਼੍ਰੀ ਰਾਕੇਸ਼ ਪਾਂਡੇ :** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪ੍ਰਾਈਵੇਟ ਕਾਲਜਾਂ ਨਾਨ-ਟੀਚਿੰਗ ਕਰਮਚਾਰੀ ਯੂਨੀਅਨ, ਪੰਜਾਬ ਦੀਆਂ ਕਾਫੀ ਲੰਮੇ ਸਮੇਂ ਤੋਂ ਪੈਂਡਿੰਗ ਪਈਆਂ ਮੰਗਾਂ ਅਜੇ ਵੀ ਸਰਕਾਰ ਦੇ ਵਿਚਾਰ ਅਧੀਨ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਵਾਰਨ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਗਏ ਹਨ ਅਤੇ ਉਨ੍ਹਾਂ ਦੇ ਕੀ ਨਤੀਜੇ ਨਿਕਲੇ ਹਨ?

**ਸਰਦਾਰ ਸੁਰਜੀਤ ਸਿੰਘ ਰੱਖੜਾ :** ਸ਼੍ਰੀਮਾਨ ਜੀ, ਪ੍ਰਾਈਵੇਟ ਕਾਲਜਾਂ ਦੇ ਨਾਨ-ਟੀਚਿੰਗ ਕਰਮਚਾਰੀਆਂ ਦੀਆਂ ਮੰਗਾਂ ਬਾਰੇ ਸਰਕਾਰ ਦਾ ਕੋਈ ਰੋਲ ਨਹੀਂ ਹੈ ਪ੍ਰੰਤੂ ਰਾਜ ਦੇ ਸਹਾਇਤਾ ਪ੍ਰਾਪਤ ਪ੍ਰਾਈਵੇਟ ਕਾਲਜਾਂ ਨਾਨ-ਟੀਚਿੰਗ ਕਰਮਚਾਰੀ ਯੂਨੀਅਨ ਦੀਆਂ ਮੰਗਾਂ ਸਰਕਾਰ ਦੇ ਵਿਚਾਰ ਅਧੀਨ ਹਨ। ਮੰਗਾਂ ਸਰਕਾਰ ਵੱਲੋਂ ਵਿਚਾਰੀਆਂ ਗਈਆਂ ਹਨ ਅਤੇ ਵੇਰਵਾ ਨਿਮਨ ਅਨੁਸਾਰ ਹੈ:

(1.) ਨਾਨ-ਟੀਚਿੰਗ ਸਟਾਫ ਦੀਆਂ 342 ਅਸਾਮੀਆਂ 3 ਸਾਲਾਂ ਵਿੱਚ ਭਰਨ ਲਈ ਮਿਤੀ 29 ਜਨਵਰੀ, 2016 ਨੂੰ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ।

(2.) ਨਾਨ-ਟੀਚਿੰਗ ਅਮਲੇ ਨੂੰ ਦਸੰਬਰ, 2011 ਤੋਂ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਮਿਤੀ 15.12.2011 ਦੇ ਅਨੁਸਾਰ ਸੋਧੇ ਸਕੇਲ ਦੇਣ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

(3.) ਮੈਡੀਕਲ ਭੱਤਾ, ਮਕਾਨ ਕਿਰਾਇਆ ਭੱਤਾ ਅਤੇ ਪ੍ਰਵੀਨਤਾ ਤਰੱਕੀ ਸਬੰਧੀ ਮੰਗਾਂ ਵਿਚਾਰਨ ਉਪਰੰਤ ਰੱਦ ਕੀਤੀਆਂ ਜਾ ਚੁੱਕੀਆਂ ਹਨ।

**ਸ਼੍ਰੀ ਰਾਕੇਸ਼ ਪਾਂਡੇ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਮੇਰੀ ਇਤਲਾਹ ਮੁਤਾਬਕ 1925 ਦੇ ਕਰੀਬ ਪੋਸਟਾਂ ਦੀ ਸੈਂਕਸ਼ਨ ਸਰਕਾਰ ਵੱਲੋਂ ਦਿੱਤੀ ਗਈ ਸੀ । 964 ਖਾਲੀ ਪੋਸਟਾਂ ਤਿੰਨ ਸਾਲਾਂ ਵਿੱਚ ਭਰਨ ਦਾ ਸਰਕਾਰ ਦਾ ਟੀਚਾ ਸੀ ਪਰ ਪਤਾ ਨਹੀਂ ਸਰਕਾਰ ਦੇ ਆਰਡਰ ਕਿਸ ਢੰਗ ਨਾਲ ਪੜ੍ਹੇ ਗਏ ਹਨ? ਮੰਤਰੀ ਸਾਹਿਬ ਕੇਵਲ ਪੋਸਟਾਂ ਵਾਸਤੇ ਹੀ ਜਵਾਬ ਦੇ ਰਹੇ ਹਨ । ਦੂਸਰਾ, ਮੈਂ ਜਾਣਨਾ ਚਾਹੁੰਦਾ ਹਾਂ ਕਿ ਜਿਹੜੀ ਨੋਟੀਫਿਕੇਸ਼ਨ ਕੰਸਿਡਰ ਕਰਨ ਦਾ ਮਾਮਲਾ

[ ਸ਼੍ਰੀ ਰਾਕੇਸ਼ ਪਾਂਡੇ ]

ਹੈ, ਕੀ ਮੰਤਰੀ ਜੀ ਜਲਦੀ ਤੋਂ ਜਲਦੀ ਇਸ ਤੇ ਕੰਸਿਡਰ ਕਰਨਗੇ ਅਤੇ ਉਨ੍ਹਾਂ ਦੀਆਂ ਡਿਮਾਂਡਜ਼ ਪੂਰੀਆਂ ਕੀਤੀਆਂ ਜਾਣਗੀਆਂ ?

**ਮੰਤਰੀ :** ਸਪੀਕਰ ਸਾਹਿਬ, ਉਨ੍ਹਾਂ ਨਾਲ ਕੱਲ੍ਹ ਹੀ ਮੀਟਿੰਗ ਕੀਤੀ ਹੈ । ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਮਸਲਾ ਛੇਤੀ ਹੱਲ ਹੋ ਜਾਵੇ ।

**Shri Sunil Jakhar :** Sorry to interrupt, ਜਿਹੜੀ ਮੰਤਰੀ ਸਾਹਿਬ ਨੇ ਕੱਲ੍ਹ ਮੀਟਿੰਗ ਬੁਲਾਈ ਹੈ, ਇਹ ਲੋਕ ਕੱਲ੍ਹ ਮੈਨੂੰ ਵੀ ਮਿਲ ਕੇ ਗਏ ਸੀ । ਉਨ੍ਹਾਂ ਨੂੰ ਬੁਲਾਇਆ ਗਿਆ, You are kind enough. ਉਨ੍ਹਾਂ ਨੂੰ ਪਤਾ ਸੀ ਕਿ ਸਵਾਲ ਲੱਗਿਆ ਹੈ ਤੇ ਤੁਸੀਂ ਉਨ੍ਹਾਂ ਨੂੰ ਬੁਲਾਇਆ। There was no official present there. ਤੁਸੀਂ ਉਨ੍ਹਾਂ ਨੂੰ ਬੁਲਾ ਕੇ, ਬਿਠਾ ਕੇ ਤੋਰ ਦਿੱਤਾ ਕਿ ਤੁਹਾਡਾ ਕੰਮ ਕਰਾਂਗੇ । ਉਨ੍ਹਾਂ ਲੋਕਾਂ ਨੂੰ ਬੁਲਾਇਆ ਗਿਆ। ਇਹ ਜਿਹੜੀ ਗੱਲ ਸਾਡੇ ਮਾਨਯੋਗ ਮੈਂਬਰ ਪਾਂਡੇ ਸਾਹਿਬ ਨੇ ਦੱਸੀ ਹੈ ਕਿ ਤਕਰੀਬਨ 900 ਭਰਤੀਆਂ ਤਿੰਨ ਸਾਲਾਂ ਦੇ ਅੰਦਰ ਹੋਈਆਂ ਸਨ, ਉਸ ਨੂੰ 1/3 ਕਰਕੇ ਕਹਿ ਦਿੱਤਾ ਕਿ ਇਹ ਤਿੰਨ ਸਾਲਾਂ ਵਿੱਚ ਭਰ ਦਿਓ। ਜਿਹੜਾ ਮਾਨਯੋਗ ਮੰਤਰੀ ਸਾਹਿਬ ਨੇ ਦੱਸਿਆ ਹੈ, ਉਨ੍ਹਾਂ ਦੀ ਜੈਨੂਅਨ ਡਿਮਾਂਡ ਹੈ। ਐਜੂਕੇਸ਼ਨ ਨਾਲ ਸਾਰਿਆਂ ਦਾ ਕੰਸਰਨ ਹੈ। ਅੱਜ ਮੇਨ ਕੰਸਰਨ ਹੀ ਐਜੂਕੇਸ਼ਨ ਦੀ ਕੁਆਲਿਟੀ ਨੂੰ ਲੈ ਕੇ ਹੈ, ਉਸ ਵਿੱਚ ਇਨ੍ਹਾਂ ਲੋਕਾਂ ਦਾ ਬੜਾ ਰੋਲ ਹੈ। ਪਲੀਜ਼, ਐਤਕੀਂ ਉਨ੍ਹਾਂ ਨੂੰ ਬੁਲਾ ਕੇ ਨਿਬੇੜਾ ਕਰਨ ਵਾਲਾ ਕੰਮ ਕਰਿਓ। ਕੱਲ੍ਹ ਉਨ੍ਹਾਂ ਦੀ ਮੀਟਿੰਗ ਵਿੱਚ ਕੀ ਹੋਇਆ, ਇਹ ਦੱਸ ਦਿਓ ਜੀ। Was there anybody present from your Ministry side?

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਠੀਕ ਕਹਿ ਰਹੇ ਹਨ। ਕੱਲ੍ਹ ਉਨ੍ਹਾਂ ਨੂੰ ਬੁਲਾਇਆ ਸੀ। ਉਦੋਂ ਆਫੀਸ਼ੀਅਲ ਉਥੇ ਹੈ ਨਹੀਂ ਸੀ ਕਿਉਂਕਿ ਉਹ ਲੇਟ ਆਏ ਸੀ। ਮੈਂ ਕੋਈ ਇੱਕ ਮੀਟਿੰਗ ਨਹੀਂ ਕੀਤੀ, ਘੱਟੋ-ਘੱਟ 7-8 ਮੀਟਿੰਗਾਂ ਵੱਖ-ਵੱਖ ਯੂਨੀਅਨਾਂ ਨਾਲ ਕੀਤੀਆਂ ਹਨ। ਸਾਰੇ ਆਫੀਸ਼ੀਅਲ ਉਦੋਂ ਆਏ ਸੀ। ਕਿਉਂਕਿ ਉਹ ਲੇਟ ਆਏ, ਤਦ ਨੂੰ ਇਹ ਚਲੇ ਗਏ ਸੀ। ਹੁਣ ਜਦੋਂ ਉਹ ਆਉਣਗੇ, ਜਦੋਂ ਵੀ ਮੈਂ ਬੁਲਾਉਂਦਾ ਹਾਂ ਤਾਂ ਤਕਰੀਬਨ ਸਾਰੇ ਅਫਸਰ ਨਾਲ ਹੁੰਦੇ ਹਨ।

-----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2529

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਸਵਾਲ ਪੇਸ਼ ਨਹੀਂ ਹੋਇਆ।)

------------

## ਸਰਕਾਰੀ ਖਜ਼ਾਨੇ ਵਿੱਚ ਮੁਲਾਜ਼ਮਾਂ ਦੀਆਂ ਪੈਂਡਿੰਗ ਪਈਆਂ ਅਦਾਇਗੀਆਂ

***2576. ਸ਼੍ਰੀ ਭਾਰਤ ਭੂਸ਼ਣ ਆਸ਼ੂ :** ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਸਰਕਾਰੀ ਖਜ਼ਾਨਿਆਂ ਵਿੱਚ ਮੁਲਾਜ਼ਮਾਂ ਦੇ ਟੀ.ਏ./ਡੀ.ਏ., ਐਲ.ਟੀ.ਸੀ., ਮੈਡੀਕਲ ਆਦਿ ਬਿਲਾਂ ਦੀਆਂ ਪੈਂਡਿੰਗ ਪਈਆਂ ਅਦਾਇਗੀਆਂ ਦੀ ਕੁੱਲ ਰਕਮ ਕਿੰਨੀ ਹੈ ਅਤੇ ਇਨ੍ਹਾਂ ਬਿਲਾਂ ਵਿਚੋਂ ਕਿਹੜੇ ਬਿਲ ਲੰਬੇ ਸਮੇਂ ਤੋਂ ਪੈਂਡਿੰਗ ਪਏ ਹਨ;

(ਅ) ਉਪਰੋਕਤ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਇਨ੍ਹਾਂ ਬਿਲਾਂ ਦੀ ਅਦਾਇਗੀ ਕਰਨ ਲਈ ਸਰਕਾਰ ਦੁਆਰਾ ਨਿਰਧਾਰਿਤ ਕੀਤਾ ਗਿਆ ਸਮਾਂ ਜਾਂ ਅਪਣਾਈ ਗਈ ਕਸੌਟੀ ਕੀ ਹੈ;

(ੲ) ਉਪਰੋਕਤ ਭਾਗ (ੳ) ਵਿੱਚ ਵਰਣਿਤ ਸਾਰੀਆਂ ਅਦਾਇਗੀਆਂ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸ਼੍ਰੀਮਾਨ ਜੀ, (ੳ) ਮਿਤੀ 7.9.2016 ਤੱਕ ਦੇ ਟੀ.ਏ./ਡੀ.ਏ., ਐਲ.ਟੀ.ਸੀ., ਮੈਡੀਕਲ ਰੀਇੰਬਰਸਮੈਂਟ ਦੇ ਜੋ ਬਿਲ ਪੈਂਡਿੰਗ ਪਏ ਹਨ, ਦਾ ਵੇਰਵਾ ਅਨੁਲੱਗ "ੳ" ਤੇ ਹੈ।

ਸਾਰੇ ਬਕਾਇਆ ਬਿਲ ਚਾਲੂ ਮਾਲੀ ਸਾਲ ਦੇ ਨਾਲ ਸਬੰਧਿਤ ਹਨ। ਟੀ. ਏ./ਡੀ.ਏ. ਅਤੇ ਮੈਡੀਕਲ ਰੀਇੰਬਰਸਮੈਂਟ ਨਾਲ ਸਬੰਧਿਤ ਮਿਤੀ 31.5.2016 ਤੱਕ ਦੇ ਅਤੇ ਐਲ.ਟੀ.ਸੀ. ਦੇ ਮਿਤੀ 2.5.2016 ਤੱਕ ਦੇ ਸਾਰੇ ਬਿਲ ਕਲੀਅਰ ਕਰ ਦਿੱਤੇ ਗਏ ਹਨ।

(ਅ) ਪਹਿਲਾਂ ਪ੍ਰਾਪਤ ਹੋਏ ਬਿਲ ਪਹਿਲ ਦੇ ਆਧਾਰ FIFO (First in First Out) ਤੇ ਕਲੀਅਰ ਕੀਤੇ ਜਾਂਦੇ ਹਨ।

(ੲ) ਇਨ੍ਹਾਂ 57.45 ਕਰੋੜ ਰੁਪਏ ਦੇ ਬਿਲਾਂ ਦੀ ਅਦਾਇਗੀ ਮਿਤੀ 15 ਸਤੰਬਰ, 2016 ਤੱਕ ਕਰ ਦਿੱਤੀ ਜਾਵੇਗੀ।

### ਅਨੁਲੱਗ "ੳ"

| ਲੜੀ ਨੰ: | ਮੱਦ | ਰਕਮ ਕਰੋੜਾਂ ਵਿੱਚ |
|---|---|---|
| 1. | ਟੀ.ਏ./ਡੀ.ਏ. | 5.18 |
| 2. | ਐਲ.ਟੀ.ਸੀ. | 3.53 |
| 3. | ਮੈਡੀਕਲ ਬਿਲ | 48.74 |
| | ਕੁੱਲ | 57.45 |

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਪੀਕਰ ਸਾਹਿਬ, ਕੀ ਮੰਤਰੀ ਸਾਹਿਬ ਦੱਸਣਗੇ ਕਿ ਜਿਹੜੇ ਇਨਹਾਂਸਡ ਏਰੀਅਰ ਸਨ, 1/2014 ਤੋਂ ਲੈ ਕੇ 2015 ਤੱਕ, ਜਿਹੜੇ ਪੈਨਸ਼ਨਰਜ਼ ਨੂੰ ਦੇਣੇ ਸਨ, ਕੀ ਉਨ੍ਹਾਂ ਦੀ ਅਦਾਇਗੀ ਕਰ ਦਿੱਤੀ ਗਈ ਹੈ?

**ਮੰਤਰੀ :** ਸਪੀਕਰ ਸਾਹਿਬ, ਇਹ ਇਸ ਵਾਸਤੇ ਸੈਪਰੇਟ ਸਵਾਲ ਦੇ ਦੇਣ। ਇਨ੍ਹਾਂ ਨੇ ਜਿਹੜਾ ਸਵਾਲ ਰਾਹੀਂ ਪੁੱਛਿਆ ਹੈ, ਇਹ ਟੀ.ਏ./ਡੀ.ਏ. ਅਤੇ ਮੈਡੀਕਲ ਬਿਲਾਂ ਨਾਲ ਸਬੰਧਤ ਹੈ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਰ, ਉਹ ਵੀ ਉਨ੍ਹਾਂ ਦਾ ਡੀ.ਏ. ਹੀ ਹੈ, ਮੇਰਾ ਭਾਵ ਇਨਹਾਂਸਡ ਡੀ.ਏ. ਤੋਂ ਹੈ।

**ਮੰਤਰੀ :** ਇਹ ਟਰੈਵਲ ਦੇ ਡੇਅਲੀ ਅਲਾਊਂਸ ਨਾਲ ਸਬੰਧਿਤ ਹੈ।

**ਮਾਨਯੋਗ ਸਪੀਕਰ :** ਢੀਂਡਸਾ ਸਾਹਿਬ, ਇਹ ਕੁਐਸ਼ਚਨ ਪੈਨਸ਼ਨਰਜ਼ ਨਾਲ ਸਬੰਧਿਤ ਬਣਦਾ ਹੈ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਰ, ਪੈਨਸ਼ਨਰਜ਼ ਬਾਰੇ ਵੀ ਸਵਾਲ ਵਿੱਚ ਹੀ ਲਿਖਿਆ ਹੋਇਆ ਹੈ ਜੀ।

**ਮੰਤਰੀ :** ਇਨ੍ਹਾਂ ਨੇ ਡੀਅਰਨੈਸ ਅਲਾਊਂਸ ਨਹੀਂ ਕਿਹਾ, ਇਨ੍ਹਾਂ ਦਾ ਸਵਾਲ ਤਾਂ ਸਿਰਫ ਡੇਅਲੀ ਅਲਾਊਂਸ ਨਾਲ ਸਬੰਧਿਤ ਹੈ। ਟੀ.ਏ./ਡੀ.ਏ. ਨਾਲ ਸਬੰਧਤ ਹੈ, ਜਦੋਂ ਟੀ.ਏ./ਡੀ.ਏ. ਲਿਖਦੇ ਹਾਂ ਤਾਂ ਉਸ ਦਾ ਮਤਲਬ ਡੇਅਲੀ ਅਲਾਊਂਸ ਹੀ ਹੁੰਦਾ ਹੈ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਰ, ਮੇਰਾ ਸਵਾਲ ਡੀਅਰਨੈਸ ਅਲਾਊਂਸ ਨਾਲ ਸਬੰਧਿਤ ਹੈ, ਤੁਹਾਡੇ ਲਿਖਣ ਵਿੱਚ ਹੀ ਕੋਈ ਪ੍ਰਾਬਲਮ ਹੋਣੀ ਹੈ। ਚਲੋ, ਤੁਸੀਂ ਉਹ ਦੱਸ ਦਿਓ, ਤੁਹਾਡੇ ਤਾਂ ਟਿਪਸ ਤੇ ਫਿਗਰਜ਼ ਹੋਣੇ ਹਨ।

**ਮੰਤਰੀ :** ਦੇਖੋ, ਇਮੀਜੇਟਲੀ ਐਗਜ਼ੈਕਟ ਫਿਗਰ ਨਹੀਂ ਦੱਸੀ ਜਾ ਸਕਦੀ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਖਜ਼ਾਨਾ ਭਰਿਆ ਹੋਇਆ ਹੈ। ਸਾਰਾ ਰਿਕਾਰਡ ਤੁਹਾਡੇ ਕੋਲ ਹੈ, ਤੁਸੀਂ ਤਾਂ ਇਮੀਜੇਟਲੀ ਦੱਸ ਸਕਦੇ ਹੋ।

**ਮੰਤਰੀ :** ਸਾਰੇ ਅਸੀਂ ਦੇਣੇ ਹਨ, ਅਸੀਂ ਆਰਡਰ ਵੀ ਕਰ ਚੁੱਕੇ ਹਾਂ ....(ਵਿਘਨ)...

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਪੈਨਸ਼ਨਰਜ਼ ਦੇ 2-2, 3-3 ਸਾਲ ਤੋਂ ਕੇਸ ਪੈਂਡਿੰਗ ਹਨ, ਮਿਤੀ 1.1.2014 ਤੋਂ ਪੈਂਡਿੰਗ ਹਨ।

**ਮੰਤਰੀ :** ਏਰੀਅਰਜ਼ ਦੇ ਆਰਡਰ ਕਰ ਦਿੱਤੇ ਹਨ। ਇਹ ਤਿੰਨ ਕਿਸ਼ਤਾਂ ਵਿੱਚ ਦਿੱਤੇ ਜਾਣਗੇ। ਉਹ ਅਸੀਂ ਹਾਈ ਕੋਰਟ ਦੇ ਵਿੱਚ ਵੀ ਆਰਡਰ ਕਰਨ ਤੋਂ ਬਾਅਦ ਸਬਮਿਟ ਕਰ ਸਕਦੇ ਹਾਂ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਸਰ, ਹਾਈ ਕੋਰਟ ਦਾ ਤਾਂ ਸਰਕਾਰ ਬਹੁਤ ਸਤਿਕਾਰ ਕਰ ਰਹੀ ਹੈ। ਹੁਣੇ ਹੀ ਮੰਤਰੀ ਸਾਹਿਬ ਵੀ ਦੱਸ ਰਹੇ ਸੀ। ਹਾਈ ਕੋਰਟ ਨੇ ਤਾਂ ਕਿਹਾ ਹੈ ਕਿ ਪੈਨਸ਼ਨਰਜ਼ ਨੂੰ ਬਣਦੀ ਰਕਮ ਇੱਕ ਮੁਸ਼ਤ ਦੇ ਦਿਓ ਤਾਂ ਕਿ ਬਜ਼ੁਰਗ ਆਦਮੀ ਜਿਉਂਦੇ ਜੀਅ ਲਾਭ ਉਠਾ ਸਕਣ। ਤੁਸੀਂ ਤਾਂ ਕਹਿੰਦੇ ਹੋ ਕਿ ਅਸੀਂ ਸਾਲ 2017 ਤੱਕ ਦੇਵਾਂਗੇ।

**ਮੰਤਰੀ :** 2017 ਤੱਕ?

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਹਾਂ ਜੀ, ਹਾਂ ਜੀ। ਤੁਹਾਡੇ ਵੱਲੋਂ ਹੀ ਬਿਆਨ ਦਿੱਤਾ ਗਿਆ ਹੈ ਕਿ ਇਸ ਨੂੰ ਚਾਰ ਕਿਸ਼ਤਾਂ ਰਾਹੀਂ ਦੇਵਾਂਗੇ। ਇੱਕ ਹੁਣ ਕਰ ਦਿੱਤੀ, ਇੱਕ ਦਸੰਬਰ ਵਿੱਚ, ਇੱਕ ਮਾਰਚ ਵਿੱਚ ਔਰ ਇੱਕ ਜੂਨ, 2017 ਵਿੱਚ। ਇਹ ਤੁਹਾਡਾ ਹੀ ਬਿਆਨ ਅਖਬਾਰਾਂ ਵਿੱਚ ਅਸੀਂ ਪੜ੍ਹਿਆ ਹੈ।

**ਮੰਤਰੀ :** ਇਹ ਸੈਪਰੇਟ ਹੈ ਜੀ ...(ਵਿਘਨ)....

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਮੈਂ ਤਾਂ ਕਹਿ ਰਿਹਾ ਹਾਂ ਕਿ ਮੇਰਾ ਲਿਖਿਆ ਹੋਇਆ ਸਵਾਲ ਤਾਂ ਇਹੀ ਸੀ, ਮੈਂ ਡੀ.ਏ. ਲਫਜ਼ ਡੀਅਰਨੈਸ ਅਲਾਊਂਸ ਵਾਸਤੇ ਹੀ ਵਰਤਿਆ ਸੀ।

**ਮੰਤਰੀ :** ਮੈਂ ਤੁਹਾਡਾ ਸਵਾਲ ਪੜ੍ਹ ਦਿੰਦਾ ਹਾਂ, ਜੋ ਸਾਡੇ ਕੋਲ ਆਇਆ ਸੀ।

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਤੁਸੀਂ ਡੀ.ਏ. ਲਫਜ਼ ਨੂੰ ਡੇਅਲੀ ਅਲਾਊਂਸ ਵਜੋਂ ਪੜ੍ਹੀ ਜਾਂਦੇ ਹੋ, ਮੈਂ ਡੀ.ਏ. ਲਫਜ਼ ਡੀਅਰਨੈਸ ਅਲਾਊਂਸ ਵਾਸਤੇ ਲਿਖਿਆ ਸੀ, ਫਰਕ ਇੰਨਾ ਹੀ ਹੈ ....(ਵਿਘਨ)...

**ਮੰਤਰੀ :** ਜਿਹੜਾ ਟੀ.ਏ./ ਡੀ.ਏ. ਲਫਜ਼ ਹੁੰਦਾ ਹੈ, ਇਸ ਦਾ ਭਾਵ ਡੇਅਲੀ ਅਲਾਊਂਸ ਹੀ ਹੁੰਦਾ ਹੈ ...(ਵਿਘਨ)....

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਤੁਸੀਂ ਇਸ ਤਰ੍ਹਾਂ ਹੀ ਟੈਕਨੀਕਲੀ ਘੁਮਾ ਗਏ,

[ ਸ਼੍ਰੀ ਭਾਰਤ ਭੂਸ਼ਣ ਆਸ਼ੂ ]

ਜਦੋਂ ਉਨ੍ਹਾਂ ਦਾ ਲੋਨ ਦਾ ਕੰਮ ਆਇਆ ਤਾਂ ਵੀ ਇਓਂ ਹੀ ਘੁਮਾ ਗਏ ਪਰ ਲੋਕ ਸੱਚ ਜਾਨਣਾ ਚਾਹੁੰਦੇ ਹਨ। ਮੰਤਰੀ ਜੀ, ਜੇ ਤੁਸੀਂ ਦੱਸਣਾ ਚਾਹੋ ਤਾਂ।

**ਮੰਤਰੀ :** ਜਿਹੜਾ ਸਵਾਲ ਤੁਸੀਂ ਪੁੱਛਿਆ ਹੈ, ਉਸ ਦਾ ਜਵਾਬ ਦੇ ਦਿੱਤਾ ਹੈ। ਤੁਸੀਂ ਇਸ ਦਾ ਸਪੈਸੀਫਿਕ ਸਵਾਲ ਪੁੱਛ ਲਵੋ, ਅਸੀਂ ਜਵਾਬ ਦੇਣ ਤੋਂ ਨਹੀਂ ਭੱਜਦੇ, ਤੁਹਾਨੂੰ ਐਗਜ਼ੈਕਟ ਜਵਾਬ ਦੇਵਾਂਗੇ। ਚਿੰਤਾ ਨਾ ਕਰੋ। ਤੁਸੀਂ ਕੱਲ੍ਹ ਸਵਾਲ ਲਗਾ ਲਵੋ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ। (ਵਿਘਨ)(ਸ਼ੋਰ) ਇਹ ਜ਼ੀਰੋ ਆਵਰ ਨਹੀਂ ਹੈ..

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਪਹਿਲਾਂ ਇਸ ਸਵਾਲ ਬਾਰੇ ਮੰਤਰੀ ਜੀ ਕਲੀਅਰ ਕਰਨ..

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਇਹ ਮੁਲਾਜ਼ਮਾਂ ਦੀ ਗੱਲ ਹੈ, ਕਰਮਚਾਰੀਆਂ ਦੀ ਗੱਲ ਹੈ। ਸਪੀਕਰ ਸਾਹਿਬ, ਪੰਜਾਬ ਦਾ ਕਰਮਚਾਰੀ ਮਰ ਰਿਹਾ ਹੈ, ਪੰਜਾਬ ਦੇ ਕਰਮਚਾਰੀ ਦੀ ਕੋਈ ਸੁਣਵਾਈ ਨਹੀਂ ਹੈ, ਨਾ ਟੀ.ਏ. ਤੇ ਨਾ ਹੀ ਡੀ.ਏ. ਮਿਲ ਰਿਹਾ ਹੈ (ਵਿਘਨ)(ਸ਼ੋਰ) ਸਪੀਕਰ ਸਾਹਿਬ, ਇਹ ਕੀ ਹੋ ਰਿਹਾ ਹੈ, ਹਰ ਕੁਐਸਚਨ ਨੂੰ ਘੁਮਾ ਦਿੰਦੇ ਹਨ (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਸਾਹਿਬਾਨ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਸਨ ਅਤੇ ਸ਼੍ਰੀ ਤਰਲੋਚਨ ਸਿੰਘ, ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਹਾਂ ਜੀ, ਭੁੱਲੇਵਾਲ ਜੀ। (ਵਿਘਨ ਸ਼ੋਰ)

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਖਜ਼ਾਨੇ ਵਾਲਾ ਮਸਲਾ once for all, let us nail it ਕਿ ਪੈਸਾ ਹੈ ਜਾਂ ਨਹੀਂ । ਡਿਪਟੀ ਸੀ.ਐਮ.ਸਾਹਿਬ ਕਹਿ ਰਹੇ ਹਨ ਕਿ ਖਜ਼ਾਨੇ ਭਰੇ ਪਏ ਹਨ ਪਰ ਪੈਨਸ਼ਨਾਂ ਦੇ ਨਹੀਂ ਰਹੇ, ਇਸ ਸਾਰੇ ਮਸਲੇ ਨੂੰ ਇੱਕ ਪਾਸੇ ਤਾਂ ਲਗਾਈਏ...(ਵਿਘਨ ਸ਼ੋਰ)

---

** Not recorded as ordered by the Chair.

**ਮਾਨਯੋਗ ਸਪੀਕਰ :** ਹਾਂ ਜੀ, ਭੁੱਲੇਵਾਲ ਜੀ। (ਵਿਘਨ ਸ਼ੋਰ) ਸਰਦਾਰ ਜਨਮੇਜਾ ਸਿੰਘ ਜੀ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ:** ਸਰ, 2534 ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਪੈਨਸ਼ਨਾਂ ਦੇ ਨਹੀਂ ਰਹੇ, ਕਰਮਚਾਰੀਆਂ ਦਾ ਟੀ.ਏ. ਡੀ.ਏ. ਨਹੀਂ ਮਿਲਦਾ । ਜੇਕਰ ਘਰ ਦਾ ਕੋਈ ਮੈਂਬਰ ਬਿਮਾਰ ਹੋ ਜਾਵੇ ਤਾਂ ਉਸ ਦੇ ਇਲਾਜ ਵਾਸਤੇ ਮੈਡੀਕਲ ਦਾ ਪੈਸਾ ਨਹੀਂ ਮਿਲਦਾ। (ਵਿਘਨ)(ਸ਼ੋਰ) ਸਪੀਕਰ ਸਾਹਿਬ, ਕਿਸ ਤਰ੍ਹਾਂ ਚੱਲੇਗਾ? ਪੰਜਾਬ ਸਰਕਾਰ ਨੂੰ ਜਿਹੜੇ ਲੋਕ ਚਲਾ ਰਹੇ ਹਨ, ਉਨ੍ਹਾਂ ਨੂੰ ਪੈਸਾ ਨਹੀਂ ਮਿਲ ਰਿਹਾ, ਉਨ੍ਹਾਂ ਦੇ ਘਰ ਰੋਟੀ ਨਹੀਂ ਪੱਕਦੀ।(ਵਿਘਨ)(ਸ਼ੋਰ) ** **

**Mr. Speaker :** Not to be recorded.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮਹਿਸੂਸ ਤਾਂ ਤੁਸੀਂ ਵੀ ਕਰਦੇ ਹੋ (ਵਿਘਨ ਸ਼ੋਰ)

**Mr. Speaker:** Nothing is going to be recorded. ਤੁਸੀਂ ਇਸ ਬਾਰੇ ਸੈਪਰੇਟ ਕੁਐਸਚਨ ਦੇ ਦਿਉ। (ਵਿਘਨ) ਪਲੀਜ਼, ਬੈਠ ਜਾਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**Mr. Speaker :** Nagra Ji, nothing is going on record. ਨਾਗਰਾ ਜੀ, ਰਿਕਾਰਡ ਦੇ ਉਤੇ ਕੁਝ ਜਾ ਨਹੀਂ ਰਿਹਾ ਹੈ, ਤੁਸੀਂ ਬੈਠ ਜਾਉ। ਬੈਠੋ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਪੀਕਰ ਸਾਹਿਬ, ** **

**ਮਾਨਯੋਗ ਸਪੀਕਰ:** ਨਾਗਰਾ ਜੀ, ਰਿਕਾਰਡ ਨਹੀਂ ਹੋ ਰਿਹਾ ਹੈ। ਕਿਰਪਾ ਕਰਕੇ ਤੁਸੀਂ ਬੈਠ ਜਾਉ। ਹਾਂ ਜੀ, ਸਰਦਾਰ ਜਨਮੇਜਾ ਸਿੰਘ ਸੇਖੋਂ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਟਰਾਂਸਪੋਰਟ ਮੰਤਰੀ, ਸਰਦਾਰ ਅਜੀਤ ਸਿੰਘ ਕੋਹਾੜ ਬਿਨਾਂ ਆਗਿਆ ਤੋਂ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲ ਰਹੇ ਸਨ ।)

---

** Not recorded as ordered by the Chair.

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਜਨਮੇਜਾ ਸਿੰਘ ਸੇਖੋਂ ਜੀ। (ਵਿਘਨ ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ** **

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਟਰਾਂਸਪੋਰਟ ਮੰਤਰੀ, ਸਰਦਾਰ ਅਜੀਤ ਸਿੰਘ ਕੋਹਾੜ ਬਿਨਾਂ ਆਗਿਆ ਤੋਂ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ। ਇਸ ਤੋਂ ਇਲਾਵਾ ਵਿੱਤ ਮੰਤਰੀ ਵੀ ਆਪਣੀ ਸੀਟ ਤੇ ਖੜ੍ਹੇ ਹੋਏ ਸਨ।)

**ਮਾਨਯੋਗ ਸਪੀਕਰ :** ਢੀਂਡਸਾ ਜੀ, ਤੁਸੀਂ ਵੀ ਬੈਠ ਜਾਉ। (ਵਿਘਨ)(ਸ਼ੋਰ) ਢੀਂਡਸਾ ਜੀ, ਤੁਸੀਂ ਇਕ ਵਾਰੀ ਬੈਠ ਜਾਉ, ਉਹ ਹਾਲੇ ਪਿਛਲਾ ਸਵਾਲ ਹੀ ਸਮਝੀ ਬੈਠੇ ਹਨ। ਤੁਸੀਂ ਇਕ ਵਾਰੀ ਬੈਠ ਜਾਉ।(ਵਿਘਨ ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ, ਸਰਦਾਰ ਬਲਬੀਰ ਸਿੰਘ ਸਿੱਧੂ ਅਤੇ ਟਰਾਂਸਪੋਰਟ ਮੰਤਰੀ, ਸਰਦਾਰ ਅਜੀਤ ਸਿੰਘ ਕੋਹਾੜ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਦੇਸ ਰਾਜ ਧੁੱਗਾ ਆਪਣੀਆਂ-ਆਪਣੀਆਂ ਸੀਟਾਂ ਉਤੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਨੈਕਸਟ ਕੁਐਸਚਨ । ਹਾਂ ਜੀ, ਢੀਂਡਸਾ ਸਾਹਿਬ।

--------------

## ਗੜ੍ਹਸ਼ੰਕਰ ਵਿਖੇ ਬਾਈਪਾਸ ਬਣਾਉਣਾ

*2534. **ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਗੜ੍ਹਸ਼ੰਕਰ ਵਿਖੇ ਸੜਕੀ ਆਵਾਜਾਈ ਦੇ ਦਿਨ-ਬ-ਦਿਨ ਵਧਦੇ ਜਾ ਰਹੇ ਭਾਰੀ ਰਸ਼ ਕਾਰਨ ਹਰ ਰੋਜ਼ ਵਾਪਰਦੇ ਸੜਕੀ ਹਾਦਸਿਆਂ ਦੇ ਮੱਦੇਨਜ਼ਰ ਇੱਥੇ ਬਾਈਪਾਸ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ?

**ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਸ਼੍ਰੀਮਾਨ ਜੀ, ਬੰਗਾ, ਗੜ੍ਹਸ਼ੰਕਰ, ਆਨੰਦਪੁਰ ਸਾਹਿਬ ਨੈਣਾ ਦੇਵੀ ਸੜਕ ਦਾ ਮਿਆਰ ਉੱਚਾ ਚੁੱਕਣ ਲਈ ਸਰਵੇ, ਫਿਜ਼ੀਬਿਲਟੀ ਸਟੱਡੀ ਅਤੇ ਵੇਰਵੇ ਸਹਿਤ ਪ੍ਰੋਜੈਕਟ

ਰਿਪੋਰਟ ਤਿਆਰ ਕਰਨ ਦਾ ਕੰਮ ਕੰਸਲਟੈਂਟ ਕੰਪਨੀ ਨੂੰ ਅਲਾਟ ਕੀਤਾ ਗਿਆ ਹੈ। ਕੰਸਲਟੈਂਟ ਨੂੰ ਗੜ੍ਹਸ਼ੰਕਰ ਵਿਖੇ ਬਾਈਪਾਸ ਬਣਾਉਣ ਦੀ ਸੰਭਾਵਨਾ ਨੂੰ ਘੋਖਣ ਲਈ ਕਿਹਾ ਗਿਆ ਹੈ। ਜੇਕਰ ਇਹ ਬਾਈਪਾਸ ਫਿਜ਼ੀਬਲ ਹੁੰਦਾ ਹੈ ਤਾਂ ਉਸ ਨੂੰ ਪ੍ਰੋਜੈਕਟ ਰਿਪੋਰਟ ਵਿੱਚ ਸ਼ਾਮਿਲ ਕਰਕੇ ਸੜਕੀ ਆਵਾਜਾਈ ਅਤੇ ਰਾਜ ਮਾਰਗ ਮੰਤਰਾਲਾ ਭਾਰਤ ਸਰਕਾਰ ਨੂੰ ਮਨਜ਼ੂਰੀ ਅਤੇ ਫੰਡ ਮੁਹੱਈਆ ਕਰਨ ਲਈ ਭੇਜ ਦਿੱਤਾ ਜਾਵੇਗਾ।

**ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖਜ਼ਾਨਾ ਮੰਤਰੀ ਜੀ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਬੰਗਾ, ਗੜ੍ਹਸ਼ੰਕਰ, ਅਨੰਦਪੁਰ ਸਾਹਿਬ ਨੈਣਾ ਦੇਵੀ ਰੋਡ ਦਾ ਕੰਮ ਕੰਪਨੀ ਨੂੰ ਅਲਾਟ ਕਰ ਦਿੱਤਾ ਗਿਆ ਹੈ। ਮੈਂ ਚਾਹੁੰਦਾ ਹਾਂ ਕਿ ਇਸ ਦੇ ਨਾਲ ਜਿਹੜਾ ਬਾਈਪਾਸ ਬਣਨਾ ਹੈ, ਜੋ ਬਲਾਚੌਰ ਤੋਂ ਗੜ੍ਹਸ਼ੰਕਰ, ਹੁਸ਼ਿਆਰਪੁਰ, ਪਠਾਨਕੋਟ ਰੋਡ ਚਲਦਾ ਹੈ, ਉਸ ਦੇ ਨਾਲ ਵੀ ਇਹ ਬਾਈਪਾਸ ਜੋੜਿਆ ਜਾਵੇ ਕਿਉਂਕਿ ਗੜ੍ਹਸ਼ੰਕਰ ਸ਼ਹਿਰ ਵਿੱਚ ਰੇਲਵੇ ਲਾਈਨ ਅਤੇ ਗੜ੍ਹਸ਼ੰਕਰ ਸੈਂਟਰਲ ਸ਼ਹਿਰ ਵਿੱਚ ਸੱਤ ਸੜਕਾਂ, ਪਲੈਨ ਰੋਡ ਅਤੇ ਸਟੇਟ ਰੋਡ ਆਉਂਦੀਆਂ ਹਨ । ਇਸ ਬਾਰੇ ਮੰਤਰੀ ਜੀ ਯਕੀਨ ਦਿਵਾਉਣ ਕਿ ਹੁਸ਼ਿਆਰਪੁਰ ਜਿਹੜਾ ਨੈਸ਼ਨਲ ਹਾਈਵੇ ਹੈ, ਕੀ ਉਸ ਦੇ ਨਾਲ ਬਾਈਪਾਸ ਜੋੜ ਦਿੱਤਾ ਜਾਵੇਗਾ?

**ਮੰਤਰੀ:** ਸਪੀਕਰ ਸਾਹਿਬ, ਇਸ ਬਾਰੇ ਅਸੀਂ ਵਿਚਾਰ ਕਰ ਲਵਾਂਗੇ । ਬਾਕੀ ਕੰਸਲਟੈਂਟ ਹਾਲੇ ਸਰਵੇ ਕਰ ਰਿਹਾ ਹੈ, ਅਨਆਫੀਸ਼ੀਅਲੀ ਜਿਹੜੀ ਸਾਡੇ ਕੋਲ ਇਨਫਰਮੇਸ਼ਨ ਹੈ, ਉਸ ਮੁਤਾਬਿਕ ਇਹ ਫਿਜ਼ੀਬਲ ਹੈ ਅਤੇ ਇਹ ਬਾਈਪਾਸ ਬਣਾਉਣ ਵਾਸਤੇ ਛੇਤੀ ਹੀ ਕੇਂਦਰ ਸਰਕਾਰ ਨੂੰ ਰਿਪੋਰਟ ਭੇਜ ਦੇਵਾਂਗੇ।

**ਸ਼੍ਰੀ ਤਰਲੋਚਨ ਸਿੰਘ :** ਸਪੀਕਰ ਸਾਹਿਬ, ਜਿਹੜਾ ਮੰਤਰੀ ਸਾਹਿਬ ਨੇ ਬੰਗਾ ਤੋਂ ਗੜ੍ਹਸ਼ੰਕਰ ਅਤੇ ਗੜ੍ਹਸ਼ੰਕਰ ਤੋਂ ਨੈਣਾ ਦੇਵੀ ਸੜਕ ਦਾ ਜ਼ਿਕਰ ਕੀਤਾ ਹੈ, ਇਸ ਸੜਕ ਤੇ ਸਾਡੇ ਚਾਰ ਧਾਰਮਿਕ ਅਸਥਾਨ ਪੈਂਦੇ ਹਨ। ਇਸ ਸੜਕ ਬਾਰੇ ਦੋ ਸਾਲ ਪਹਿਲਾਂ ਵੀ ਮੈਂ ਅਤੇ ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਨੇ ਸਵਾਲ ਕੀਤਾ ਸੀ, ਸਾਡੀ ਮੰਗ ਸੜਕ ਨੂੰ ਚੌੜਾ ਕਰਨ ਵਾਸਤੇ ਹੈ। ਬੰਗਾ ਤੋਂ ਗੜ੍ਹਸ਼ੰਕਰ ਅਤੇ ਅੱਗੇ ਵਾਲੀ ਸੜਕ ਕਿੰਨੀ ਚੌੜੀ ਕੀਤੀ ਜਾਵੇਗੀ, ਇਹ ਇਸ ਬਾਰੇ ਦੱਸ ਦੇਣ ਕਿਉਂਕਿ ਪਿੰਡਾਂ ਵਾਲੇ ਸਾਨੂੰ ਪੁੱਛਦੇ ਹਨ ਕਿ ਕੀ ਸਾਡੇ ਘਰ ਤਾਂ

[ ਸ਼੍ਰੀ ਤਰਲੋਚਨ ਸਿੰਘ ]

ਇਸ ਸੜਕ ਵਿੱਚ ਨਹੀਂ ਆ ਰਹੇ। ਐਟਲੀਸਟ ਸਾਨੂੰ ਇਸ ਬਾਰੇ ਪਤਾ ਤਾਂ ਹੋਵੇ। ਇਹ ਡਿਟੇਲ ਵਿੱਚ ਦੱਸ ਦੇਣ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਵਿੱਤ ਮੰਤਰੀ ਸਾਹਿਬ ਦੇ ਰਹੇ ਹਨ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਮਹਿਕਮਾ ਚੇਂਜ਼ ਹੋ ਗਿਆ ਹੈ?

**ਮੰਤਰੀ :** ਮੰਤਰੀ ਜੀ ਦੀ ਤਬੀਅਤ ਠੀਕ ਨਹੀਂ ਸੀ, ਗਲਾ ਖਰਾਬ ਹੋ ਗਿਆ ਹੈ। ਨਾਲੇ ਤੁਹਾਨੂੰ ਤਾਂ ਸਿਰਫ ਜਵਾਬ ਚਾਹੀਦਾ ਹੈ।

**ਮਾਨਯੋਗ ਸਪੀਕਰ :** ਉਨ੍ਹਾਂ ਨੇ ਇਸ ਕਰਕੇ ਪੁੱਛਿਆ ਹੈ ਕਿ ਜੇ ਮੈਂ ਪਹਿਲਾਂ ਅਨਾਊਂਸ ਕਰ ਦਿੰਦਾ ਤਾਂ ਸ਼ਾਇਦ ਤੁਹਾਨੂੰ ਵੀ ਪ੍ਰਾਬਲਮ ਨਾ ਹੁੰਦੀ। ਜੇ ਕਿਸੇ ਇਕ ਮਨਿਸਟਰ ਨੇ ਦੂਸਰੇ ਮਨਿਸਟਰ ਤੋਂ ਜਵਾਬ ਦਿਵਾਉਣਾ ਹੋਵੇ ਤਾਂ ਉਹ ਪਰਮਿਸ਼ਨ ਵਾਸਤੇ ਪਹਿਲਾਂ ਐਪਲੀਕੇਸ਼ਨ ਦੇ ਦਿੰਦੇ ਹਨ ਅਤੇ ਮੈਂ ਅਲਾਓ ਕਰ ਦਿੰਦਾ ਹਾਂ। ਫਿਰ ਮੈਂ ਅਨਾਊਂਸ ਕਰ ਦਿੰਦਾ ਹਾਂ ਕਿ ਫਲਾਣਾ ਮਨਿਸਟਰ ਫਲਾਣੇ ਮਨਿਸਟਰ ਦੀ ਥਾਂ ਜਵਾਬ ਦੇਵੇਗਾ। ਹੁਣ ਤੁਸੀਂ ਜਵਾਬ ਦੇ ਦਿਓ।

**ਮੰਤਰੀ :** ਸਪੀਕਰ ਸਾਹਿਬ, ਇਸ ਸੜਕ ਨੂੰ ਨੈਸ਼ਨਲ ਹਾਈਵੇ ਘੋਸ਼ਿਤ ਕਰਨਾ ਕੇਂਦਰ ਸਰਕਾਰ ਨੇ ਮੰਨ ਲਿਆ ਹੈ, ਹੁਣ ਇਸ ਦੀ ਫਿਜ਼ੀਬਿਲਟੀ ਸਟੱਡੀ ਕੀਤੀ ਜਾ ਰਹੀ ਹੈ। ਵੈਸੇ ਸੜਕ ਦੀ ਵਾਈਡਨਿੰਗ ਟ੍ਰੈਫਿਕ ਤੇ ਡਿਪੈਂਡ ਕਰਦੀ ਹੈ। ਉਥੇ ਟ੍ਰੈਫਿਕ ਕਿੰਨਾ ਹੈ, ਉਸ ਹਿਸਾਬ ਨਾਲ 33 ਫੁੱਟ ਜਾਂ 4 ਲੇਨ ਕਰਨਾ ਹੈ, ਇਸ ਵਾਸਤੇ ਵਿਚਾਰਿਆ ਜਾ ਰਿਹਾ ਹੈ।

------------

## ਪ੍ਰਾਇਮਰੀ ਹੈਲਥ ਸੈਂਟਰ, ਮੁੱਲਾਂਪੁਰ ਦਾਖਾ ਨੂੰ ਅੱਪਗ੍ਰੇਡ ਕਰਨਾ

*2530. **ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਲੁਧਿਆਣਾ ਵਿੱਚ ਪੈਂਦੇ ਪ੍ਰਾਇਮਰੀ ਹੈਲਥ ਸੈਂਟਰ, ਮੁੱਲਾਂਪੁਰ ਦਾਖਾ ਨੂੰ ਅੱਪਗ੍ਰੇਡ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ, ਇਸ ਸਮੇਂ ਪੀ.ਐਚ.ਸੀ., ਮੁੱਲਾਂਪੁਰ ਦਾਖਾ ਨੂੰ ਅਪਗ੍ਰੇਡ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ, ਮੁੱਲਾਂਪੁਰ ਦੇ ਕਸਬੇ ਵਿੱਚ ਡਿਵੈਲਪਮੈਂਟ ਦੇ ਕਾਫੀ ਕੰਮ ਹੋਏ ਹਨ, ਸੀਵਰੇਜ ਅਤੇ ਵਾਟਰ ਸਪਲਾਈ ਦਾ ਸਾਰਾ ਕੰਮ ਮੁਕੰਮਲ ਹੋ ਗਿਆ ਹੈ, ਫਲਾਈਓਵਰ ਬਣ ਚੁੱਕੇ ਹਨ। ਤਕਰੀਬਨ ਸਾਰੇ ਕੰਮ ਹੋ ਚੁੱਕੇ ਹਨ, ਹੁਣ ਗਲੀਆਂ ਵੀ ਬਣ ਰਹੀਆਂ ਹਨ ਲੇਕਿਨ ਸੜਕਾਂ ਚੌੜੀਆਂ ਹੋਣ ਨਾਲ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਜਿਵੇਂ ਪਹਿਲਾਂ ਵੀ ਗੱਲ ਕੀਤੀ ਸੀ ਕਿ ਬੱਸ ਅੱਡੇ ਲਈ ਜਗ੍ਹਾ ਪ੍ਰੋਵਾਈਡ ਕਰ ਰਹੇ ਹਾਂ, ਦੂਜਾ ਹਸਪਤਾਲ ਜਿਹੜਾ ਹੈ, ਇਸ ਵਾਸਤੇ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਇਸ ਨੂੰ ਅਪਗ੍ਰੇਡ ਨਹੀਂ ਕਰਨਾ ਤਾਂ ਸੜਕ ਬਣਨ ਕਾਰਨ ਜਿਹੜੇ ਇਸ ਦੇ ਕਮਰੇ ਢਹਿ ਗਏ ਹਨ, ਕੀ ਉਸ ਬਿਲਡਿੰਗ ਨੂੰ ਨਵਾਂ ਬਣਾ ਦਿੱਤਾ ਜਾਵੇਗਾ? ਹਸਪਤਾਲ ਅਪਗ੍ਰੇਡ ਭਾਵੇਂ ਬਾਅਦ ਵਿੱਚ ਹੋ ਜਾਵੇ ਪਰ ਕੀ ਉਸ ਨੂੰ as it is ਨਵਾਂ ਬਣਾਉਣ ਦੀ ਪ੍ਰੋਵੀਜ਼ਨ ਹੈ? ਮੰਤਰੀ ਜੀ ਇਸ ਬਾਰੇ ਦੱਸਣਗੇ?

**ਮੰਤਰੀ :** ਜੇਕਰ ਜਗ੍ਹਾ ਹੋਈ ਤਾਂ ਬਣਵਾ ਦੇਵਾਂਗੇ।

**ਸਰਦਾਰ ਮਨਪ੍ਰੀਤ ਸਿੰਘ ਇਯਾਲੀ :** ਜਗ੍ਹਾ ਉਥੇ ਪੂਰੀ ਹੈ ਜੀ।

**ਮੰਤਰੀ :** ਜੇਕਰ ਜਗ੍ਹਾ ਹੈ ਤਾਂ ਕਰਵਾ ਦੇਵਾਂਗੇ, ਅਪਗ੍ਰੇਡ ਨਹੀਂ ਕਰਨਾ ਸਾਰੀ ਬਿਲਡਿੰਗ ਠੀਕ ਕਰਵਾ ਦੇਵਾਂਗੇ।

**ਸ਼੍ਰੀ ਮੁਹੰਮਦ ਸਦੀਕ :** ਸਪੀਕਰ ਸਾਹਿਬ, ਮੈਂ ਇਸੇ ਸਬੰਧ ਵਿੱਚ ਪੁੱਛਣਾ ਚਾਹੁੰਦਾ ਹਾਂ। ਪਿਛਲੀ ਵਾਰੀ ਵੀ ਬੇਨਤੀ ਕੀਤੀ ਸੀ ਕਿ ਭਦੌੜ ਕਸਬਾ ਜਿਸ ਦੀ 25,000 ਦੀ ਅਬਾਦੀ ਹੈ....

**ਮਾਨਯੋਗ ਸਪੀਕਰ :** ਨਹੀਂ ਜੀ। ਇਹ ਸੈਪਰੇਟ ਕੁਐਸਚਨ ਬਣਦਾ ਹੈ।

**ਸ਼੍ਰੀ ਮੁਹੰਮਦ ਸਦੀਕ :** ਉਥੋਂ ਦੇ ਹਸਪਤਾਲ ਵਿੱਚ ਕੋਈ ਡਾਕਟਰ ਨਹੀਂ ਹੈ, ਜਿਹੜਾ ਡਾਕਟਰ ਉਥੇ ਸੀ ਉਸ ਨੂੰ ਬਰਨਾਲੇ ਭੇਜ ਦਿੱਤਾ ਗਿਆ ਹੈ.....

**ਮਾਨਯੋਗ ਸਪੀਕਰ :** ਨਹੀਂ ਜੀ। ਇਹ ਇਸ ਸਵਾਲ ਨਾਲ ਰਿਲੇਟ ਨਹੀਂ ਕਰਦਾ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਮੰਤਰੀ ਜੀ ਨੇ ਇਯਾਲੀ ਸਾਹਿਬ ਨੂੰ ਇਹ ਤਾਂ ਕਹਿ ਦਿੱਤਾ ਕਿ ਇਹ ਵਿਚਾਰ ਅਧੀਨ ਨਹੀਂ ਹੈ ਪਰ ਕੀ ਇਹ ਦੱਸ ਸਕਦੇ ਹਨ ਕਿ ਪੰਜਾਬ ਵਿੱਚ ਹੁਣ ਤੱਕ ਇਨ੍ਹਾਂ ਨੇ ਕਿੰਨੇ ਪ੍ਰਾਇਮਰੀ ਹੈਲਥ ਸੈਂਟਰ ਅਪਗ੍ਰੇਡ ਕੀਤੇ ਹਨ?

**Mr. Speaker :** No.

**Rana Gurmit Singh Sodhi :** Why no, sir ? ਇਹ ਤਾਂ ਇਨ੍ਹਾਂ ਦੇ ਵਿਚਾਰ ਅਧੀਨ ਨਹੀਂ ਹੈ ਪਰ ਇਹ ਤਾਂ ਦੱਸਣ ਕਿ ਹੁਣ ਤੱਕ ਕਿੰਨੇ ਅਪਗ੍ਰੇਡ ਹੋ ਗਏ ਹਨ।

**ਮਾਨਯੋਗ ਸਪੀਕਰ :** ਸੋਢੀ ਸਾਹਿਬ, ਜੇਕਰ ਇਕ ਕੁਐਸਚਨ ਨਾਲ ਰਿਲੇਟਿਡ ਗੱਲ ਹੋਵੇ ਤਾਂ ਸਾਰਿਆਂ ਬਾਰੇ ਕਿਵੇਂ ਦੱਸ ਸਕਦੇ ਹਨ? ਜੇਕਰ ਉਹ ਪੁੱਛਦੇ ਕਿ ਸਾਰੇ ਪੰਜਾਬ ਬਾਰੇ ਦੱਸੋ ਤਾਂ ਜਵਾਬ ਦੇ ਦਿੰਦੇ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਇਹ ਦੋ-ਚਾਰ ਦੇ ਨਾਂ ਹੀ ਦੱਸ ਦੇਣ। ਠੀਕ ਹੈ, ਮੁੱਲਾਂਪੁਰ ਵਾਲਾ ਅਪਗ੍ਰੇਡ ਕਰਨਾ ਵਿਚਾਰ ਅਧੀਨ ਨਹੀਂ ਹੈ ਪਰ ਬਾਕੀਆਂ ਬਾਰੇ ਤਾਂ ਦੱਸ ਦੇਣ। ਕਿਸੇ 2-3 ਦਾ ਨਾਂ ਦੱਸ ਦੇਣ। (ਵਿਘਨ, ਸ਼ੋਰ) .....

**ਮਾਨਯੋਗ ਸਪੀਕਰ:** ਮੈਂ ਕਿਹਾ ਜੀ ਕਿ ਤੁਸੀਂ ਆਪਣਾ ਸਵਾਲ ਦੇ ਦੇਣਾ। (ਵਿਘਨ) ਤੁਸੀਂ ਆਪਣਾ ਸੈਪਰੇਟ ਸਵਾਲ ਦੇ ਦੇਣਾ। ਇਹ ਇਨ੍ਹਾਂ ਦੇ ਹਲਕੇ ਬਾਰੇ ਦੱਸਿਆ ਗਿਆ ਹੈ। ਸਰਦਾਰ ਜਗਮੋਹਨ ਸਿੰਘ ਕੰਗ ਜੀ। (ਵਿਘਨ)(ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਮੁਹੰਮਦ ਸਦੀਕ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਨਯੋਗ ਸਪੀਕਰ :** ਇਹ ਇਸ ਦੇ ਨਾਲ ਸਬੰਧਿਤ ਨਹੀਂ ਹੈ। (ਵਿਘਨ)(ਸ਼ੋਰ) ਤੁਸੀਂ ਸੈਪਰੇਟ ਕੁਐਸਚਨ ਦੇ ਦੇਣਾ।

(ਇਸ ਸਮੇਂ ਆਪੋਜੀਸ਼ਨ ਬੈਂਚਿਜ਼ ਦੇ ਕਈ ਮੈਂਬਰਜ਼ ਬਿਨਾਂ ਇਜਾਜ਼ਤ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਬੋਲ ਰਹੇ ਸਨ।)

**Mr. Speaker:** Not to be recorded. No. No. (Interruptions) (Noices) ਉਨ੍ਹਾਂ ਦਾ ਆਪਣੇ ਹਲਕੇ ਨਾਲ ਸਬੰਧਿਤ ਸਵਾਲ ਸੀ। ਉਸ ਬਾਰੇ ਜਵਾਬ ਦੇ ਦਿੱਤਾ ਹੈ। (ਵਿਘਨ)(ਸ਼ੋਰ)

**ਮੰਤਰੀ:** ਪੰਜਾਬ ਸਰਕਾਰ ਦੇ ਹੈਲਥ ਡਿਪਾਰਟਮੈਂਟ ਨੇ ਬਹੁਤ ਜ਼ਿਆਦਾ ਕੰਮ ਕੀਤਾ ਹੈ, ਹਰ ਤਰ੍ਹਾਂ ਦੀਆਂ ਸਹੂਲਤਾਂ ਮਰੀਜ਼ਾਂ ਨੂੰ ਦਿੱਤੀਆਂ ਗਈਆਂ ਹਨ। (ਵਿਘਨ) ਸਰਕਾਰੀ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ ਵਧੀ ਹੈ...(ਵਿਘਨ) ਇਹ ਤਾਂ ** ** (ਵਿਘਨ)(ਸ਼ੋਰ)

** Not recorded as ordered by the Chair.

**ਮਾਨਯੋਗ ਸਪੀਕਰ:** ਨਹੀਂ ਜੀ। ਇਹ ਐਕਸਪੰਜ ਕਰ ਦੇਣਾ। ਜੋ ਵੀ ਮੇਰੀ ਪਰਮਿਸ਼ਨ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਕੱਟ ਦੇਣਾ।

(ਇਸ ਸਮੇਂ ਰੂਲਿੰਗ ਅਤੇ ਆਪੋਜੀਸ਼ਨ ਦੋਵੇਂ ਬੈਂਚਿਜ਼ ਤੋਂ ਕਈ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋਕੇ ਬਿਨਾਂ ਇਜਾਜ਼ਤ ਤੋਂ **ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**Mr. Speaker:** Not to be recorded. I have disallowed it. This is not Zero Hour. Nothing is going to be recorded. ਸਰਦਾਰ ਜਗਮੋਹਨ ਸਿੰਘ ਜੀ। (ਵਿਘਨ)(ਸ਼ੋਰ) ਜੋ ਕੁਝ ਵੀ ਬਿਨਾਂ ਪਰਮਿਸ਼ਨ ਤੋਂ ਬੋਲਿਆ ਗਿਆ ਹੈ, ਉਹ ਸਾਰਾ ਕਟਵਾ ਦਿੱਤਾ ਗਿਆ ਹੈ।

------------

## ਲਿੰਕ ਸੜਕਾਂ ਦੀ ਮੁਰੰਮਤ ਕਰਨਾ

***2553. ਸਰਦਾਰ ਜਗਮੋਹਨ ਸਿੰਘ ਕੰਗ :** ਕੀ ਖੇਤੀਬਾੜੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ–

(ੳ) ਹਲਕਾ ਖਰੜ (ਬਲਾਕ ਖਰੜ ਅਤੇ ਮਾਜਰੀ) ਵਿੱਚ ਪੈਂਦੀਆਂ ਲਿੰਕ ਸੜਕਾਂ ਦੇ ਨਾਮ ਕੀ–ਕੀ ਹਨ ਜਿਨ੍ਹਾਂ ਦੀ ਮੁਰੰਮਤ ਕਰਨੀ ਬਣਦੀ ਹੈ ਅਤੇ ਪਿਛਲੀ ਵਾਰ ਕਿਸ–ਕਿਸ ਮਿਤੀ ਨੂੰ ਇਨ੍ਹਾਂ ਸੜਕਾਂ ਦੀ ਮੁਰੰਮਤ ਕੀਤੀ ਗਈ ਸੀ?

(ਅ) ਉਪਰੋਕਤ ਲਿੰਕ ਸੜਕਾਂ ਦੀ ਮੁਰੰਮਤ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਤੋਤਾ ਸਿੰਘ :** (ੳ) ਹਲਕਾ ਖਰੜ (ਬਲਾਕ ਖਰੜ ਅਤੇ ਮਾਜਰੀ) ਵਿੱਚ 125.21 ਕਿਲੋਮੀਟਰ ਲੰਬਾਈ ਦੀਆਂ 58 ਨੰਬਰ ਲਿੰਕ ਸੜਕਾਂ ਅਜਿਹੀਆਂ ਹਨ, ਜਿਨ੍ਹਾਂ ਦੀ ਮੁਰੰਮਤ ਨਾਰਮਜ਼ ਅਨੁਸਾਰ ਕਰਨੀ ਬਣਦੀ ਹੈ। ਇਨ੍ਹਾਂ ਸੜਕਾਂ ਦੀ ਸੂਚੀ ਅਤੇ ਪਿਛਲੀ ਮੁਰੰਮਤ ਦੇ ਸਮੇਂ ਬਾਰੇ ਸੂਚਨਾ ਅਨੁਲੱਗ–"ੳ" ਤੇ ਦਿੱਤੀ ਹੋਈ ਹੈ।

(ਅ) ਫੰਡਾਂ ਦੀ ਉਪਲਬਧਤਾ ਅਨੁਸਾਰ ਇਨ੍ਹਾਂ ਲਿੰਕ ਸੜਕਾਂ ਦੀ ਰਿਪੇਅਰ ਨੂੰ

** Not recorded as ordered by the Chair.

[ ਖੇਤੀਬਾੜੀ ਮੰਤਰੀ। ]

ਜਲਦੀ ਤੋਂ ਜਲਦੀ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

ਅਨੁਲੱਗ "ੳ"

**ਵਿਧਾਨ ਸਭਾ ਹਲਕਾ ਖਰੜ (ਬਲਾਕ ਖਰੜ ਅਤੇ ਮਾਜਰੀ) ਵਿੱਚ ਪੈਂਦੀਆਂ ਰਿਪੇਅਰ ਯੋਗ ਸੜਕਾਂ ਦੀ ਸੂਚੀ**

| ਲੜੀ ਨੰ: | ਸੜਕ ਦਾ ਨਾਂ | ਰੋਡ ਕੋਡ | ਲੰਬਾਈ (ਕਿ ਮੀ) | ਲਾਸਟ ਡੇਟ ਆਫ ਸਰਫੇਸਿੰਗ |
|---|---|---|---|---|
| 1 | ਪਿੰਡ ਜੰਡਪੁਰ ਫਿਰਨੀ ਗੁਰਦੁਆਰਾ | U2057C | 1.10 | ਜੂਨ, 2009 |
| 2 | ਪਲਹੇੜੀ ਸੰਗਾਲਾ ਬੰਸੇਪੁਰ ਚਾਹੜਮਾਜਰਾ ਪੈਂਤਪੁਰ ਸਲਾਮਤਪੁਰ | U2065 | 3.87 | ਜੂਨ, 2007 |
| 3 | ਸੰਗਾਲਾ ਤੋਂ ਘੰਡੋਲੀ | U2090 | 1.50 | ਜੂਨ, 2006 |
| 4 | ਨਾਡਾ ਸਿੰਘਾ ਦੇਵੀ | U2119 | 1.45 | ਜੂਨ, 2007 |
| 5 | ਰਸਨਹੇੜੀ ਤੋਂ ਸੋਹਾੜਾ ਸਕੂਲ | U2124 | 1.80 | ਜੂਨ, 2007 |
| 6 | ਪਿੰਡ ਤੋਗਾਂ ਤੋਂ ਡਡੂਮਾਜਰਾ ਲਿੰਕ ਸੜਕ | U2200 | 0.38 | ਮਾਰਚ, 2001 |
| 7 | ਪਿੰਡ ਤੋਗਾਂ ਤੋਂ ਮਲੋਆ ਯੂ.ਟੀ. ਦੀ ਹੱਦ ਤੱਕ | U2201 | 0.68 | ਮਾਰਚ, 2001 |
| 8 | ਤਿਉੜ ਰੁੜਕੀ ਖਾਮ ਪਲਹੇੜੀ ਪੈਂਤਪੁਰ ਮੁਲਾਂਪੁਰ ਗੁਰੂਦੁਆਰਾ ਤੱਕ | U2075 | 10.12 | ਸਤੰਬਰ, 2009 |
| 9 | ਘਟੌਰ ਭਜੌਲੀ ਤਿਉੜ ਸ਼ਮੀਪੁਰ ਟੱਪਰੀਆਂ | U2076b | 11.00 | ਸਤੰਬਰ, 2010 |
| 10 | ਸੋਹਾੜਾ ਸੈਦਪੁਰ ਗਿੱਦੜਪੁਰ ਚੱਡਿਆਲਾ | U2021 | 5.09 | ਅਪ੍ਰੈਲ, 2010 |
| 11 | ਰਕੋਲੀ ਫਿਰਨੀ | U 0 3016 a | 0.56 | ਮਈ, 2009 |
| 12 | ਖਰੜ ਕੁਰਾਲੀ ਸੜਕ ਤੋਂ ਸ਼ਾਹਪੁਰ ਘਟੌਰ | U 0 3017 | 3.12 | ਮਈ, 2009 |
| 13 | ਸੋਹਾਲੀ ਤੋਂ ਖਰੜ ਕੁਰਾਲੀ ਸੜਕ ਵਾਇਆ ਅੱਲਾਪੁਰ | U 0 3018 | 3.50 | ਜੂਨ, 2001 |

| | | | | |
|---|---|---|---|---|
| 14 | ਨੰਗਲ ਨੰਨਹੇੜੀਆਂ | U 0 3019 | 1.60 | ਮਈ, 2009 |
| 15 | ਤੱਕੀਪੁਰ ਕੰਸਾਲਾ ਢਕੋਰਾਂ | U 0 3020 | 10.49 | ਮਈ, 2008 |
| 16 | ਢਕੋਰਾਂ ਸ਼ਮਸਾਨਘਾਟ | U 0 3020 a | 0.73 | ਮਈ, 2009 |
| 17 | ਪੜੋਲ ਹੁਸ਼ਿਆਰਪੁਰ ਤੱਕੀਪੁਰ ਤੋਂ ਕੁਰਾਲੀ | U 0 3021 | 5.58 | ਮਈ, 2009 |
| 19 | ਕੁਰਾਲੀ ਸਿਸਵਾਂ ਸੜਕ ਤੋਂ ਫਤਿਹਗੜ੍ਹ | U 0 3030 | 1.10 | ਜੂਨ, 2001 |
| 20 | ਗੋਚਰ ਤੋਂ ਮਿਰਜਾਪੁਰ | U 0 3038 | 5.55 | ਅਗਸਤ, 2006 |
| 21 | ਨੱਗਲ ਗੜੀਆਂ ਫਿਰਨੀ ਅਤੇ ਗੁਰਦੁਆਰਾ ਸਾਹਿਬ | U 0 3043 | 0.38 | ਜੁਲਾਈ, 2009 |
| 22 | ਕੁਰਾਲੀ ਸਿਸਵਾਂ ਸੜਕ ਤੋਂ ਮਹਿਰਮਪੁਰ ਟੱਪਰੀਆਂ | U 0 3046 | 4.60 | ਜੁਲਾਈ, 2009 |
| 23 | ਕੁਰਾਲੀ ਸਿਸਵਾਂ ਤੋਂ ਮੁਲਾਂਪੁਰ ਸੋਢੀਆਂ | U 0 3047 | 3.03 | ਜੁਲਾਈ, 2009 |
| 24 | ਸਵਾਮੀ ਕੁਟੀਆਂ ਰਤਨਗੜ੍ਹ ਚਿੰਤਗੜ੍ਹ ਤੋਂ ਕਿਸਨਪੁਰ ਚੌਂਕ | U 0 3048 | 4.54 | ਜੁਲਾਈ, 2009 |
| 25 | ਚਿੰਤਗੜ੍ਹ ਰੱਤਨਗੜ੍ਹ ਅਧਰੇੜਾ ਤੋਂ ਚਟੋਲੀ ਚੌਂਕ | U 0 3053 | 3.84 | ਜੁਲਾਈ, 2009 |
| 26 | ਚਿੰਤਗੜ੍ਹ ਅਕਾਲਗੜ੍ਹ | U 0 3054 | 2.13 | ਜੁਲਾਈ, 2009 |
| 27 | ਪਿੰਡ ਲਖਨੌਰ ਤੋਂ ਸ਼ਮਸਾਨਘਾਟ | U 0 3056 a | 0.20 | ਅਕਤੂਬਰ, 2006 |
| 28 | ਬੂਥਗੜ੍ਹ ਫਿਰਨੀ | U 0 3058 | 0.61 | ਸਤੰਬਰ, 2009 |
| 29 | ਦੁਲਵਾਂ ਖੱਦਰੀ ਤੋਂ ਨੌਗਜਾ ਪੀਰ ਸਮਾਧ | U 0 3066 | 1.51 | ਅਕਤੂਬਰ, 2007 |
| 30 | ਖਿਜਰਾਬਾਦ ਫਿਰਨੀ | U 0 3068 | 0.22 | ਅਕਤੂਬਰ, 2007 |
| 31 | ਦੁਲਵਾਂ, ਖੱਦਰੀ ਫਿਰਨੀ ਦੋਨਾਂ ਪਿੰਡਾਂ ਨੂੰ ਜੋੜਦੀ | U 0 3071 | 0.31 | ਅਕਤੂਬਰ, 2007 |
| 32 | ਲਿੰਕ ਸੜਕ ਲੁਬਾਨਗੜ੍ਹ ਫਿਰਨੀ (ਮੇਨ ਸੜਕ ਤੋਂ ਸਤੀ ਮਾਤਾ ਮੰਦਿਰ) | U 0 3073 | 0.70 | ਅਕਤੂਬਰ, 2007 |

[ ਖੇਤੀਬਾੜੀ ਮੰਤਰੀ।]

| | | | | |
|---|---|---|---|---|
| 33 | ਲਿੰਕ ਸੜਕ ਬਜੀਦਪੁਰ ਫਿਰਨੀ | U 0 3074 | 0.50 | ਅਕਤੂਬਰ, 2007 |
| 34 | ਲਿੰਕ ਸੜਕ ਨੰਗਲੀਆਂ ਫਿਰਨੀ ਤੋਂ ਖੈਰਪੁਰ ਕਾਦੀਮਾਜਰਾ | U 0 3075 | 0.40 | ਅਕਤੂਬਰ, 2007 |
| 35 | ਲਿੰਕ ਸੜਕ ਖੈਰਪੁਰ ਫਿਰਨੀ | U 0 3076 | 0.68 | ਅਕਤੂਬਰ, 2007 |
| 36 | ਲਿੰਕ ਸੜਕ ਚਾਂਦਪੁਰ ਫਿਰਨੀ | U 0 3077 | 0.15 | ਅਕਤੂਬਰ, 2007 |
| 37 | ਲਿੰਕ ਸੜਕ ਚਾਂਦਪੁਰ ਸੀਤਲਾ ਮਾਤਾ ਮੰਦਿਰ ਅਤੇ ਫਿਰਨੀ | U 0 3078 | 0.34 | ਅਕਤੂਬਰ, 2007 |
| 38 | ਲਿੰਕ ਸੜਕ ਮੁਲਾਂਪੁਰ ਸੋਢੀਆਂ | U 0 3084 | 0.50 | ਮਈ, 2008 |
| 39 | ਲਿੰਕ ਸੜਕ ਘਟੌਰ ਸ਼ਮਸਾਨਘਾਟ | U 0 3088 | 0.67 | ਮਈ, 2008 |
| 40 | ਲਿੰਕ ਸੜਕ ਖਿਜਰਾਬਾਦ ਫਿਰਨੀ ਤੋਂ ਸਟੇਡੀਅਮ ਸੜਕ | U 0 3092 | 0.20 | ਨਵੰਬਰ, 2007 |
| 41 | ਲਿੰਕ ਸੜਕ ਅਕਾਲਗੜ੍ਹ ਮੇਨ ਸੜਕ ਤੋਂ ਮੁੰਧੋਂ ਭਾਗ ਸਿੰਘ ਸ਼ਮਸਾਨਘਾਟ | U 0 3100 | 0.21 | ਮਈ, 2008 |
| 42 | ਲਿੰਕ ਸੜਕ ਸਲੇਮਪੁਰ ਖੁਰਦ ਫਿਰਨੀ | U 0 3103 | 0.61 | ਨਵੰਬਰ, 2009 |
| 43 | ਲਿੰਕ ਸੜਕ ਸੰਗਤਪੁਰਾ ਫਿਰਨੀ ਅਤੇ ਗੁਰਦੁਆਰਾ ਸਾਹਿਬ | U 0 3104 | 0.89 | ਨਵੰਬਰ, 2009 |
| 44 | ਲਿੰਕ ਸੜਕ ਬੜੋਦੀ ਤੋਂ ਸਕੂਲ | U 0 3105 | 0.34 | ਨਵੰਬਰ, 2009 |
| 45 | ਲਿੰਕ ਸੜਕ ਮਾਜਰੀ ਸਿਆਲਬਾ ਸੜਕ ਤੋਂ ਪੀਰਗਾਹ | U 0 3106 | 0.31 | ਨਵੰਬਰ, 2009 |
| 46 | ਲਿੰਕ ਸੜਕ ਰੰਗੂਆਣਾ ਫਿਰਨੀ | U 0 3112 | 0.18 | ਨਵੰਬਰ, 2009 |
| 47 | ਹਸਨਪੁਰ ਤੋਂ ਮਾਮੂਪੁਰ | U 0 3008 | 2.40 | ਅਕਤੂਬਰ, 2006 |
| 48 | ਖਰੜ ਕੁਰਾਲੀ ਸੜਕ ਤੋਂ ਪਡਿਆਲਾ ਕਾਲੇਵਾਲ | U 0 3012 | 4.50 | ਅਕਤੂਬਰ, 2009 |

| | | | | |
|---|---|---|---|---|
| 49 | ਕਾਲੇਵਾਲ ਤੋਂ ਚਿਤਾਮਲੀ ਤੋਂ ਕੁਰਾਲੀ ਮੋਰਿੰਡਾ ਸੜਕ ਤੱਕ ਵਾਇਆ ਗੋਸਲਾਂ | U 0 3012 a | 5.61 | ਨਵੰਬਰ, 2009 |
| 50 | ਖਰੜ ਕੁਰਾਲੀ ਸੜਕ ਤੋਂ ਚਿਤਾਮਲੀ | U 0 3013 | 5.98 | ਅਕਤੂਬਰ, 2008 |
| 51 | ਕੁਰਾਲੀ ਮੋਰਿੰਡਾ ਸੜਕ ਤੋਂ ਗੋਸਲਾਂ ਕਾਲੇਵਾਲ | U 0 3014 a | 2.60 | ਜੂਨ, 2009 |
| 52 | ਘਟੌਰ ਫਿਰਨੀ | U 0 3017a | 0.37 | ਮਈ, 2009 |
| 53 | ਪਡਿਆਲਾ ਤੋਂ ਗੁਰਦੁਆਰਾ ਝੰਡਾ ਸਾਹਿਬ | U 0 3040 | 0.50 | ਮਈ, 2002 |
| 54 | ਚਨਾਲੋਂ ਸਿੰਘਪੁਰ | U 0 3041 | 1.00 | ਅਕਤੂਬਰ, 2009 |
| 55 | ਲਿੰਕ ਸੜਕ ਪਿੰਡ ਸਹੌੜਾਂ ਤੋਂ ਫੋਕਲ ਪੁਆਇੰਟ ਦਾਊਂਮਾਜਰਾ | U 0 3086 | 1.00 | ਮਈ, 2008 |
| 56 | ਲਿੰਕ ਸੜਕ ਘੜੂਆਂ ਹਸਨਪੁਰ ਤੋਂ ਗੁਰਦੁਆਰਾ ਸਾਹਿਬ ਹਸਨਪੁਰ | U 0 3089 | 0.10 | ਮਈ, 2008 |
| 57 | ਕੁਰਾਲੀ ਸਿਸਵਾਂ ਸੜਕ ਤੋਂ ਕਰਤਾਪੁਰ ਕੰਸਾਲਾ | U 0 3023 | 3.03 | ਮਈ, 2009 |
| 58 | ਕੁਰਾਲੀ ਸਿਸਵਾਂ ਸੜਕ ਤੋਂ ਚਾਂਦਪੁਰ | U 0 3027 | 0.85 | ਮਈ, 2009 |
| | **ਕੁੱਲ ਜੋੜ** | | **125.21** | |

**ਸਰਦਾਰ ਜਗਮੋਹਨ ਸਿੰਘ ਕੰਗ :** ਸਪੀਕਰ ਸਾਹਿਬ, ਪਰਮ ਸਤਿਕਾਰਯੋਗ ਮੁੱਖ ਮੰਤਰੀ ਬਾਦਲ ਸਾਹਿਬ ਬੈਠੇ ਹਨ। ਸਰਕਾਰ ਵਿਕਾਸ ਕਰਨ ਦੀਆਂ ਵੱਡੀਆਂ ਵੱਡੀਆਂ ਡੀਂਗਾਂ ਮਾਰਦੀ ਹੈ। ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਮੇਰੇ ਵਿਧਾਨ ਸਭਾ ਹਲਕੇ ਵਿੱਚ 125.21 ਕਿਲੋਮੀਟਰ ਲੰਬਾਈ ਦੀਆਂ 58 ਨੰਬਰ ਲਿੰਕ ਸੜਕਾਂ ਅਜਿਹੀਆਂ ਹਨ, ਜਿਨ੍ਹਾਂ ਦੀ ਮੁਰੰਮਤ ਨਾਰਮਜ਼ ਅਨੁਸਾਰ ਕਰਨੀ ਬਣਦੀ ਹੈ ਜਦੋਂ ਕਿ 10 ਸਾਲ ਤੋਂ ਉਪਰ ਸਮਾਂ ਹੋ ਗਿਆ ਹੈ ਪਰ ਇਨ੍ਹਾਂ ਸਵਾ ਸੌ ਕਿਲੋਮੀਟਰ ਲੰਬੀਆਂ ਸੜਕਾਂ ਦੀ ਰਿਪੇਅਰ ਅਜੇ ਤੱਕ ਨਹੀਂ ਹੋਈ। ਮੇਰੇ ਵਿਧਾਨ ਸਭਾ ਹਲਕੇ ਵਿਚ ਸਵਾ ਸੌ ਕਿਲੋਮੀਟਰ ਦੀਆਂ 58 ਸੜਕਾਂ 10

ਸਾਲ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਰਿਪੇਅਰ ਨਹੀਂ ਹੋਈਆਂ। ਜਿਹੜੀ ਸਾਡੀ ਲਿੰਕ ਰੋਡ ਹੈ, ਜੋ ਮੇਰੇ ਹਲਕੇ ਨੂੰ ਜੋੜਦੀ ਹੈ, ਬੰਨ ਮਾਜਰਾ, ਚਟੌਲੀ, ਥਾਣਾ ਗੋਬਿੰਦਗੜ੍ਹ, ਖਿਜਰਾਬਾਦ, ਉਹ ਵੀ ਟੁੱਟੀ ਪਈ ਹੈ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਸੜ੍ਹਕਾਂ ਨੂੰ ਰਿਪੇਅਰ ਕਰਨ ਦੇ ਨਾਰਮਜ਼ ਕੀ ਹਨ ਅਤੇ ਮੇਰੇ ਹਲਕੇ ਦੀਆਂ ਸੜਕਾਂ ਕਦੋਂ ਤੱਕ ਰਿਪੇਅਰ ਕਰਵਾ ਦੇਣਗੇ।

**ਮੰਤਰੀ :** ਸਪੀਕਰ ਸਾਹਿਬ, ਜਦੋਂ ਮੈਂ ਮੰਡੀ ਬੋਰਡ ਦਾ ਚੇਅਰਮੈਨ ਸੀ, ਜਿਹੜੇ ਸੜਕਾਂ ਨੂੰ ਰਿਪੇਅਰ ਕਰਨ ਦੇ ਨਾਰਮਜ਼ ਹਨ, ਉਸ ਸਮੇਂ 4 ਸਾਲ ਦਾ ਸਮਾਂ ਨਿਰਧਾਰਤ ਕੀਤਾ ਹੋਇਆ ਸੀ। ਇਸ ਵਿਚ 3/4 ਇੰਚ ਮੋਟੀ ਤੇ 10 ਫੁੱਟ ਚੌੜੀ ਪਰੀਮਿਕਸ ਪਾਉਣੀ ਮੈਂ ਸ਼ੁਰੂ ਕਰਵਾਈ ਸੀ। ਉਸ ਤੋਂ ਬਾਅਦ ਸਮੇਂ ਸਮੇ ਂ ਤੇ ਨਾਰਮਜ਼ ਬਦਲਦੇ ਗਏ, ਫਿਰ 5 ਸਾਲ ਦਾ ਸਮਾਂ ਨਿਰਧਾਰਤ ਕੀਤਾ ਗਿਆ ਅਤੇ ਹੁਣ 6 ਸਾਲ ਬਾਅਦ ਲਿੰਕ ਰੋਡਜ਼ ਦੀ ਰਿਪੇਅਰ ਹੁੰਦੀ ਹੈ। ਮੇਰਾ ਕਹਿਣ ਤੋਂ ਭਾਵ ਹੈ ਕਿ ਇਹ ਠੀਕ ਕਹਿੰਦੇ ਹਨ ਪਰ ਇਹ ਵੀ ਦੇਖੋ ਕਿ ਪੂਰੇ ਪੰਜਾਬ ਵਿਚ 61 ਹਜ਼ਾਰ ਕਿਲੋਮੀਟਰ ਤੋਂ ਵੱਧ ਨਵੀਆਂ ਸੜਕਾਂ ਬਣੀਆਂ ਹਨ। ਸਾਨੂੰ ਫੰਡਾਂ ਦਾ ਵੀ ਦੇਖਣਾ ਪੈਂਦਾ ਹੈ। 513 ਕਿਲੋਮੀਟਰ ਲਿੰਕ ਰੋਡਜ਼ ਇਕੱਲੇ ਇਨ੍ਹਾਂ ਦੇ ਹਲਕੇ ਵਿਚ ਬਣੀਆਂ ਹਨ। ਇਨ੍ਹਾਂ ਦੇ ਹਲਕੇ ਦੀਆਂ ਕੁਝ ਸੜਕਾਂ ਹਨ ਜਿਨ੍ਹਾਂ ਦੀ ਰਿਪੇਅਰ ਹੋਈ ਨੂੰ 6 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਉਨ੍ਹਾਂ ਵਿਚੋਂ ਇਸ ਵੇਲੇ ਤਕਰੀਬਨ 50 ਕਿਲੋਮੀਟਰ ਸੜਕਾਂ ਦੀ ਰਿਪੇਅਰ ਦਾ ਕੰਮ ਜਾਰੀ ਹੈ, ਜੋ 31 ਅਕਤੂਬਰ ਤੱਕ ਕੰਪਲੀਟ ਹੋ ਜਾਣਗੀਆਂ। ਸੋ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 2002 ਤੋਂ 2007 ਤੱਕ ਇਨ੍ਹਾਂ ਦੀ ਸਰਕਾਰ ਵੇਲੇ 1035 ਕਰੋੜ ਰੁਪਿਆ ਰਿਪੇ ਅਰ ਤੇ ਖਰਚ ਕੀਤਾ ਅਤੇ 487 ਕਰੋੜ ਦੀਆਂ ਨਵੀਆਂ ਸੜਕਾਂ ਬਣਾਈਆਂ ਗਈਆਂ ਸਨ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦੀ ਅਗਵਾਈ ਹੇਠ ਸਾਲ 2007 ਤੋਂ 2016 ਤੱਕ 4387 ਕਰੋੜ ਰੁਪਿਆ ਰਿਪੇਅਰ ਤੇ ਲੱਗ ਗਿਆ ਅਤੇ 1056 ਕਰੋੜ ਰੁਪਏ ਦੀਆਂ ਨਵੀਆਂ ਸੜਕਾਂ ਬਣਾਈਆਂ ਗਈਆਂ ਹਨ (ਟਰੇ ਜ਼ਰੀ ਬੈਂਚਿੰਜ਼ ਵਲੋਂ ਥੰਪਿੰਗ) ਸੋ, ਫੰਡਾਂ ਨੂੰ ਦੇਖ ਕੇ ਹੀ ਸਾਨੂੰ ਕੰਮ ਕਰਨਾ ਪੈਂਦਾ ਹੈ। ਅਸੀਂ ਜਿੰਨਾ ਵੱਧ ਤੋਂ ਵੱਧ ਕੰਮ ਕਰ ਸਕਦੇ ਹਾਂ, ਉਹ ਕਰ ਰਹੇ ਹਾਂ। ਹੁਣ ਵੀ 746 ਕਰੋੜ ਰੁਪਏ ਦੀਆਂ ਸੜਕਾਂ 31 ਅਕਤੂਬਰ ਤੱਕ ਰਿਪੇਅਰ ਕਰ ਰਹੇ ਹਾਂ।

**ਸਰਦਾਰ ਜਗਮੋਹਨ ਸਿੰਘ ਕੰਗ:** ਸਪੀਕਰ ਸਾਹਿਬ, ਜਿਹੜੀਆਂ ਸੜਕਾਂ

ਰਿਪੇਅਰ ਹੋ ਰਹੀਆਂ ਹਨ, ਉਥੇ ਕਿੱਥੇ ਹਨ, ਮੈਨੂੰ ਤਾਂ ਕੋਈ ਨਜ਼ਰ ਨਹੀਂ ਆਉਂਦੀ। ਸਾਰੀਆਂ ਲਿੰਕ ਰੋਡਜ਼ ਤੇ 2-3 ਫੁੱਟ ਦੇ ਟੋਏ ਪਏ ਹਨ। ਸੜਕਾਂ ਦਾ ਬੁਰਾ ਹਾਲ ਹੈ, ਬਾਂਕੇ-ਦਿਹਾੜੇ ਹਨ। ਸਰਕਾਰ ਕਹਿ ਰਹੀ ਹੈ ਕਿ ਸਾਡੇ ਕੋਲ ਫੰਡਾਂ ਦੀ ਕੋਈ ਕਮੀ ਨਹੀਂ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਤੱਕ ਕੰਪਲੀਟ ਹੋ ਜਾਣਗੀਆਂ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਸੜਕਾਂ 31 ਅਕਤੂਬਰ ਤੱਕ ਕੰਪਲੀਟ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ ਪਰ ਹੋ ਸਕਦਾ ਹੈ ਕਿ 15 ਨਵੰਬਰ ਤੱਕ ਹੋ ਜਾਣ। ਮੈਂ ਦੱਸ ਰਿਹਾ ਹਾਂ ਕਿ 18 ਸੜਕਾਂ ਦੀ ਅਸੀਂ ਰਿਪੇਅਰ ਕਰਨੀ ਹੈ, ਲਿੰਕ ਰੋਡ ਮੱਛਲੀ ਕਲਾਂ ਤੋਂ ਮੱਛਲੀ ਖੁਰਦ, ਅਪਰੋਚ ਰੋਡ ਤੋਂ ਬਡਾਲੀ, ਬੜੀ ਪੜਛ ਤੋਂ ਸੂੰਕ, ਭੁਖੜੀ ਅਭੇਪਰ ਜਕੜਮਾਜਰਾ ਅਪਟੂ ਭਜੌਲੀ ਤਿਊੜ, ਘਟੌਰ ਤੋਂ ਰਡਿਆਲਾ, ਖਰੜ ਝੂੰਗੀਆਂ ਹਰਲਾਲਪੁਰ ਜੰਡਪੁਰ ਚੰਦੋਂ ਗੋਬਿੰਦਗੜ੍ਹ ਰੁੜਕੀ ਖਾਮ, ਕੁਰਾਲੀ ਨਿਊਲਕ ਮੁੰਧੋਂ ਸਿਆਲਬਾ ਸੜਕ, ਰਡਿਆਲਾ ਭੁਖੜੀ ਅਭੇਪੁਰ, ਰਡਿਆਲਾ ਤੋਂ ਘਟੋਰ, ਸੰਤੇਮਾਜਰਾ ਰਸਨਹੇੜੀ, ਚਨਾਲੋਂ ਸਿੰਘਪੁਰ, ਚਟੌਲੀ ਤੋਂ ਅਕਾਲਗੜ੍ਹ ਖਿਜਰਾਬਾਦ, ਕੁਰਾਲੀ ਤੋਂ ਅਕਾਲਗੜ੍ਹ ਸਿਸਵਾਂ ਤੋਂ ਅੰਧੇੜੀ, ਸਿਸਵਾਂ ਤੋਂ ਕਨੌੜਾਂ, ਸਿਸਵਾਂ ਤੋਂ ਨੱਗਲ ਗੜ੍ਹੀਆਂ ਮੁੰਧੋਂ ਅਕਾਲਗੜ੍ਹ, ਨੱਗਲ ਗੜੀਆਂ ਬਾਈਪਾਸ ਅਤੇ ਘੜੂੰਆਂ ਬਰੋਲੀ ਤੋਂ ਬਦਨਪੁਰ ਤੱਕ 18 ਸੜਕਾਂ ਦੀ ਅਸੀਂ ਰਿਪੇਅਰ ਕਰਨੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਇਹ ਤਾਂ ਸਾਰੀਆਂ ਹੀ ਬਰਬਾਦ ਸੜਕਾਂ ਦੇ ਨਾਂ ਲੈ ਰਹੇ ਹਨ। ਮੇਰਾ ਪਿੰਡ ਵੀ ਇਧਰ ਹੀ ਪੈਂਦਾ ਹੈ। 10 ਸਾਲ ਤਾਂ ਬੀਤ ਗਏ ਹਨ, ਤੁਸੀਂ ਕਦੋਂ ਇਹ ਸੜਕਾਂ ਰਿਪੇਅਰ ਕਰੋਗੇ? ਭਜੌਲੀ ਮੇਰਾ ਪਿੰਡ ਹੈ। ਸਾਰੇ ਪੰਜਾਬ ਦੀਆਂ ਸੜਕਾਂ ਖਰਾਬ ਹਨ ਅਤੇ ਖਾਸ ਕਰਕੇ ਸਾਰੇ ਹਲਕਾ ਖਰੜ ਦੀਆਂ ਸੜਕਾਂ ਖਰਾਬ ਹਨ। ਕਿਹੜੀ ਸੜਕ ਠੀਕ ਕੀਤੀ ਹੈ? ਤੁਸੀਂ ਚਮਕੌਰ ਸਾਹਿਬ ਤੋਂ ਮੋਰਿੰਡਾ ਨੂੰ ਚਲੇ ਜਾਓ, ਉਥੇ 2-2 ਫੁੱਟ ਟੋਏ ਪਏ ਹਨ। ਸਾਰੀਆਂ ਲਿੰਕ ਰੋਡਜ਼ ਖਰਾਬ ਹਨ। (ਵਿਘਨ..ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਸਰਦਾਰ ਕੁਲਜੀਤ ਸਿੰਘ ਨਾਗਰਾ, ਸਰਦਾਰ ਜਗਮੋਹਨ ਸਿੰਘ ਕੰਗ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ। )

**ਮੰਤਰੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ, ਚੰਨੀ ਸਾਹਿਬ ਸੁਣ ਲਓ। (ਵਿਘਨ)(ਸ਼ੋਰ) ਅਸੀਂ 15 ਨਵੰਬਰ ਤੱਕ ਸਾਰੀਆਂ ਸੜਕਾਂ ਕੰਪਲੀਟ ਕਰ ਦਿਆਂਗੇ।

**ਮਾਨਯੋਗ ਸਪੀਕਰ :** ਤੁਸੀਂ ਮੰਤਰੀ ਸਾਹਿਬ ਦਾ ਜਵਾਬ ਤਾਂ ਸੁਣ ਲਓ। (ਵਿਘਨ..ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਸੜਕਾਂ ਪੁੱਛੀਆਂ ਸਨ, ਮੈਂ ਦੱਸ ਰਿਹਾ ਹਾਂ ਕਿ 18 ਸੜਕਾਂ ਅਸੀਂ 15 ਨਵੰਬਰ ਤੋਂ ਪਹਿਲਾਂ ਪਹਿਲਾਂ ਰਿਪੇਅਰ ਕਰ ਦਿਆਂਗੇ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। (ਵਿਘਨ)(ਸ਼ੋਰ)

------------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਨਿਸ਼ਾਨ ਵਾਲਾ ਪ੍ਰਸ਼ਨ ਨੰ: 2560**

**ਮਾਨਯੋਗ ਸਪੀਕਰ :** ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਉ ਕਰ ਦਿੱਤੀ ਹੈ।

----------

### ਹਲਕਾ ਗੜ੍ਹਸ਼ੰਕਰ ਵਿਖੇ ਸਰਕਾਰੀ ਸਕੂਲਾਂ ਦੀਆਂ ਬਿਲਡਿੰਗਾਂ ਦੀ ਉਸਾਰੀ/ਰਿਪੇਅਰ ਕਰਨ ਸਬੰਧੀ।

***2535. ਸਰਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਗੜ੍ਹਸ਼ੰਕਰ (ਜ਼ਿਲ੍ਹਾ ਹੁਸ਼ਿਆਰਪੁਰ) ਵਿੱਚ ਸਰਕਾਰੀ ਸਕੂਲਾਂ ਦੀਆਂ ਖਸਤਾ ਹਾਲਤ ਬਿਲਡਿੰਗਾਂ ਦੀ ਥਾਂ ਤੇ ਨਵੀਆਂ ਬਿਲਡਿੰਗਾਂ ਉਸਾਰਨ ਜਾਂ ਹਾਲ ਦੀ ਘੜੀ ਇਨ੍ਹਾਂ ਦੀ ਤੁਰੰਤ ਰਿਪੇਅਰ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

**ਡਾਕਟਰ ਦਲਜੀਤ ਸਿੰਘ ਚੀਮਾ :** ਹਾਂ ਜੀ, ਹਲਕਾ ਗੜ੍ਹਸ਼ੰਕਰ ਦੇ

** For Starred Question No. 2560 and reply thereto, please see Appendix to this Debates.

ਸਰਕਾਰੀ ਸਕੂਲਾਂ ਦੀਆਂ ਖਸਤਾ ਹਾਲਤ ਬਿਲਡਿੰਗਾਂ ਦੀ ਥਾਂ ਤੇ ਨਵੀਆਂ ਬਿਲਡਿੰਗਾਂ ਉਸਾਰਨ ਅਤੇ ਇਨ੍ਹਾਂ ਦੀ ਰਿਪੇਅਰ ਸਬੰਧੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ।

ਦੋ ਸੀਨੀਅਰ ਸੈਕੰਡਰੀ, ਦੋ ਹਾਈ, ਇੱਕ ਮਿਡਲ ਅਤੇ 6 ਪ੍ਰਾਇਮਰੀ ਸਕੂਲਾਂ ਵਿੱਚ 25 ਕਮਰੇ ਅਨਸੇਫ ਕਰਾਰ ਦਿੱਤੇ ਗਏ ਹਨ ਜਿਨਾਂ ਵਿੱਚੋ 11 ਕਮਰਿਆਂ ਦੀ ਗ੍ਰਾਂਟ ਐਸ.ਐਸ.ਏ ਤੇ ਰਮਸਾ ਅਧੀਨ ਮਨਜ਼ੂਰ ਹੋ ਚੁੱਕੀ ਹੈ। ਕੇਂਦਰ ਸਰਕਾਰ ਵੱਲੋ ਬਣਦਾ ਹਿੱਸਾ ਜਾਰੀ ਹੋਣ ਉਪਰੰਤ ਪੰਜਾਬ ਸਰਕਾਰ ਵੱਲੋਂ ਸਟੇਟ ਸ਼ੇਅਰ ਜਾਰੀ ਕਰਕੇ ਸਬੰਧਤ ਸਕੂਲਾਂ ਨੂੰ ਕਮਰਿਆਂ ਦੀ ਉਸਾਰੀ ਲਈ 87.035 ਲੱਖ ਰੁਪਏ ਦੀ ਰਾਸ਼ੀ ਜਾਰੀ ਕਰ ਦਿੱਤੀ ਜਾਵੇਗੀ ।

----------

## ਜੌੜੇਪੁਲ ਤੋਂ ਬੱਬਨਪੁਰ ਤੱਕ ਸੜਕ ਬਣਾਉਣਾ

***2538. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੌੜੇਪੁਲ ਤੋਂ ਬੱਬਨਪੁਰ ਤੱਕ 26 ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਦਾ ਕੰਮ ਚੱਲ ਰਿਹਾ ਹੈ ਪਰੰਤੂ ਤਕਰੀਬਨ 8 ਤੋਂ 10 ਕਿਲੋਮੀਟਰ ਸੜਕ ਦਾ ਨਿਰਮਾਣ ਜੰਗਲਾਤ ਵਿਭਾਗ ਦੀ ਮਨਜ਼ੂਰੀ ਕਾਰਨ ਰੁਕਿਆ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਸਬੰਧਤ ਵਿਭਾਗ ਵੱਲੋਂ ਇਸ ਦੀਆਂ ਪ੍ਰਵਾਨਗੀਆਂ ਕਦੋਂ ਤੱਕ ਕਰਵਾ ਦਿੱਤੀਆਂ ਜਾਣਗੀਆਂ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ, ਹਾਂ ਜੀ। ਇਸ ਸਬੰਧੀ ਨੈਸ਼ਨਲ ਗਰੀਨ ਟ੍ਰਿਬਿਊਨਲ, ਨਵੀਂ ਦਿੱਲੀ ਵਲੋਂ ਆਪਣੇ ਹੁਕਮ ਮਿਤੀ 19.5.2016 ਰਾਹੀਂ ਦਰਖਤ ਕੱਟਣ ਤੇ ਰੋਕ ਲਗਾਈ ਗਈ ਹੈ। ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਹੁਕਮਾਂ ਤੋਂ ਬਾਅਦ ਹੀ ਪ੍ਰਵਾਨਗੀ ਮਨਿਸਟਰੀ ਆਫ ਇਨਵਾਇਰਨਮੈਂਟ ਐਂਡ ਫਾਰੈਸਟ ਤੋਂ ਪ੍ਰਾਪਤ ਕੀਤੀ ਜਾ ਸਕੇਗੀ।

--------------

## ਗਰੀਬ/ਨੀਲਾ ਕਾਰਡ ਧਾਰਕਾਂ ਲਈ ਮੈਡੀਕਲ ਬੀਮਾ ਯੋਜਨਾਵਾਂ

***2584. ਸ਼੍ਰੀ ਸੁਨੀਲ ਜਾਖੜ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਸਿਹਤ ਵਿਭਾਗ ਦੁਆਰਾ ਰਾਜ ਦੇ ਗਰੀਬ ਲੋਕਾਂ, ਨੀਲਾ ਕਾਰਡ

[ ਸ਼੍ਰੀ ਸੁਨੀਲ ਜਾਖੜ ]

ਧਾਰਕਾਂ ਲਈ ਕੋਈ ਮੈਡੀਕਲ ਬੀਮਾ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ; ਜੇ ਹਾਂ ਤਾਂ ਉਨ੍ਹਾਂ ਸਕੀਮਾਂ ਦੇ ਨਾਮ ਕੀ ਹਨ ਅਤੇ ਇਨ੍ਹਾਂ ਦੀ ਸ਼ੁਰੂਆਤ ਕਦੋਂ ਕੀਤੀ ਗਈ?

(ਅ) ਉਪਰੋਕਤ ਸਕੀਮਾਂ ਤਹਿਤ ਹੁਣ ਤੱਕ ਕਿੰਨੇ ਗਰੀਬਾਂ ਦਾ ਬੀਮਾ ਕੀਤਾ ਗਿਆ ਹੈ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਸ਼੍ਰੀਮਾਨ ਜੀ,

(ੳ) ਜੀ ਹਾਂ, ਸਰਕਾਰ ਵੱਲੋਂ ਗਰੀਬ ਪਰਿਵਾਰਾਂ ਜਿਨ੍ਹਾਂ ਵਿੱਚ ਨੀਲੇ ਕਾਰਡ ਧਾਰਕ ਪਰਿਵਾਰ, ਛੋਟੇ ਕਿਸਾਨ ਪਰਿਵਾਰ, ਛੋਟੇ ਵਪਾਰੀ ਪਰਿਵਾਰ ਅਤੇ ਉਸਾਰੀ ਕਿਰਤੀ ਪਰਿਵਾਰ ਸ਼ਾਮਲ ਹਨ, ਲਈ ਭਗਤ ਪੂਰਨ ਸਿੰਘ ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਗਈ ਹੈ। ਨੀਲੇ ਕਾਰਡ ਧਾਰਕ ਪਰਿਵਾਰਾਂ ਦੀ ਸਕੀਮ ਨਵੰਬਰ, 2015 ਤੋਂ ਸ਼ੁਰੂ ਕੀਤੀ ਗਈ ਸੀ ਅਤੇ ਕਿਸਾਨ, ਵਪਾਰੀ ਅਤੇ ਉਸਾਰੀ ਕਿਰਤੀ ਪਰਿਵਾਰਾਂ ਦੀ ਸਕੀਮ ਅਪ੍ਰੈਲ, 2016 ਤੋਂ ਸ਼ੁਰੂ ਕੀਤੀ ਗਈ ਹੈ।

(ਅ) ਹੁਣ ਤੱਕ ਇਸ ਸਕੀਮ ਤਹਿਤ 26.72 ਲੱਖ ਪਰਿਵਾਰਾਂ ਦਾ ਸਿਹਤ ਬੀਮਾ, ਦੁਰਘਟਨਾ ਅਤੇ ਅਪੰਗਤਾ ਬੀਮਾ ਕੀਤਾ ਗਿਆ ਹੈ।

-----------

## ਅਧਿਆਪਕਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕਰਨਾ

***2539. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੇ ਚੰਗੇ ਪ੍ਰਦਰਸ਼ਨ ਲਈ ਅਧਿਆਪਕਾਂ ਨੂੰ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਉਨ੍ਹਾਂ ਸਕੂਲਾਂ ਜਿਨ੍ਹਾਂ ਦੀ ਪੜ੍ਹਾਈ, ਖੇਡਾਂ ਅਤੇ ਚੰਗੇ ਬੁਨਿਆਦੀ ਢਾਂਚੇ ਅਤੇ ਸਕੂਲ ਦਾ ਚੰਗਾ ਵਾਤਾਵਰਨ ਬਣਾਉਣ ਵਿੱਚ ਵਿਲੱਖਣ ਯੋਗਦਾਨ ਹੈ, ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਸਕੂਲਾਂ ਦੇ ਪ੍ਰਿੰਸੀਪਲ, ਸਟਾਫ ਅਤੇ ਮੈਨੇਜਮੈਂਟ ਕਮੇਟੀਆਂ ਨੂੰ ਸਨਮਾਨਿਤ ਕਰਨ ਦੀ ਕੋਈ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਡਾਕਟਰ ਦਲਜੀਤ ਸਿੰਘ ਚੀਮਾ :** ਹਾਂ ਜੀ। ਹਰੇਕ ਸਾਲ ਸਰਕਾਰ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਕੀਤੇ ਚੰਗੇ ਪ੍ਰਦਰਸ਼ਨ/ਯੋਗਦਾਨ ਲਈ ਵੱਖ-ਵੱਖ

ਕੈਟਾਗਰੀਆਂ ਦੇ ਅਧਿਆਪਕਾਂ ਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਹੁਣ ਤੱਕ ਇਹ ਅਵਾਰਡ ਸਿਰਫ਼ ਸਰਕਾਰੀ ਅਤੇ ਏਡਿਡ ਸਕੂਲਾਂ ਦੇ ਅਧਿਆਪਕਾਂ ਨੂੰ ਸੇਵਾ ਕਾਲ ਦੇ ਦੌਰਾਨ ਹੀ ਦਿੱਤੇ ਜਾਂਦੇ ਹਨ।

ਇਸ ਸਾਲ ਤੋਂ ਇੱਕ ਪੁਰਸ਼ ਅਤੇ ਇੱਕ ਮਹਿਲਾ ਅਧਿਆਪਕ ਨੂੰ ਸਿੱਖਿਆ ਦੇ ਖੇਤਰਾਂ ਵਿੱਚ ਵਿਸ਼ੇਸ਼ ਯੋਗਦਾਨ ਪਾਉਣ ਲਈ ਲਾਈਫ਼ ਟਾਈਮ ਅਚੀਵਮੈਂਟ ਅਵਾਰਡ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ ਸਰਕਾਰੀ/ਏਡਿਡ/ਪ੍ਰਾਈਵੇਟ ਸਾਰੇ ਅਦਾਰਿਆਂ ਦੇ ਅਧਿਆਪਕ ਸ਼ਾਮਿਲ ਹਨ। ਇਸ ਇਨਾਮ ਲਈ ਕੋਈ ਉਮਰ ਸੀਮਾ ਵੀ ਨਹੀਂ ਰੱਖੀ ਗਈ।

ਅੱਗੋਂ ਤੋਂ ਸਰਕਾਰ ਵੱਲੋਂ ਪ੍ਰਾਈਵੇਟ ਅਦਾਰਿਆਂ ਨਾਲ ਸਬੰਧਿਤ ਵਧੀਆ ਅਧਿਆਪਕਾਂ ਨੂੰ ਸਨਮਾਨਿਤ ਕਰਨ ਸਬੰਧੀ ਵੀ ਮਾਮਲਾ ਵਿਚਾਰ ਅਧੀਨ ਹੈ। ਜਿੱਥੋਂ ਤੱਕ ਮਨੇਜਮੈਂਟ ਕਮੇਟੀਆਂ ਨੂੰ ਸਨਮਾਨਿਤ ਕਰਨ ਦਾ ਸਵਾਲ ਹੈ, ਇਸ ਦਾ ਹਾਲੇ ਤੱਕ ਇਸ ਪਾਲਿਸੀ ਵਿਚ ਕੋਈ ਉਪਬੰਧ ਨਹੀਂ ਹੈ ਪਰ ਇਸ ਉਪਰ ਵੀ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇਗਾ।

------------

## ਸੁਨਾਮ ਦੇ ਰੈਸਟ ਹਾਊਸ ਦੇ ਰੱਖ-ਰਖਾਵ ਤੇ ਕੀਤਾ ਗਿਆ ਖਰਚਾ ਅਤੇ ਕਿਰਾਏ ਵਜੋਂ ਹੋਈ ਕਮਾਈ ਸਬੰਧੀ

***2577. ਸਰਦਾਰ ਅਜਾਇਬ ਸਿੰਘ ਭੱਟੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਸੁਨਾਮ (ਸੰਗਰੂਰ) ਵਿਖੇ ਸਬੰਧਿਤ ਵਿਭਾਗ ਦੇ ਰੈਸਟ ਹਾਊਸ ਦੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਹੁਣ ਤੱਕ ਇਸ ਦੀ ਉਸਾਰੀ ਅਤੇ ਬੁਨਿਆਦੀ ਢਾਂਚੇ ਤੇ ਕੁੱਲ ਕਿੰਨੇ ਫੰਡ ਖਰਚ ਕੀਤੇ ਗਏ ਅਤੇ ਸਾਲ 2015 ਦੇ ਸਮੇਂ ਦੌਰਾਨ ਇਸ ਦੇ ਰੱਖ-ਰਖਾਵ ਤੇ ਕਿੰਨੀ ਰਕਮ ਖਰਚ ਕੀਤੀ ਗਈ ?

(ਅ) ਉਕਤ ਰੈਸਟ ਹਾਊਸ ਵਿੱਚ ਇਸ ਸਮੇਂ ਕੰਮ ਕਰਨ ਵਾਲੇ ਅਮਲੇ ਦੀ ਗਿਣਤੀ ਕਿੰਨੀ ਹੈ ਅਤੇ ਇਸ ਵਿੱਚ ਮਹੀਨਾ-ਵਾਰ ਕੁੱਲ ਕਿੰਨੇ ਮਹਿਮਾਨ ਠਹਿਰੇ ਅਤੇ ਸਾਲ 2015 ਦੇ ਦੌਰਾਨ ਇਸ ਰੈਸਟ ਹਾਊਸ ਵਿੱਚ ਠਹਿਰਨ ਵਾਲੇ ਮਹਿਮਾਨਾਂ ਤੋਂ ਕਿਰਾਏ ਵਜੋਂ ਕਿੰਨੀ ਰਾਸ਼ੀ ਵਸੂਲ ਕੀਤੀ ਗਈ ?

**ਸਰਦਾਰ ਜਨਮੇਜਾ ਸਿੰਘ ਸੇਖੋਂ :** ਸ਼੍ਰੀਮਾਨ ਜੀ,

(ੳ) ਸੁਨਾਮ (ਸੰਗਰੂਰ) ਵਿਖੇ ਰੈਸਟ ਹਾਊਸ ਦੀ ਜ਼ਮੀਨ ਦਾ ਕੁੱਲ ਰਕਬਾ 1 ਏਕੜ 5 ਕਨਾਲ 13 ਮਰਲੇ ਹੈ। ਹੁਣ ਤੱਕ ਇਸ ਦੀ ਉਸਾਰੀ ਅਤੇ ਬੁਨਿਆਦੀ ਢਾਂਚੇ ਤੇ ਲਗਭੱਗ 23.00 ਲੱਖ ਰੁਪਏ ਖਰਚ ਕੀਤੇ ਗਏ ਹਨ ਅਤੇ ਸਾਲ 2015 ਦੇ ਸਮੇਂ ਦੌਰਾਨ ਇਸ ਦੇ ਰੱਖ-ਰਖਾਵ ਤੇ ਲਗਭੱਗ 92,000/- ਰੁਪਏ ਖਰਚ ਕੀਤੇ ਗਏ ਹਨ।

(ਅ) ਸੁਨਾਮ (ਸੰਗਰੂਰ) ਵਿਖੇ ਰੈਸਟ ਹਾਊਸ ਵਿਚ ਇਸ ਸਮੇਂ 1 ਚੌਕੀਦਾਰ ਅਤੇ 1 ਪਾਰਟ ਟਾਈਮ ਸਵੀਪਰ ਕੰਮ ਕਰ ਰਹੇ ਹਨ ਅਤੇ ਇਸ ਵਿੱਚ ਸਾਲ 2015 ਵਿਚ ਹੇਠ ਲਿਖੇ ਅਨੁਸਾਰ ਕੁੱਲ 9 ਮਹਿਮਾਨ ਠਹਿਰੇ ਹਨ।

| ਲੜੀ ਨੰ. | ਮਹੀਨਾ | ਮਹਿਮਾਨਾਂ ਦੀ ਗਿਣਤੀ |
|---|---|---|
| 1 | 02/2015 | 1 |
| 2 | 05/2015 | 1 |
| 3 | 06/2015 | 1 |
| 4 | 10/2015 | 4 |
| 5 | 11/2015 | 1 |
| 6 | 12/2015 | 1 |

ਸਾਲ 2015 ਦੇ ਦੌਰਾਨ ਇਸ ਰੈਸਟ ਹਾਊਸ ਵਿਚ ਠਹਿਰਨ ਵਾਲੇ ਮਹਿਮਾਨਾਂ ਤੋਂ ਕਿਰਾਏ ਵਜੋਂ ਬਾਬਤ ਰੁਪਏ 1830/- ਵਸੂਲ ਕਰਕੇ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਏ ਗਏ ਹਨ ਜੀ।

-----------------

## ANNOUNCEMENT BY THE SPEAKER REGARDING PANEL OF CHAIRMEN

**ਮਾਨਯੋਗ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਦੇ ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਦੇ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਇਕਬਾਲ ਸਿੰਘ ਝੂੰਦਾਂ
2. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ
3. ਸ਼੍ਰੀ ਬ੍ਰਹਮ ਮਹਿੰਦਰਾ
4. ਸ਼੍ਰੀ ਮਨੋਰੰਜਨ ਕਾਲੀਆ

---

## ANNOUNCEMENT BY THE SECRETARY

**ਮਾਨਯੋਗ ਸਪੀਕਰ :** ਹੁਣ ਸਕੱਤਰ ਸਾਹਿਬਾ ਅਨਾਊਂਸਮੈਂਟ ਕਰਨਗੇ।

**ਸਕੱਤਰ :** ਮੈਂ 14ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਬਾਰਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦੀ ਹਾਂ :-

1. ਮਹਾਰਾਜਾ ਰਣਜੀਤ ਸਿੰਘ ਰਾਜ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ, 2016
2. ਕੋਰਟ ਫੀਸ (ਪੰਜਾਬ ਸੋਧਨਾ) ਬਿਲ, 2016
3. ਭਾਰਤੀ ਅਸ਼ਟਾਮ (ਪੰਜਾਬ ਸੋਧਨਾ) ਬਿਲ, 2016
4. ਪੰਜਾਬ ਪੇਂਡੂ ਵਿਕਾਸ (ਸੋਧਨਾ) ਬਿਲ, 2016
5. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ) ਬਿਲ, 2016
6. ਪੰਜਾਬ ਪਲਾਸਟਿਕ ਦੇ ਲਿਫਾਫੇ (ਬਨਾਉਣ, ਵਰਤੋਂ ਕਰਨ ਅਤੇ ਨਿਪਟਾਰਾ) ਕੰਟਰੋਲ (ਸੋਧਨਾ) ਬਿਲ, 2016
7. ਪੰਜਾਬ ਨਮਿੱਤਣ ਬਿਲ, 2016
8. ਪੰਜਾਬ ਰਾਜ ਇਸਤਰੀ ਕਮਿਸ਼ਨ (ਸੋਧਨਾ) ਬਿਲ, 2016
9. ਪੰਜਾਬ ਬੁਨਿਆਦੀ ਢਾਂਚਾ (ਵਿਕਾਸ ਅਤੇ ਵਿਨਿਯਮਨ) (ਸੋਧਨਾ) ਬਿਲ, 2016
10. ਪੰਜਾਬ ਨਮਿੱਤਣ (ਨੰ:2) ਬਿਲ, 2016
11. ਪੰਜਾਬ ਗਊ-ਸੇਵਾ ਕਮਿਸ਼ਨ(ਸੋਧਨਾ) ਬਿਲ, 2016

12. ਪੰਜਾਬ ਬੋਵਾਈਨ ਬ੍ਰੀਡਿੰਗ ਬਿਲ, 2016
13. ਪੰਜਾਬ ਪ੍ਰਾਈਵੇਟ ਪ੍ਰਬੰਧ ਹੇਠਲੇ ਸਹਾਇਤਾ ਪ੍ਰਾਪਤ ਕਾਲਜਾਂ (ਅੰਤਿਮ ਅਦਾਇਗੀਆਂ ਦੂ ਗ੍ਰਾਂਟ-ਇਨ-ਏਡ ਦੀ ਅਦਾਇਗੀ ਨਾ ਕਰਨਾ) ਬਿਲ, 2016
14. ਪੰਜਾਬ ਮਿਊਂਸਿਪਲ (ਸੋਧਨਾ) ਬਿਲ, 2016
15. ਪੰਜਾਬ ਮਿਊਂਸਿਪਲ ਕਾਰਪੋਰਸ਼ਨ (ਸੋਧਨਾ) ਬਿਲ, 2016
16. ਅੰਮ੍ਰਿਤਸਰ ਵਾਲਡ ਸਿਟੀ (ਵਰਤੋਂ ਦੀ ਮਾਨਤਾ) ਬਿਲ, 2016
17. ਪੰਜਾਬ ਆਬਕਾਰੀ (ਸੋਧਨਾ) ਬਿਲ, 2016
18. ਪੰਜਾਬ ਨਮਿੱਤਣ (ਨੰ:3) ਬਿਲ, 2016
19. ਭਾਰਤੀ ਅਸ਼ਟਾਮ (ਪੰਜਾਬ ਦੂਜੀ ਸੋਧਨਾ) ਬਿਲ, 2016
20. ਪੰਜਾਬ ਪੈਕੇਜ ਡੀਲ ਪ੍ਰਾਪਰਟੀਜ਼ (ਨਿਪਟਾਰਾ) ਸੋਧਨਾ ਬਿਲ, 2016
21. ਪੰਜਾਬ ਖੇਤੀਬਾੜੀ ਕਰਜ਼ਦਾਰੀ ਦਾ ਨਿਪਟਾਰਾ ਬਿਲ, 2016

--------------

(ਵਿਘਨ)....... (ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਤੁਹਾਨੂੰ 'ਨੋ-ਕਾਨਫੀਡੈਂਸ ਮੋਸ਼ਨ' ਦਿੱਤਾ ਸੀ।

**ਮਾਨਯੋਗ ਸਪੀਕਰ :** ਮੈਂ ਕਿਹਾ ਜੀ ਮੈਂ ਤੁਹਾਨੂੰ ਜ਼ੀਰੋ ਆਵਰ ਤੋਂ ਬਾਅਦ ਉਸ ਦੇ ਬਾਰੇ ਦੱਸਾਂਗਾ। (ਵਿਘਨ)(ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਪਹਿਲਾਂ 'ਨੋ ਕਾਨਫੀਡੈਂਸ ਮੋਸ਼ਨ' ਲਓ ਜੀ। ਜ਼ੀਰੋ ਆਵਰ ਬਾਅਦ ਵਿੱਚ ਕਰਵਾਉਣਾ ਜੀ। (ਵਿਘਨ)

**ਮਾਨਯੋਗ ਸਪੀਕਰ :** ਠੀਕ ਹੈ ਜੀ। ਪਹਿਲਾਂ ਤੁਸੀਂ 'ਨੋ ਕਾਨਫੀਡੈਂਸ ਮੋਸ਼ਨ' ਲੈ ਲਓ। ਜਿਵੇਂ ਤੁਸੀਂ ਕਹਿੰਦੇ ਹੋ। ਉਸ ਤਰ੍ਹਾਂ ਕਰ ਲੈਂਦੇ ਹਾਂ ਜੀ।

## NO CONFIDENCE MOTION

**Mr. Speaker:** I have received a Notice of No Confidence Motion under Rule 58(1)(a) of the Rules of Procedure and Conduct of Business in the Punjab Vidhan Sabha (Punjab Legislative Assembly) from Sardar Charanjit Singh Channi, Leader of the Opposition. He may please seek the leave of the House as required under the Rules.

**Sardar Charanjit Singh Channi :** Sir, I beg to ask for leave of the House to move the following Motion:-

"This House expresses its No Confidence in the present Council of Ministers headed by Sardar Parkash Singh Badal, Chief Minister, Punjab."

**Mr. Speaker :** The Motion is in Order. It reads-

"This House expresses its No Confidence in the present Council of Ministers headed by Sardar Parkash Singh Badal, Chief Minister, Punjab."

Those Hon'ble Members who are in favour of leave being granted may please rise in their seats.

(At this stage, a total of 40 Members, 37 Members of the INC present in the House alongwith three Independent Members, Shri Rajneesh Kumar, Sardar Simarjit Singh Bains and Sardar Balwinder Singh Bains rose in their seats)

**Mr. Speaker:** Forty Members have risen in favour of the motion, and since the number of Members in favour of the Leave being granted is more than the number required under Rule 58(2) of the Rules of Procedure and Conduct of Business in the Punjab Vidhan Sabha (Punjab Legislative Assembly), the leave is granted. ਇਸ ਦੇ ਲਈ ਜਿਹੜਾ ਟਾਈਮ ਹੈ, that I will allot.

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਟਾਈਮ ਤਾਂ ਦੱਸ ਦਿਓ।

**ਮਾਨਯੋਗ ਸਪੀਕਰ:** ਨਹੀਂ, ਉਹ ਮੈਂ ਆਪ ਤੁਹਾਨੂੰ ਟਾਈਮ ਦਿਆਂਗਾ। ਅੱਜ ਤੁਸੀਂ ਇਹ ਮਤਾ ਲਿਆਂਦਾ ਹੈ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੇਰੀ ਵੀ ਬੇਨਤੀ ਹੈ ਕਿ ਜੋ ਲੀਡਰ ਆਫ ਦਿ ਆਪੋਜ਼ੀਸ਼ਨ ਨੇ 'ਨੋ ਕਾਨਫੀਡੈਂਸ ਮੋਸ਼ਨ' ਲਿਆਂਦੀ ਹੈ, ਤੁਸੀਂ ਮਨਜ਼ੂਰ ਤਾਂ ਕਰ ਲਈ ਹੈ ਪਰ ਮੈਂ ਸਮਝਦਾ ਹਾਂ ਕਿ ਇਹ ਬਹੁਤ ਅੱਛਾ ਹੋ ਗਿਆ, ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਸਾਹਮਣੇ ਆ ਗਿਆ ਹੈ। (ਥੰਪਿੰਗ) ਅਸੀਂ ਤਾਂ ਚਾਹੁੰਦੇ ਸਾਂ।(ਵਿਘਨ)

(ਇਸ ਸਮੇਂ ਸਦਨ ਵਿੱਚ ਮਾਨਯੋਗ ਮੁੱਖ ਮੰਤਰੀ ਜੀ ਦਾ ਮਾਈਕ ਕੰਮ ਨਹੀਂ ਕਰ ਰਿਹਾ ਸੀ।)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਮਾਈਕ ਤਾਂ ਚਲਵਾ ਦਿਓ ਜੀ।

**ਮਾਨਯੋਗ ਸਪੀਕਰ**: ਮਾਈਕ ਆਨ ਕਰੋ ਜੀ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਬਾਦਲ ਸਾਹਿਬ, ਤੁਹਾਡੀ ਆਵਾਜ਼ ਜਾਣ-ਬੁੱਝ ਕੇ ਬੰਦ ਕਰ ਦਿੱਤੀ ਗਈ ਹੈ ਜੀ (ਹਾਸਾ)।

**Mr. Speaker:** Silence please.

**ਮੁੱਖ ਮੰਤਰੀ:** ਮੇਰਾ ਗਲਾ ਖਰਾਬ ਹੈ ਜੀ ਪਰ ਤੁਹਾਡੇ ਵਾਸਤੇ ਇਹ ਅਵਾਜ਼ ਬਥੇਰੀ ਹੈ (ਵਿਘਨ)(ਸ਼ੋਰ)... ਲੀਡਰ ਆਫ ਦਿ ਆਪੋਜ਼ੀਸ਼ਨ ਸਾਹਿਬ, ਇਨ੍ਹਾਂ ਨੇ ਤੁਹਾਨੂੰ ਜਾਲ ਵਿੱਚ ਫਸਾ ਲਿਆ ਹੈ। ਇਸ ਵਿੱਚ ਤੁਹਾਡੀ ਬਦਨਾਮੀ ਹੋਵੇਗੀ। ਇਸ ਵਿੱਚੋਂ ਕੁਝ ਨਹੀਂ ਨਿਕਲਣਾ। ਤੁਸੀਂ ਤਾਂ ਨਵੇਂ ਹੋ, ਪੁਰਾਣੇ ਬੜੇ ਚਤੁਰ ਹਨ। (ਹਾਸਾ) ਇਹ ਨਹੀਂ ਚਾਹੁੰਦੇ ਕਿ ਤੁਸੀਂ ਇੱਥੇ ਬੈਠੋ। ਅਸੀਂ ਤਾਂ ਖੁਸ਼ ਹਾਂ। ਮੈਂ ਤਾਂ ਐਕਸਪੈਕਟ ਕਰਦਾ ਸੀ ਕਿ ਮੋਸ਼ਨ ਜ਼ਰੂਰ ਆਵੇ.... (ਵਿਘਨ) (ਸ਼ੋਰ)

**Mr. Speaker :** Please silence now.

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਇਸ ਬਹਿਸ ਲਈ ਛੇਤੀ ਤੋਂ ਛੇਤੀ ਟਾਈਮ ਫਿਕਸ ਕਰ ਦਿਉ।

**ਮਾਨਯੋਗ ਸਪੀਕਰ :** ਮੇਰੀ ਇੱਕ ਬੇਨਤੀ ਹੈ। ਦਰਅਸਲ ਗੱਲ ਇਹ ਹੈ ਕਿ ਮੈਂ ਇਸ ਬਾਰੇ ਅੱਜ ਗੱਲ ਕਰਨੀ ਨਹੀਂ ਚਾਹੁੰਦਾ ਸੀ........

(ਇਸ ਸਮੇਂ ਸਦਨ ਦੇ ਮਾਈਕ ਬੰਦ ਹੋ ਗਏ ਅਤੇ ਕੋਈ ਵੀ ਆਵਾਜ਼ ਸਾਫ ਸੁਣਾਈ ਨਹੀਂ ਦੇ ਰਹੀ ਸੀ।)

## SHORT ADJOURNMENTS OF THE HOUSE

**ਮਾਨਯੋਗ ਸਪੀਕਰ:** ਸਦਨ 15 ਮਿੰਟ ਲਈ ਸਥਗਿਤ ਕੀਤਾ ਜਾਂਦਾ ਹੈ।

*11.06 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਦਨ 11.21 ਵਜੇ ਪੂਰਵ ਦੁਪਹਿਰ ਤੱਕ ਸਥਗਿਤ ਹੋ ਗਿਆ।)

*11.21 ਵਜੇ ਪੂਰਵ ਦੁਪਹਿਰ (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

(ਵਿਘਨ)(ਸ਼ੋਰ)

(ਇਸ ਸਮੇਂ ਵੀ ਸਦਨ ਵਿਚ ਮਾਈਕ ਖਰਾਬ ਸਨ ਜਿਸ ਕਾਰਨ ਹਾਊਸ ਦੁਬਾਰਾ ਐਡਜਰਨ ਕਰ ਦਿੱਤਾ ਗਿਆ।)

-------------

**ਮਾਨਯੋਗ ਸਪੀਕਰ:** ਸਦਨ ਮੁੜ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

*11.21 ਵਜੇ ਪੂਰਵ ਦੁਪਹਿਰ (ਇਸ *ਸਮੇਂ ਸਦਨ 12.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

*12.30 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

-------------

**ਮਾਨਯੋਗ ਸਪੀਕਰ :** ਸੀ. ਐਮ. ਸਾਹਿਬ । (ਵਿਘਨ) ਬਾਦਲ ਸਾਹਿਬ ਕੁਝ ਕਹਿਣਾ ਚਾਹੁੰਦੇ ਸਨ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਪਹਿਲਾਂ ਜ਼ੀਰੋ ਆਵਰ ਦੇ ਦਿਓ ।

**ਮਾਨਯੋਗ ਸਪੀਕਰ :** ਬਾਦਲ ਸਾਹਿਬ ਕੁਝ ਕਹਿਣਾ ਚਾਹੁੰਦੇ ਸਨ । ਜ਼ੀਰੋ ਆਵਰ ਬਾਅਦ ਵਿੱਚ ਦਿਆਂਗੇ। ਉਦੋਂ ਮਾਈਕ ਖਰਾਬ ਹੋ ਗਿਆ ਸੀ, ਜਦੋਂ ਬਾਦਲ ਸਾਹਿਬ ਕੁਝ ਕਹਿਣਾ ਚਾਹੁੰਦੇ ਸਨ ।

**ਮੁੱਖ ਮੰਤਰੀ :** ਮੈਂ ਤਾਂ ਡਾਕਟਰ ਅੰਬੇਦਕਰ ਸਾਹਿਬ ਤੇ ਬੋਲਣਾ ਸੀ ।

**ਮਾਨਯੋਗ ਸਪੀਕਰ :** ਚਲੋ, ਫਿਰ ਠੀਕ ਹੈ । ਹਾਂ ਜੀ, ਚੰਨੀ ਜੀ । (ਵਿਘਨ) ਪਹਿਲਾਂ ਮੈਨੂੰ ਕੰਮ ਕਰ ਲੈਣ ਦਿਓ । (ਵਿਘਨ) ਹਾਂ ਜੀ, ਭੈਣ ਜੀ ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, .........

(ਇਸ ਸਮੇਂ ਵੀ ਮਾਈਕ ਠੀਕ ਨਹੀਂ ਚੱਲ ਰਹੇ ਸਨ।)

**ਮਾਨਯੋਗ ਸਪੀਕਰ :** ਇਹ ਤਾਂ ਮਾਈਕ ਫਿਰ ਖਰਾਬ ਹਨ । ਬੀਬੀ ਜੀ, ਇੱਕ ਮਿੰਟ ਠਹਿਰ ਜਾਓ ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਇਹ ਪਹਿਲੀ ਵਾਰ ਦੇਖਿਆ ਹੈ ਕਿ ਸਪੀਕਰ ਸਾਹਿਬ ਦਾ ਵੀ ਮਾਈਕ ਆਫ ਹੋ ਜਾਵੇ ਤੇ ਸਾਡਾ ਵੀ ਆਫ ਹੋ ਜਾਵੇ ।

(ਇਸ ਸਮੇਂ ਵੀ ਮਾਈਕ ਵਿੱਚੋਂ ਬਹੁਤ ਅਵਾਜ਼ ਆ ਰਹੀ ਸੀ ਅਤੇ ਠੀਕ ਨਹੀਂ ਚੱਲ ਰਹੇ ਸਨ ।)

**ਮਾਨਯੋਗ ਸਪੀਕਰ :** ਭੈਣ ਜੀ, ਇਸ ਦਾ ਮੈਨੂੰ ਵੀ ਅਫਸੋਸ ਹੈ । ਹਾਊਸ ਦਾ ਟਾਈਮ ਖਰਾਬ ਹੋ ਰਿਹਾ ਹੈ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੈਂ ਸਦਨ ਦੇ ਧਿਆਨ ਵਿੱਚ ਇੱਕ ਮਾਮਲਾ ਲਿਆਉਣਾ ਚਾਹੁੰਦੀ ਹਾਂ ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ।

**ਮਾਨਯੋਗ ਸਪੀਕਰ:** ਨਹੀਂ ਜੀ।

-----------

## MATTERS RAISED DURING ZERO HOUR AND STATEMENTS MADE BY THE CHIEF MINISTER AND MINISTER THEREON

**ਮਾਨਯੋਗ ਸਪੀਕਰ :** ਇਸ ਸਮੇਂ ਜ਼ੀਰੋ ਆਵਰ ਸ਼ੁਰੂ ਹੋ ਗਿਆ ਹੈ ।

**ਸ਼੍ਰੀ ਮਨੋਰੰਜਨ ਕਾਲੀਆ :** ਸਪੀਕਰ ਸਾਹਿਬ, ਜੇ 'ਨੋ ਕਾਂਨਫੀਡੈਂਸ ਮੋਸ਼ਨ' ਆ ਗਈ ਹੈ ਤੇ ਫਿਰ ਜ਼ੀਰੋ ਆਵਰ ਵੀ ਨਹੀਂ ਹੋ ਸਕਦਾ ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਇਹ ਰੂਲਜ਼ ਸਪੀਕਰ ਸਾਹਿਬ ਨੇ ਦੇਖਣੇ ਹਨ ਜਾਂ ਕਾਲੀਆ ਜੀ ਨੇ ਦੇਖਣੇ ਹਨ ? (ਵਿਘਨ) (ਸ਼ੋਰ) ਇਹ ਸਪੀਕਰ ਸਾਹਿਬ ਨੇ ਲੁੱਕ ਆਫਟਰ ਕਰਨਾ ਹੈ ਕਿ ਕਿਹੜਾ ਬਿਜ਼ਨਸ ਪਹਿਲਾਂ ਲੈਣਾ ਹੈ ਅਤੇ ਕਿਹੜਾ ਬਾਅਦ ਵਿੱਚ ਲੈਣਾ ਹੈ । (ਵਿਘਨ) ਸਪੀਕਰ ਸਾਹਿਬ, ਕੀ ਮੈਂ ਫਿਰ ਬੋਲਾਂ ਜੀ? (ਵਿਘਨ)

**ਮਾਨਯੋਗ ਸਪੀਕਰ :** ਪਹਿਲਾਂ ਜੋ ਸਿਸਟਮ ਚੱਲ ਰਿਹਾ ਹੈ, ਉਸ ਨੂੰ ਚੱਲਣ ਦਿਓ ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੈਂ ਇੱਕ ਬੜਾ ਹੀ ਗੰਭੀਰ ਮੁੱਦਾ ਤੇ ਮਾਮਲਾ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦੀ ਹਾਂ ਤੇ ਮੈਂ ਸਮਝਦੀ ਹਾਂ ਕਿ ਤੁਸੀਂ ਕੋਈ ਨਾ ਕੋਈ ਆਪਣਾ ਡਿਸੀਜ਼ਨ ਦਿਓਗੇ । ਲਾਸਟ ਟਾਈਮ ਸਾਡੇ ਇੱਕ ਮਾਨਯੋਗ ਮੈਂਬਰ ਸਰਦਾਰ ਰਣਦੀਪ ਸਿੰਘ ਜੀ ਨੇ ਇੱਕ ਮਾਮਲਾ ਉਠਾਇਆ ਸੀ ਜਿਸ ਤੇ ਜਵਾਬ ਸੀ.ਐਮ. ਸਾਹਿਬ ਨੇ ਦਿੱਤਾ ਸੀ । ਮਾਮਲਾ ਇਹ ਸੀ ਕਿ ਕਾਂਸਟੀਚਿਊਸ਼ਨਲ ਤੌਰ ਤੇ ਐਮ. ਐਲ. ਏ. ਜਾਂ ਵਜ਼ੀਰ ਹੀ ਲੋਕਾਂ ਵਿੱਚ ਜਾ ਕੇ ਚੈੱਕ ਵੰਡ ਸਕਦੇ ਹਨ, ਹਲਕਾ ਇੰਚਾਰਜ ਨਹੀਂ ਵੰਡ ਸਕਦੇ। ਸੀ. ਐਮ. ਸਾਹਿਬ ਨੇ ਐਸ਼ਿਓਰ ਕੀਤਾ ਸੀ ਕਿ ਅਜਿਹਾ ਕਦੀ ਵੀ ਨਹੀਂ ਹੋਵੇਗਾ । ਅੱਜ ਤੋਂ ਬਾਅਦ ਇਹ ਨਹੀਂ ਹੋਣਾ । ਮੇਰੇ ਕੋਲ ਡਾਕੂਮੈਂਟਰੀ ਪਰੂਫ ਹੈ । ਮੇਰੇ ਹਲਕੇ ਵਿੱਚ ਸਾਡੇ ਮਾਨਯੋਗ ਐਮ. ਐਲ.ਏ. ਦੀ ਧਰਮ ਪਤਨੀ, ਮੇਰੀ ਛੋਟੀ ਭੈਣ ਜਾਂ ਬੱਚੀ ਕਹਿ ਲਓ, ਉਹ ਆਏ। ਮੈਨੂੰ ਕਿਸੇ ਤੇ ਪਰਸਨਲ ਗਿਲਾ ਨਹੀਂ ਹੈ, ਆਪਣੇ ਹਲਕੇ ਵਿੱਚ ਆ ਕੇ ਜੋ ਮਰਜ਼ੀ ਕਰਨ । ਮੈਂ ਤਾਂ ਲਹਿਰੇਗਾਗੇ ਬੈਠੀ ਹਾਂ । ਢੀਂਡਸਾ ਜੀ ਸਾਡੇ ਖਜ਼ਾਨਾ ਮੰਤਰੀ ਹਨ, ਇਹ ਭਾਵੇਂ ਸੁਨਾਮ ਦੇ ਹਨ ਪਰ ਮੰਤਰੀ ਹੋਣ ਦੇ ਨਾਤੇ ਇਹ ਜਦੋਂ ਮਰਜ਼ੀ ਆਉਣ, ਮੈਂ ਇਨ੍ਹਾਂ ਤੇ ਕੋਈ ਇਤਰਾਜ਼ ਨਹੀਂ ਕਰਦੀ ਪਰ ਇਨ੍ਹਾਂ ਦੇ ਸ਼੍ਰੀਮਤੀ ਜੀ ਉਥੇ 16 ਕਰੋੜ ਰੁਪਏ ਦੇ ਚੈੱਕ ਵੰਡ ਕੇ ਆਏ ਹਨ ਜਿਸ ਦਾ ਮੇਰੇ ਕੋਲ ਬਕਾਇਦਾ ਪਰੂਫ ਹੈ । ਇੰਨੇ ਚੈੱਕ ਤਾਂ ਸ਼ਾਇਦ ਸੀ.ਐਮ. ਸਾਹਿਬ ਨੇ ਵੀ ਨਾ ਵੰਡੇ ਹੋਣ । ਕਿਸੇ ਵਜ਼ੀਰ ਜਾਂ ਐਮ.ਐਲ.ਏ. ਨੂੰ ਵੀ ਇੰਨੇ ਫੰਡ ਨਹੀਂ ਮਿਲਦੇ ਹੋਣਗੇ। ਇੱਕੋ ਗੇੜੇ ਵਿੱਚ ਹੀ 16 ਕਰੋੜ ਰੁਪਏ ਵੰਡੇ ਹਨ । ਹਰ ਗੇੜੇ ਵਿੱਚ ਉਹ ਕਰੋੜਾਂ ਰੁਪਏ ਵੰਡਦੇ ਹਨ। ਮੈਂ ਇਹ ਜਾਣਨਾ ਚਾਹੁੰਦੀ ਹਾਂ ਕਿ ਕੀ ਉਹ ਇਹ ਪੈਸੇ ਵੰਡ ਸਕਦੇ ਹਾਂ ਜਾਂ ਨਹੀਂ ਵੰਡ ਸਕਦੇ ? ਸੀ. ਐਮ. ਸਾਹਿਬ ਨੇ ਪਿਛਲੀ ਵਾਰ ਵਿਧਾਨ ਸਭਾ

[ ਸ਼੍ਰੀਮਤੀ ਰਜਿੰਦਰ ਕੌਰ ਭੱਠਲ ]

ਵਿੱਚ ਇਸ ਬਾਰੇ ਐਸ਼ਿਓਰ ਕੀਤਾ ਸੀ । ਇਸ ਲਈ ਇਸ ਸਬੰਧੀ ਸਾਡੀ ਮਰਿਆਦਾ ਕੀ ਮੰਗ ਕਰਦੀ ਹੈ ? ਇਸ ਤੇ ਕੀ ਐਕਸ਼ਨ ਹੋਣਾ ਚਾਹੀਦਾ ਹੈ ? ਸਪੀਕਰ ਸਾਹਿਬ, ਇਸ ਬਾਰੇ ਤੁਸੀਂ ਡਿਸਾਈਡ ਕਰੋ । ਆਪਣੀ ਧਰਮ ਪਤਨੀ ਤੋਂ ਚੈੱਕ ਵੰਡਾਉਣ ਨਾਲ ਜੋ ਕਾਂਸਟੀਚਿਊਸ਼ਨ ਦੀ ਅਵੱਗਿਆ ਹੋਈ ਹੈ, ਇਸ ਬਾਰੇ ਤੁਸੀਂ ਕੀ ਮਾਪ-ਦੰਡ ਤੈਅ ਕਰਦੇ ਹੋ ? This is a very serious matter. ਵਿਧਾਨ ਸਭਾ ਵਿੱਚ ਸੀ.ਐਮ. ਸਾਹਿਬ ਵੱਲੋਂ ਦਿੱਤੀ ਐਸ਼ਿਓਰੈਂਸ ਅਤੇ ਉਨ੍ਹਾਂ ਦੇ ਹੁਕਮਾਂ ਤੋਂ ਬਾਅਦ ਵੀ ਅਜਿਹਾ ਹੋਇਆ ਹੈ । ਕਾਂਸਟੀਚਿਊਸ਼ਨ ਨੇ ਕਿਸੇ ਨੂੰ ਕੋਈ ਅਧਿਕਾਰ ਨਹੀਂ ਦਿੱਤਾ । ਸਰਕਾਰੀ ਖਜ਼ਾਨੇ ਵਿੱਚੋਂ ਇਹ ਚੈੱਕ ਜਾਰੀ ਹੋਏ ਸੀ । ਕੋਈ ਨਿੱਕਾ ਮੋਟਾ ਕੰਮ ਨਹੀਂ, ਇਹ ਨਹੀਂ ਕਿ ਕਿਸੇ ਨੂੰ ਚਰਖਾ ਜਾਂ ਮਸ਼ੀਨ ਦੇ ਦਿੱਤੀ, ਕਰੋੜਾਂ ਵਿੱਚ ਪੈਸਾ ਵੰਡਿਆ ਜਾ ਰਿਹਾ ਹੈ, ਇਹ ਪੈਸੇ ਉਹ ਸ਼੍ਰੀਮਤੀ ਜੀ ਦੇ ਰਹੇ ਹਨ । ਮੇਰੇ ਕੋਲ ਬਕਾਇਦਾ ਪਰੂਫ ਹੈ । (ਮੋਬਾਈਲ ਦਿਖਾਉਂਦੇ ਹੋਏ) ਜਿੱਥੇ ਮਰਜ਼ੀ ਕੋਈ ਚਾਹੇ, ਮੈਂ ਦਿਖਾ ਦਿੰਦੀ ਹੈ। ਮੈਂ ਤੁਹਾਡੇ ਕੋਲ ਵੀ ਭੇਜ ਦਿੰਦੀ ਹਾਂ । ਸਪੀਕਰ ਸਾਹਿਬ, ਇਸ ਤੇ ਕੀ ਐਕਸ਼ਨ ਲੈ ਰਹੇ ਹੋ? ਇਸ ਤੇ ਗੌਰਮਿੰਟ ਕੀ ਡਿਸਾਈਡ ਕਰਦੀ ਹੈ ? ਇਹ ਮੈਂ ਜਾਣਨਾ ਚਾਹੁੰਦੀ ਹਾਂ ।

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਮੈਂ ਇਸੇ ਮਸਲੇ ਵਿੱਚ ਕੁਝ ਕਹਿਣਾ ਚਾਹੁੰਦਾ ਹਾਂ । ਮੈਡਮ ਨੇ ਗਰੇਸ਼ੀਅਸਲੀ ਇਹ ਕਿਹਾ ਹੈ ਕਿ ਮੇਰੇ ਕੋਲ ਮੋਬਾਈਲ ਵਾਲਾ ਪਰੂਫ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਨੂੰ ਵੀ ਅਤੇ ਮੈਂਬਰਜ਼ ਨੂੰ ਵੀ ਗੁਜਾਰਿਸ਼ ਕਰਾਂਗਾ ਕਿ ਮੋਬਾਈਲ ਕਿਸੇ ਨੂੰ ਨਾ ਦਿਆ ਕਰੋ । ਦਿੱਲੀ ਵਿੱਚ ਇੱਕ ਮਨਿਸਟਰ ਨੇ ਮੋਬਾਈਲ ਦੇ ਦਿੱਤਾ ਸੀ, ਉਸ ਦਾ ਜੋ ਵਖਤ ਪੰਜਾਬ ਵਿੱਚ ਖੜ੍ਹਾ ਹੈ, ਉਹ ਤੁਹਾਡੇ ਸਾਹਮਣੇ ਹੈ । ਦਿੱਲੀ ਵਾਲੇ ** ** ਮੰਤਰੀ, ਮੈਂ ਨਾਂ ਨਹੀਂ ਲੈ ਸਕਦਾ । ਉਨ੍ਹਾਂ ਦੇ ਮੋਬਾਈਲ ਦਾ ਹੀ ਸਾਰਾ ਰੌਲਾ ਪਿਆ ਸੀ ।

**ਮਾਨਯੋਗ ਸਪੀਕਰ :** ਨਾਮ ਐਕਸਪੰਜ ਕਰ ਦੇਣਾ।

**ਸ਼੍ਰੀ ਸੁਨੀਲ ਜਾਖੜ :** ਨਾਮ ਐਕਸਪੰਜ ਕਰ ਦਿਓ ਜੀ, ਬਾਕੀ ਰਹਿਣ ਦਿਓ।

**ਮਾਨਯੋਗ ਸਪੀਕਰ :** ਮੈਂ ਨਾਮ ਹੀ ਕਿਹਾ ਹੈ ਜੀ।

---

** Expunged as ordered by the Chair.

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਮੈਂ ਸਟੇਟਮੈਂਟ ਚਾਹੁੰਦੀ ਹਾਂ ਕਿ ਗੌਰਮਿੰਟ ਦੀ ਇਸ ਕੇਸ ਤੇ ਕੀ ਸਟੇਟਮੈਂਟ ਹੈ, ਤੁਹਾਡੀ ਕੀ ਰੂਲਿੰਗ ਹੈ? ਮੈਂ ਇਹ ਡਿਮਾਂਡ ਕੀਤੀ ਹੈ, ਮੈਂ ਇਹ ਚਾਹੁੰਦੀ ਹਾਂ। ਇਹ ਇੰਪਾਰਟੈਂਟ ਮੁੱਦਾ ਹੈ, ਇਸ ਨੂੰ ਆਪਾਂ ਛੱਡ ਨਹੀਂ ਸਕਦੇ।

**Mr. Speaker :** I cannot compel for answer. ਜ਼ੀਰੋ ਆਵਰ ਦੌਰਾਨ ਮੈਂ ਆਂਸਰ ਲਈ ਕੰਪੈਲ ਨਹੀਂ ਕਰ ਸਕਦਾ .....(ਵਿਘਨ)... ਤੁਸੀਂ ਸਰਕਾਰ ਦੇ ਧਿਆਨ ਵਿੱਚ ਆਪਣਾ ਮਾਮਲਾ ਲਿਆ ਸਕਦੇ ਹੋ ....(ਵਿਘਨ)...

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਤੁਸੀਂ ਇੰਨੇ ਐਕਸਪੀਰੀਐਂਸਡ ਹੋ, ਤੁਸੀਂ ਦਿੱਲੀ ਵੀ ਲੋਕ ਸਭਾ ਵਿੱਚ ਰਹੇ ਹੋ ...(ਵਿਘਨ)....

**ਮਾਨਯੋਗ ਸਪੀਕਰ :** ਮੈਂ ਤੁਹਾਡੀ ਗੱਲ ਨਾਲ ਸਹਿਮਤ ਹਾਂ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਇਹ ਕੋਈ ਰੁਟੀਨ ਮੈਟਰ ਨਹੀਂ ਹੈ, ਇਹ ਅਹਿਮ ਮੁੱਦਾ ਹੈ। ਇਹ ਕਾਂਸਟੀਚਿਊਸ਼ਨ ਦੀ ਅਵੱਗਿਆ ਹੈ ...(ਵਿਘਨ)....

**ਮਾਨਯੋਗ ਸਪੀਕਰ :** ਭੈਣ ਜੀ, ਤੁਸੀਂ ਜਾਣਦੇ ਹੋ .....(ਵਿਘਨ)...

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਇਹ ਮੇਰੇ ਕੋਲ ਪਰੂਫ ਹੈ ...(ਮੋਬਾਈਲ ਦਿਖਾਉਂਦੇ ਹੋਏ) ... ਇਸ ਵਿੱਚ ਫੋਟੋ ਹੈ ਕਿ ਕਿੰਨੇ ਕਰੋੜ ਰੁਪਏ ਦਾ ਚੈੱਕ ਹੈ..(ਵਿਘਨ)....

**Mr. Speaker :** Do not show the mobile. ..(Interruptions)... No, I cannot compel ...(interruptions)... ਮੈਂ ਆਂਸਰ ਲਈ ਕੰਪੈਲ ਕਿਵੇਂ ਕਰ ਸਕਦਾ ਹਾਂ? I cannot compel.

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਇਹ ਦੱਸ ਦਿਉ ਕਿ ਡਿਸੀਜ਼ਨ ਕੀ ਹੈ?

**ਮਾਨਯੋਗ ਸਪੀਕਰ :** ਦੇਖੋ ਭੈਣ ਜੀ, ਮੇਰਾ ਡਿਸੀਜ਼ਨ ਇਹ ਹੈ ਕਿ ਮੈਂ ਗੌਰਮਿੰਟ ਨੂੰ ਕੰਪੈਲ ਨਹੀਂ ਕਰ ਸਕਦਾ ਕਿ ਤੁਸੀਂ ਜਵਾਬ ਦਿਓ। ਇਸ ਕਰਕੇ ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ ...(ਵਿਘਨ)... ਤੁਸੀਂ ਸਰਕਾਰ ਦੇ ਧਿਆਨ ਵਿੱਚ ਲਿਆ ਦਿੱਤਾ ਹੈ, ਅੱਗੋਂ ਸੋਚਣਾ ਸਰਕਾਰ ਦਾ ਕੰਮ ਹੈ ਕਿ ਕਿਸ ਤਰ੍ਹਾਂ ਕਰਨਾ ਹੈ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਇੱਕ ਮਿੰਟ ਜੀ, ਮੇਰੀ ਵੀ ਹੁਣ ਗੱਲ ਸੁਣ ਲਵੋ। I agree. ਮੈਂ ਐਗਰੀ ਕਰਦੀ ਹਾਂ ਕਿ ਤੁਸੀਂ ਕੰਪੈਲ ਨਹੀਂ ਕਰ ਸਕਦੇ ਪਰ ਜੇ ਕੋਈ ਵਿਧਾਨ ਸਭਾ ਦੀ ਮਰਿਆਦਾ ਨੂੰ ਭੰਗ ਕਰੇ, ਉਸ ਤੇ ਤੁਸੀਂ ਇਨ੍ਹਾਂ ਨੂੰ ਕੰਪੈਲ ਨਹੀਂ ਕਰ ਸਕਦੇ ਪਰ ਤੁਸੀਂ ਇਸ ਸਬੰਧੀ ਕੋਈ ਡਿਸੀਜ਼ਨ ਤਾਂ ਲੈ ਸਕਦੇ ਹੋ। ਜਿਸ ਮਾਮਲੇ ਬਾਰੇ ਬਕਾਇਦਾ ਚੀਫ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਹੋਇਆ ਹੈ ਕਿ ਅੱਜ ਤੋਂ ਬਾਅਦ ਨਹੀਂ ਹੋਏਗਾ, ਉਹ ਫਿਰ ਹੋਇਆ ਹੈ ਤਾਂ ਹੁਣ ਸਪੀਕਰ ਸਾਹਿਬ ਦਾ ਕੀ ਡਿਸੀਜ਼ਨ ਹੈ। ਇਹ ਤਾਂ ਤੁਸੀਂ ਕਰ ਸਕਦੇ ਹੋ।

**ਮਾਨਯੋਗ ਸਪੀਕਰ :** ਰੂਲਜ਼ ਦੇ ਮੁਤਾਬਿਕ ਵੀ ਮੈਂ ਸਰਕਾਰ ਨੂੰ ਕੰਪੈਲ ਨਹੀਂ ਕਰ ਸਕਦਾ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਮੈਂ ਤੁਹਾਡੇ ਤੋਂ ਜਵਾਬ ਮੰਗਦੀ ਹਾਂ ...(ਵਿਘਨ)...

**ਮਾਨਯੋਗ ਸਪੀਕਰ :** ਮੇਰਾ ਜਵਾਬ ਇਹੀ ਹੈ ਕਿ I cannot compel..... (Interruptions).... ਨਹੀਂ ਜੀ, ਮੈਂ ਕੰਪੈਲ ਕਰ ਹੀ ਨਹੀਂ ਸਕਦਾ। ਜ਼ੀਰੋ ਆਵਰ ਦੌਰਾਨ ਸਰਕਾਰ ਦੀ ਮਰਜੀ ਹੈ, ਜਵਾਬ ਦੇਵੇ ਜਾਂ ਨਾ ਦੇਵੇ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਇਸ ਦਾ ਮਤਲਬ ਹੈ ਕਾਂਸਟੀਚਿਊਸ਼ਨ ਦੀ ਅਵੱਗਿਆ ਜੇ ਹੋਵੇ, ਤੁਹਾਡੀ ਵਿਧਾਨ ਸਭਾ ਦੀ ਅਵੱਗਿਆ ਹੋਵੇ ਤਾਂ ਤੁਸੀਂ ਕੁਝ ਨਹੀਂ ਕਰੋਗੇ?

**ਮਾਨਯੋਗ ਸਪੀਕਰ :** ਜ਼ੀਰੋ ਆਵਰ ਵਿੱਚ ਜੇ ਤੁਸੀਂ ਧਿਆਨ ਦਿਵਾਊ ਮਤਾ ਲਿਆਉਂਦੇ ਹੋ ਤਾਂ ਉਸ ਦਾ ਮਤਲਬ ਮਾਮਲਾ ਧਿਆਨ ਵਿੱਚ ਲਿਆਉਣਾ ਹੈ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਵਿਧਾਨ ਸਭਾ ਦੀ ਅਵੱਗਿਆ ਹੋ ਰਹੀ ਹੈ ਅਤੇ ਤੁਸੀਂ ਕੁਝ ਨਹੀਂ ਕਰ ਸਕਦੇ? ਕਾਂਸਟੀਚਿਊਸ਼ਨ ਦੀ ਅਵੱਗਿਆ ਹੋ ਰਹੀ ਹੈ ਅਤੇ ਉਸ ਨੂੰ ਮੁੱਖ ਮੰਤਰੀ ਜੀ ਰੋਕ ਨਹੀਂ ਸਕਦੇ? ....(ਵਿਘਨ)....

**ਮਾਨਯੋਗ ਸਪੀਕਰ :** ਮੇਰੀ ਬੇਨਤੀ ਤਾਂ ਸੁਣ ਲਵੋ। ...(ਵਿਘਨ)..... ਜ਼ੀਰੋ ਆਵਰ ਦੌਰਾਨ ਕਿਸੇ ਮਾਮਲੇ ਤੇ ਜਵਾਬ ਆਵੇ, ਇਹ ਜ਼ਰੂਰੀ ਨਹੀਂ ਹੁੰਦਾ ....(ਵਿਘਨ)... ਮੇਰੀ ਬੇਨਤੀ ਸੁਣ ਲਵੋ ....(ਵਿਘਨ)...

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਨਵੀਂ ਸਟੇਟਮੈਂਟ ...(ਵਿਘਨ)...

**ਮਾਨਯੋਗ ਸਪੀਕਰ :** ਮੇਰੀ ਗੱਲ ਤਾਂ ਸੁਣ ਲਵੋ ਤੁਸੀਂ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਤੁਸੀਂ ਮੇਰੀ ਨਹੀਂ ਸੁਣਦੇ, ਮੈਂ ਤੁਹਾਡੀ ਕਿਉਂ ਸੁਣਾਂ? (ਹਾਸਾ)

**ਮਾਨਯੋਗ ਸਪੀਕਰ :** ਪਾਰਲੀਮੈਂਟ ਵਿੱਚ ਵੀ ਸਿਸਟਮ ਇਹੀ ਹੈ ਕਿ ਸਪੀਕਰ ਸਰਕਾਰ ਨੂੰ ਕੰਪੈਲ ਨਹੀਂ ਕਰ ਸਕਦਾ ਕਿ ਜਵਾਬ ਦੇਵੇ।

**Shrimati Rajinder Kaur Bhattal :** I agree.... (Interruptions)...

**ਸਰਦਾਰ ਸੁਖਜਿੰਦਰ ਸਿੰਘ :** ਫਿਰ ਸਾਨੂੰ ਕਿਉਂ ਕੰਪੈਲ ਕਰਦੇ ਹੋ ਕਿ ਨਾ ਬੋਲੋ ....(ਵਿਘਨ)...

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਮੈਨੂੰ ਇੱਕ ਮਿੰਟ ਗੱਲ ਕਰ ਲੈਣ ਦਿਓ ....(ਵਿਘਨ).... ਸੁਖਜਿੰਦਰ ਜੀ, ਇੱਕ ਮਿੰਟ ....(ਵਿਘਨ)... ਸਪੀਕਰ ਸਾਹਿਬ, ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਤੁਸੀਂ ਕੰਪੈਲ ਨਹੀਂ ਕਰ ਸਕਦੇ ...(ਵਿਘਨ)...

**ਮਾਨਯੋਗ ਸਪੀਕਰ :** ਰੀਜਨੇਬਲ ਟਾਈਮ ਦਿੱਤਾ ਜਾ ਸਕਦਾ ਹੈ, ਨਹੀਂ ਤਾਂ ਕੋਈ ਮੈਂਬਰ ਉਠ ਕੇ ਸਾਰਾ ਦਿਨ ਹੀ ਬੋਲੀ ਜਾਵੇ ....(ਵਿਘਨ)...

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਹੁਣ ਮੇਰੀ ਵੀ ਸੁਣ ਲਵੋ, ਮੈਂ ਤੁਹਾਡੀ ਸੁਣੀ ਹੈ ਕਿ ਤੁਸੀਂ ਕੰਪੈਲ ਨਹੀਂ ਕਰ ਸਕਦੇ, I agree, ਲੇਕਿਨ ਮੈਂ ਤਾਂ ਇਹ ਕਹਿੰਦੀ ਹਾਂ ਕਿ ਤੁਸੀਂ ਇਨ੍ਹਾਂ ਨੂੰ ਸਟੇਟਮੈਂਟ ਦੇਣ ਲਈ ਕੰਪੈਲ ਨਾ ਕਰੋ ਪਰ ਜਿਸ ਗੱਲ ਤੇ ਇਹ ਪਹਿਲਾਂ ਸਟੇਟਮੈਂਟ ਦੇ ਚੁੱਕੇ ਹਨ, ਜਿਹੜਾ ਇਨ੍ਹਾਂ ਨੇ ਪਹਿਲਾਂ ਐਸ਼ੋਅਰ ਕੀਤਾ ਹੋਇਆ ਹੈ, ਕੀ ਉਸ ਦੇ ਖਿਲਾਫ ਪ੍ਰਿਵਲੇਜ ਮੋਸ਼ਨ ਨਹੀਂ ਆਉਂਦਾ? ਕੀ ਇਹ ਬਰੀਚ ਆਫ ਪ੍ਰਿਵਲੇਜ ਨਹੀਂ ਹੁੰਦਾ? ਇਸ ਤੇ ਵਿਧਾਨ ਸਭਾ ਵੱਲੋਂ ਤੁਸੀਂ ਬਤੌਰ ਸਪੀਕਰ ਕੀ ਐਕਸ਼ਨ ਲੈ ਰਹੇ ਹੋ?

**ਮਾਨਯੋਗ ਸਪੀਕਰ :** ਤੁਸੀਂ ਜਦੋਂ ਐਪਲੀਕੇਸ਼ਨ ਦੇਵੋਗੇ ਤਾਂ ਮੈਂ ਦੇਖ ਲਵਾਂਗਾ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਇਹ ਪ੍ਰਿਵਲੇਜ ਬਰੀਚ ਹੋਇਆ ਹੈ ਜੀ। ਤੁਹਾਡੀ ਵਿਧਾਨ ਸਭਾ ਵਿੱਚ ਐਸ਼ੋਰੈਂਸ ਦਿੱਤਾ ਹੋਇਆ ਹੈ (ਵਿਘਨ)....

**ਮਾਨਯੋਗ ਸਪੀਕਰ :** ਤੁਸੀਂ ਐਪਲੀਕੇਸ਼ਨ ਤਾਂ ਦਿਓ ...(ਵਿਘਨ)...

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਤੁਸੀਂ ਡਿਸੀਜ਼ਨ ਦਿਓ ਤਾਂ ਕਿ ਅਸੀਂ ਨਾਲ ਦੀ ਨਾਲ ਤੁਹਾਡਾ ਅਤੇ ਵਿਧਾਨ ਸਭਾ ਦਾ ਫੈਸਲਾ ਲੈ ਕੇ ਕੋਰਟ ਵਿੱਚ ਜਾਈਏ।

**ਮਾਨਯੋਗ ਸਪੀਕਰ :** ਤੁਸੀਂ ਲਿਖ ਕੇ ਦਿਓ, ਮੈਂ ਦੇਖ ਲਵਾਂਗਾ। ਜੋ according to Rules ਬਣਦਾ ਹੋਏਗਾ, ਮੈਂ ਦੇਖ ਲਵਾਂਗਾ।

**ਸ਼੍ਰੀਮਤੀ ਰਜਿੰਦਰ ਕੌਰ ਭੱਠਲ :** ਸਾਨੂੰ in writing ਦਿਓ ਜੀ। ਸਾਡੀ ਇਹ ਮੰਗ ਹੈ। ਸਾਰੇ ਐਮ.ਐਲ.ਏਜ਼ ਨਾਲ ਧੱਕਾ ਹੋ ਰਿਹਾ ਹੈ। ਸਾਡੀ ਸਰਕਾਰ ਦੀ ਪਾਰਟੀ ਵੇਲੇ ਕਿਸੇ ਨਾਲ ਵਿਤਕਰਾ ਨਹੀਂ ਹੋਇਆ ਸੀ। ਸਾਰਿਆਂ ਨੂੰ ਪੰਜ-ਪੰਜ ਕਰੋੜ ਰੁਪਿਆ ਮਿਲਿਆ ਸੀ ....(ਵਿਘਨ)....... ਲੇਕਿਨ ਅੱਜ ਇਹ ਸਾਰੇ ਬੈਠੇ ਹਨ (ਵਿਰੋਧੀ ਧਿਰ ਵੱਲ ਇਸ਼ਾਰਾ), ਇਹ ਇੰਨੇ-ਇੰਨੇ ਕਰੋੜ ਰੁਪਏ ਵੰਡੀ ਜਾਣ, ਇਹ ਆਉਂਦੇ ਕਿਥੋਂ ਹਨ? ਦੂਜੇ ਪਾਸੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਨੂੰ ਪੈਸੇ ਨਹੀਂ ਹਨ, ਗਰੀਬਾਂ ਦੀਆਂ ਪੈਨਸ਼ਨਾਂ ਦੇਣ ਨੂੰ ਤੁਹਾਡੇ ਕੋਲ ਪੈਸੇ ਨਹੀਂ ਹਨ। ਇੱਕ ਪਾਸੇ 15-15 ਕਰੋੜ ਇੱਕ ਕਾਂਸਟੀਚਿਊਂਸੀ ਦਾ ਇੰਚਾਰਜ ਜਿਹੜਾ ਇਨ੍ਹਾਂ ਵੱਲੋਂ ਆਪਣੇ ਤੌਰ ਤੇ ਬਣਾਇਆ ਗਿਆ ਹੈ, ਉਹ ਵੰਡ ਰਿਹਾ ਹੈ। ਤੁਹਾਡੇ ਸਮੇਂ ਵਿੱਚ ਸੰਵਿਧਾਨ ਦੀਆਂ ਧੱਜੀਆਂ ਉਡਾ ਦਿੱਤੀਆਂ। ਇਸ ਸਰਕਾਰ ਦੇ ਸਾਹਮਣੇ ਸੰਵਿਧਾਨ ਹੈ ਹੀ ਨਹੀਂ। ਜੇ ਇਹ ਸੰਵਿਧਾਨਿਕ ਸਹੁੰ ਨੂੰ ਨਹੀਂ ਮੰਨਦੇ ਤਾਂ ਇਹ ਸੀ.ਐਮ. ਕਿਵੇਂ ਰਹਿ ਸਕਦੇ ਹਨ, ਇਹ ਸਰਕਾਰ ਕਿਵੇਂ ਬਣੀ ਰਹਿ ਸਕਦੀ ਹੈ, ਕਿਸ ਤਰ੍ਹਾਂ ਸਰਕਾਰ ਚੱਲ ਸਕਦੀ ਹੈ? ਇਹ ਸਰਕਾਰ ਜਾ ਸਕਦੀ ਹੈ।

**ਮਾਲ ਅਤੇ ਮੁੜ ਵਸੇਬਾ ਮੰਤਰੀ (ਸਰਦਾਰ ਬਿਕਰਮ ਸਿੰਘ ਮਜੀਠੀਆ) :** ਸਪੀਕਰ ਸਾਹਿਬ, ਵੈਸੇ ਫਰਜ਼ ਤਾਂ ਬਣਦਾ ਨਹੀਂ ਕਿਉਂਕਿ ਬੀਬੀ ਜੀ ਨੇ ਆਪ ਹੀ ਗੱਲ ਕਰ ਦਿੱਤੀ ਕਿ ਮੇਰੀ ਧੀ ਹੈ, ਮੇਰੀ ਬੇਟੀ ਹੈ। ਪਰਿਵਾਰਿਕ ਮਾਮਲੇ ਵਿੱਚ ਸਾਡਾ ਕਿਸੇ ਦਾ ਆਉਣਾ ਨਹੀਂ ਬਣਦਾ ਮਗਰ ਜੇ ਉਹ ਭੱਜੀ ਫਿਰਦੀ ਹੈ ਤਾਂ ਆਪਣੀ ਮਾਂ ਖਾਤਰ ਫਿਰਦੀ ਹੈ ਕਿ ਅਗਲੀ ਇਲੈਕਸ਼ਨ ਮਾਂ ਲੜੇਗੀ, ਮਾਂ ਜਿੱਤੇ। (ਰੂਲਿੰਗ ਬੈਂਚਿਜ਼ ਵੱਲੋਂ ਥੰਪਿੰਗ)

**ਸ਼੍ਰੀਮਤੀ ਰਜਿੰਦਰ ਕੌਰ ਭੱਠਲ:** ਬੇਸ਼ਕ ਭੱਜੀ ਫਿਰੇ, ਮੇਰੀ ਧੀ ਵੀ ਹੈ, ਮੇਰੀ ਧੀ ਵੀ ਇਸ ਤਰੀਕੇ ਨਾਲ ਚੈੱਕ ਨਹੀਂ ਵੰਡ ਸਕਦੀ (ਵਿਘਨ) । ਮੈਂ ਕਹਿਣਾ ਚਾਹਾਂਗੀ ਕਿ ਜੇਕਰ ਉਹ ਮੇਰੇ ਘਰ ਆਵੇ ਤਾਂ ਮੈਂ ਉਸ ਨੂੰ ਚਾਹ ਪਿਲਾਵਾਂਗੀ, ਰੋਟੀ ਖੁਆਵਾਂਗੀ, ਸਾਡੀ ਬੱਚੀ ਹੈ, ਇਹ ਮੈਂ ਹੁਣ ਵੀ ਕਹਿੰਦੀ ਹਾਂ ਲੇਕਿਨ ਮੇਰੀ ਆਪਣੀ ਬੱਚੀ ਵੀ ਚੈੱਕ ਨਹੀਂ ਵੰਡ ਸਕਦੀ (ਵਿਘਨ)। ਮੈਂ ਚੈੱਕ ਵੰਡਣ ਦੀ ਗੱਲ ਕਰਦੀ ਹਾਂ, ਜੇ ਉਹ ਸਾਡੇ ਘਰੇ ਆਵੇ ਤਾਂ ਅਸੀਂ ਉਸਨੂੰ ਰੋਟੀ-ਪਾਣੀ ਖੁਆਵਾਂਗੇ, ਸਾਡੀ ਧੀ ਹੈ, ਕੋਈ ਗੱਲ ਨਹੀਂ ਪਰ ਅਸੀਂ ਤਾਂ ਚੈੱਕ ਵੰਡਣ ਦੀ ਗੱਲ ਕਰ ਰਹੇ ਹਾਂ।

**ਮਾਲ ਅਤੇ ਮੁੜ ਵਸੇਬਾ ਮੰਤਰੀ:** ਮੈਂ ਕਹਿੰਦਾ ਹਾਂ ਜੀ ਕਿ ਠੀਕ ਹੈ ਤੇ ਮਾਂ-ਧੀ ਦਾ ਰੌਲਾ ਤੁਸੀਂ ਆਪਸ ਵਿੱਚ ਨਿਬੇੜੋ, ਤੁਸੀਂ ਇੱਥੇ ਇਹ ਮੁੱਦਾ ਕਿਉਂ ਲਿਆਉਂਦੇ ਹੋ?

**ਸ਼੍ਰੀਮਤੀ ਰਜਿੰਦਰ ਕੌਰ ਭੱਠਲ:** ਇਹ ਸਰਕਾਰ ਦਾ ਰੌਲਾ ਹੈ, (ਵਿਘਨ) ਇਥੇ ਕਾਨੂੰਨ ਕਿਸ ਨੇ ਤੋੜਿਆ ਹੈ? ਸਪੀਕਰ ਸਾਹਿਬ, ਤੁਸੀਂ ਕੋਈ ਡਿਸੀਜ਼ਨ ਦਿਉ। (ਵਿਘਨ)

**ਮਾਨਯੋਗ ਸਪੀਕਰ:** ਹਾਂ ਜੀ, ਸੋਢੀ ਸਾਹਿਬ।

**ਰਾਣਾ ਗੁਰਮੀਤ ਸਿੰਘ ਸੋਢੀ :** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਮੇਰੀ ਗੱਲ ਸੁਣੀ ਹੈ ਔਰ ਸਦਨ ਵਿੱਚ ਆਪਣੀ ਗੱਲ ਕਰਨ ਦਾ ਮੌਕਾ ਦਿੱਤਾ ਹੈ । ਆਪਾਂ ਸਾਰਿਆਂ ਨੂੰ ਪਤਾ ਹੈ ਕਿ ਇਹ ਸਾਡੀ ਟਰਮ ਦਾ ਲਾਸਟ ਸੈਸ਼ਨ ਹੈ ਲੇਕਿਨ ਮੈਂ ਤੁਹਾਡੇ ਰਾਹੀਂ ਦੋਨੋਂ ਪਾਸੇ ਤੋਂ ਜਿਹੜੇ ਸਾਡੇ ਮੈਂਬਰ ਸਾਹਿਬਾਨ ਬੈਠੇ ਹਨ, ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਹ ਸਦਨ ਜਿਸ ਵਿਚ ਅਸੀਂ ਬੈਠੇ ਹਾਂ ਤਾਂ ਅਸੀਂ ਇੱਥੇ ਕੁਝ ਮਹਾਨ ਲੋਕਾਂ ਦੀ ਵਜ੍ਹਾ ਕਰਕੇ ਬੈਠੇ ਹਾਂ । ਕੁਝ ਲੋਕਾਂ ਨੇ ਸਾਨੂੰ ਜਮਹੂਰੀਅਤ ਦਿਵਾਉਣ ਵਾਸਤੇ, ਡੈਮੋਕਰੇਟਿਕ ਸੈੱਟ ਅੱਪ ਕਰਨ ਵਾਸਤੇ ਔਰ ਅੰਗਰੇਜ਼ਾਂ ਤੋਂ ਅਜ਼ਾਦ ਕਰਵਾਉਣ ਵਾਸਤੇ ਆਪਣੀਆਂ ਸ਼ਹੀਦੀਆਂ ਦਿੱਤੀਆਂ ਹਨ। ਮੈਂ ਇਹ ਚਾਹਾਂਗਾ ਕਿ ਇਸ ਸਬੰਧੀ ਰੈਜੋਲਿਊਸ਼ਨ ਯੂਨਾਨੀਮਿਟੀ ਵਿੱਚ ਪਾਸ ਹੋਣਾ ਚਾਹੀਦਾ ਹੈ ਕਿ ਪੰਜਾਬ ਦੀ ਅਸੈਂਬਲੀ ਵਿੱਚ ਉਹ ਯੋਧੇ ਵੀਰ ਜਿਨ੍ਹਾਂ ਨੇ ਆਪਣੀਆਂ ਜਾਨਾਂ ਉਤੇ ਖੇਡ ਕੇ ਸਾਨੂੰ ਅਜ਼ਾਦੀ ਦਿਵਾਈ ਹੈ, ਉਨ੍ਹਾਂ ਦੇ ਸਟੈਚੂ ਇਸ ਅਸੈਂਬਲੀ ਦੇ ਕੰਪਾਊਂਡ ਵਿੱਚ ਲੱਗਣ ਔਰ ਸਾਡੇ ਕੋਲ ਜਗ੍ਹਾ ਵੀ ਕਾਫੀ ਹੈ, ਮਸਲਨ ਦੇ ਤੌਰ

[ ਰਾਣਾ ਗੁਰਮੀਤ ਸਿੰਘ ਸੋਢੀ ]

ਤੇ ਸ਼ਹੀਦ ਭਗਤ ਸਿੰਘ ਜੀ, ਸ਼ਹੀਦ ਊਧਮ ਸਿੰਘ ਜੀ, ਲਾਲਾ ਲਾਜਪਤ ਰਾਏ ਜੀ ਔਰ ਖਾਸ ਕਰਕੇ ਨਾਲ ਉਨ੍ਹਾਂ ਨੇ ਜਿਨ੍ਹਾਂ ਨੇ ਸਾਡਾ ਕਾਂਸਟੀਚਿਊਸ਼ਨ ਲਿਖਿਆ ਹੈ, ਉਹ ਹਨ ਡਾਕਟਰ ਬੀ.ਆਰ.ਅੰਬੇਦਕਰ ਸਾਹਿਬ ਜੀ। ਇਨ੍ਹਾਂ ਸਾਰਿਆਂ ਦੇ ਇਸੇ ਸੈਸ਼ਨ ਦੇ ਟਾਈਮ ਵਿੱਚ ਸਟੈਚੂ ਇੱਥੇ ਲੱਗਣੇ ਚਾਹੀਦੇ ਹਨ। ਮੁੱਖ ਮੰਤਰੀ ਸਾਹਿਬ ਵੀ ਬੈਠੇ ਹਨ ਔਰ ਦੋਨੋਂ ਸਾਈਡ ਦੇ ਜਿਹੜੇ ਮੈਂਬਰ ਸਾਹਿਬਾਨ ਹਨ, ਸਾਰਿਆਂ ਵੱਲੋਂ ਅੱਜ ਤੋਂ ਹੀ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ। (ਵਿਘਨ) ਉਨ੍ਹਾਂ ਦੀਆਂ ਤਸਵੀਰਾਂ ਗੈਲਰੀ ਵਿੱਚ ਜ਼ਰੂਰ ਲੱਗੀਆਂ ਹਨ ਪਰ ਮੈਂ ਸੋਚਦਾ ਹਾਂ ਕਿ ਉਨ੍ਹਾਂ ਦਾ ਦਰਜਾ ਸਿਰਫ ਗੈਲਰੀ ਵਿਚ ਤਸਵੀਰ ਲਗਾਉਣ ਤੱਕ ਹੀ ਸੀਮਤ ਨਹੀਂ ਹੈ, ਸਾਡੇ ਆਉਣ ਵਾਲੇ ਵਿਰਸੇ ਵਿੱਚ, ਸਾਡੇ ਆਉਣ ਵਾਲੇ ਨੌਜਵਾਨਾਂ ਨੂੰ, ਸਾਡੀ ਆਉਣ ਵਾਲੀ ਪੀੜ੍ਹੀ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਜਿਨ੍ਹਾਂ ਦੀ ਬਦੌਲਤ ਅੱਜ ਅਸੀਂ ਇਸ ਸਦਨ ਵਿਚ ਬੈਠ ਕੇ ਲੋਕਾਂ ਦੇ ਬਾਰੇ ਗੱਲ ਕਰ ਰਹੇ ਹਾਂ, ਆਪਣੀਆਂ ਵੋਟਾਂ ਬਾਰੇ ਗੱਲ ਕਰ ਰਹੇ ਹਾਂ ਔਰ ਜਿਹੜੀ ਇੱਥੇ ਡਿਵੈਲਪਮੈਂਟ ਦੀ ਗੱਲ ਹੋ ਰਹੀ ਹੈ, ਇਹ ਸਿਰਫ ਉਨ੍ਹਾਂ ਤੇ ਉਨ੍ਹਾਂ ਦੀ ਵਜ੍ਹਾ ਕਰਕੇ ਹੀ ਹੋ ਰਹੀ ਹੈ। ਇਸ ਲਈ ਸਾਨੂੰ ਇਹ ਫੈਸਲਾ ਅੱਜ ਹੀ ਲੈਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਾਂਗਾ ਕਿ ਸੀ.ਐਮ.ਸਾਹਿਬ ਇਸ ਚੀਜ਼ ਉਤੇ ਐਸ਼ੋਰੈਂਸ ਦੇਣ ਔਰ ਜਿਹੜਾ ਇਹ ਕੰਮ ਹੈ ਇਸ ਨੂੰ ਜੰਗੀ ਪੱਧਰ ਤੇ ਸ਼ੁਰੂ ਕਰਨਾ ਚਾਹੀਦਾ ਹੈ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਸਤਿਕਾਰਯੋਗ ਐਮ.ਐਲ.ਏ. ਸਾਹਿਬ ਨੇ ਬੜਾ ਇੰਪਾਰਟਮੈਂਟ ਇਸ਼ੂ ਰੱਖਿਆ ਹੈ ਕਿ ਉਨ੍ਹਾਂ ਸ਼ਹੀਦਾਂ ਜਿਨ੍ਹਾਂ ਦੀਆਂ ਕੁਰਬਾਨੀਆਂ ਨੇ ਸਾਨੂੰ ਦੇਸ਼ ਅਜ਼ਾਦ ਕਰਕੇ ਦਿੱਤਾ ਹੈ, ਉਨ੍ਹਾਂ ਦੀਆਂ ਯਾਦਗਾਰਾਂ, ਉਨ੍ਹਾਂ ਦੇ ਨਾਮ ਤੇ ਪੱਥਰ ਇੱਥੇ ਲਗਾਉਣੇ ਚਾਹੀਦੇ ਹਨ। ਮੈਂ ਕਿਸੇ ਐਂਗਲ ਤੋਂ ਨਹੀਂ ਬੋਲ ਰਿਹਾ ਲੇਕਿਨ ਜਦੋਂ ਤੋਂ ਆਪਣਾ ਰਾਜ ਆਇਆ ਹੈ, ਜਦੋਂ ਦੀ ਅਜ਼ਾਦੀ ਆਈ ਹੈ, ਉਸ ਤੋਂ ਬਾਅਦ ਤੁਹਾਨੂੰ ਵੀ ਬੜਾ ਲੰਮਾ ਸਮਾਂ ਰਾਜ ਕਰਨ ਦਾ ਮੌਕਾ ਮਿਲਿਆ ਹੈ, ਇੱਥੇ ਬੈਠਣ ਦਾ ਵੀ ਮੌਕਾ ਮਿਲਿਆ ਹੈ ਪਰ ਤੁਸੀਂ ਕੋਈ ਯਾਦਗਾਰ ਨਹੀਂ ਬਣਾਈ । ਮੈਂ ਬੜੇ ਫਖ਼ਰ ਤੇ ਮਾਣ ਨਾਲ ਕਹਿ ਸਕਦਾ ਹਾਂ ਕਿ ਜਿੰਨੀਆਂ ਯਾਦਗਾਰਾਂ ਬਣੀਆਂ ਹਨ, ਉਹ ਸਾਡੇ ਵੇਲੇ ਹੀ ਬਣੀਆਂ ਹਨ। ਕਰਤਾਰਪੁਰ ਵਿਖੇ ਸਭ ਤੋਂ ਵੱਡੀ ਯਾਦਗਾਰ, ਜੰਗ-ਏ-ਅਜ਼ਾਦੀ ਦੀ ਯਾਦਗਾਰ ਬਣ ਰਹੀ ਹੈ (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਉਥੇ ਨਵੀਂ ਤਕਨੀਕ ਨਾਲ 300

ਕਰੋੜ ਰੁਪਿਆ ਲਗਾ ਕੇ, ਸਾਰੇ ਜਿੰਨੇ ਵੀ ਅਜ਼ਾਦੀ ਘੁਲਾਟੀਏ ਹਨ, ਜਿੰਨੀਆਂ ਵੀ ਲਹਿਰਾਂ ਚਲੀਆਂ ਹਨ, ਜੋ ਕੁਝ ਵੀ ਅਜ਼ਾਦੀ ਦੇ ਸਬੰਧ ਵਿੱਚ ਹੋਇਆ ਹੈ, ਉਸ ਦੀ ਯਾਦਗਾਰ ਬਣਨੀ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਹ ਬਣਨੀ ਹੈ ਬਲਕਿ ਉਸ ਦਾ ਉਦਘਾਟਨ ਵੀ ਦੋ-ਤਿੰਨ ਮਹੀਨੇ ਤੱਕ ਹੋ ਜਾਣਾ ਹੈ। ਮੈਂ ਤੁਹਾਨੂੰ, ਸਾਹਮਣੇ ਵਾਲੇ ਭਰਾਵਾਂ ਨੂੰ ਇਨਵਾਈਟ ਵੀ ਕਰਾਂਗਾ ਕਿ ਤੁਸੀਂ ਦੇਖ ਕੇ ਆਇਓ। ਮੈਨੂੰ ਪਤਾ ਹੈ ਕਿ ਤੁਸੀਂ ਕਿਸੇ ਨੇ ਆਉਣਾ ਤਾਂ ਨਹੀਂ ਹੈ ਲੇਕਿਨ ਮੈਂ ਆਖਾਂਗਾ ਕਿ ਚੋਰੀ-ਛੁਪੇ ਹੀ ਵੇਖ ਆਇਓ ਕਿ ਸਾਰੇ ਹਿੰਦੁਸਤਾਨ ਵਿੱਚ ਕਿਤੇ ਕੋਈ ਅਜਿਹੀ ਯਾਦਗਾਰ ਬਣੀ ਹੈ ? ਕਾਂਗਰਸ ਦੀਆਂ ਸਰਕਾਰਾਂ ਵੀ ਰਹੀਆਂ ਹਨ, ਦੇਸ਼ ਦੀ ਕਾਂਗਰਸ ਦੀ ਸਰਕਾਰ ਰਹੀ ਹੈ ਤੁਸੀਂ ਕੋਈ ਇਕ ਵੀ ਜਗ੍ਹਾ ਸਾਬਤ ਕਰ ਦਿਉ । ਮੈਂ ਤਾਂ ਇਹ ਕਹਿੰਦਾ ਹਾਂ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਜੇ ਅਸਲੀ ਮਾਅਨਿਆਂ ਵਿੱਚ ਅਜ਼ਾਦੀ ਪਰਵਾਨਿਆਂ ਦੀ ਕਿਸੇ ਨੂੰ ਇੱਜ਼ਤ ਹੈ ਜਾਂ ਕਿਸੇ ਨੂੰ ਉਨ੍ਹਾਂ ਦਾ ਸਤਿਕਾਰ ਹੈ ਤਾਂ ਉਹ ਸਾਡੀ ਸਰਕਾਰ ਨੂੰ ਹੈ। ਇੱਕ ਤਾਂ ਸਿਰਫ ਵਿਖਾਵਾ ਹੁੰਦਾ ਹੈ, ਸਿਰਫ ਅਖਬਾਰਾਂ ਵਿਚ ਵਿਖਾ ਦੇਣਾ, ਅਸੈਂਬਲੀ ਵਿੱਚ ਬਿਆਨ ਦੇਣਾ ਪਰ ਇੱਕ ਹੈ ਕੰਮ ਕਰਨਾ । (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਚੌਧਰੀ ਸਾਹਿਬ, ਮੈਂ ਤੁਹਾਨੂੰ ਤੇ ਲੀਡਰ ਆਫ ਦਿ ਆਪੋਜੀਸ਼ਨ ਨੂੰ ਵੀ ਆਖਾਂਗਾ ਕਿ ਤੁਸੀਂ ਜਲੰਧਰ ਜ਼ਰੂਰ ਜਾਇਓ। ਇਹ ਫੌਜੀ ਵੀਰਾਂ ਦਾ ਸਮਾਰਕ ਹੈ, ਜਿਹੜੇ ਸ਼ਹਾਦਤਾਂ ਦੇ ਗਏ ਜਿਨ੍ਹਾਂ ਕਾਰਨ ਆਪਾਂ ਨੂੰ ਅਰਾਮ ਨਾਲ ਸੌਣ ਦਾ ਮੌਕਾ ਮਿਲਦਾ ਹੈ। ਹਿੰਦੁਸਤਾਨ ਵਿੱਚ ਜੇ ਕਿਸੇ ਨੇ ਇਹੋ ਜਿਹੀ ਯਾਦਗਾਰ ਬਣਾਈ ਹੋਵੇ, ਜਿਹੋ ਜਿਹੀ 'ਵਾਰ ਮੈਮੋਰੀਅਲ' ਯਾਦਗਾਰ ਅਸੀਂ ਅੰਮ੍ਰਿਤਸਰ ਵਿਖੇ ਬਣਾ ਰਹੇ ਹਾਂ ਤਾਂ ਦੱਸ ਦਿਉ। ਜੰਗੇ ਅਜ਼ਾਦੀ ਸਮਾਰਕ ਬਣਾ ਰਹੇ ਹਾਂ ਜੋ ਕਿ ਫੌਜੀਆਂ ਦੀ ਕੁਰਬਾਨੀ ਦੀ ਯਾਦਗਾਰ ਹੈ। ਅਸੀਂ ਉਨ੍ਹਾਂ ਸਾਰੇ ਯੋਧਿਆਂ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਾਸਤੇ ਜਾਂ ਹਿੰਦੁਸਤਾਨ ਵਾਸਤੇ ਕੁਝ ਕੀਤਾ ਹੈ, ਭਾਵੇਂ ਧਾਰਮਿਕ ਤੌਰ ਤੇ ਕੀਤਾ, ਬਾਲਮੀਕ ਜੀ, ਗੁਰੂ ਰਵਿਦਾਸ ਜੀ ਦੀ ਯਾਦਗਾਰ ਵੀ ਅਸੀਂ ਬਣਾ ਰਹੇ ਹਾਂ। (ਵਿਰੋਧੀ ਧਿਰ ਵੱਲੋਂ ਵਿਘਨ)(ਸ਼ੋਰ) ਮੇਰੀ ਗੱਲ ਤਾਂ ਸੁਣ ਲਓ। ਹੁਣ ਮੇਰੀ ਗੱਲ ਨਾਲ ਤੁਹਾਨੂੰ ਤਕਲੀਫ ਹੁੰਦੀ ਹੈ । ਇਕ ਮਿੰਟ ਬੈਠੋ ਤੇ ਮੇਰੀ ਗੱਲ ਸੁਣ ਲਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ** ** ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

---

** Not recorded/Expunged as ordered by the Chair.

**Mr. Speaker :** Please sit down.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਅਤੇ ਰੂਲਿੰਗ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ** ** ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** Please sit down. ਬਾਦਲ ਸਾਹਿਬ ਦੀ ਸਪੀਚ ਤੋਂ ਇਲਾਵਾ ਜੋ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਜੋ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਗਿਆ ਹੈ, ਉਹ ਐਕਸਪੰਜ ਕੀਤਾ ਜਾਵੇ।(ਵਿਘਨ, ਸ਼ੋਰ)

**ਮੁੱਖ ਮੰਤਰੀ :** ਉਨ੍ਹਾਂ ਨੇ ਮੈਨੂੰ ਜਵਾਬ ਦੇਣ ਲਈ ਕਿਹਾ ਹੈ ਤਾਂ ਮੈਂ ਜਵਾਬ ਦੇ ਰਿਹਾ ਹਾਂ। (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਮੇਰੀ ਬੇਨਤੀ ਸੁਣ ਲਓ। ਆਪਾਂ ਇਕ ਬਹੁਤ ਵੱਡੇ ਅਤੇ ਮਹਾਨ ਇਨਸਾਨ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੂੰ, ਜਿਨ੍ਹਾਂ ਨੇ ਦੇਸ਼ ਅਤੇ ਦੁਨੀਆਂ ਲਈ ਬਹੁਤ ਕੰਮ ਕੀਤਾ ਹੈ, ਜਿਵੇਂ ਉਨ੍ਹਾਂ ਨੂੰ ਪਾਰਲੀਮੈਂਟ ਵਿੱਚ ਸ਼ਰਧਾਂਜਲੀ ਦਿੱਤੀ ਗਈ ਹੈ, ਉਸੇ ਤਰ੍ਹਾਂ ਅੱਜ ਆਪਾਂ ਇਹ ਕੰਮ ਨਿਬੇੜ ਕੇ, ਜ਼ੀਰੋ ਆਵਰ ਤੋਂ ਬਾਅਦ ਇੱਕ ਰਿਪੋਰਟ ਪੇਸ਼ ਕਰਕੇ, ਫਿਰ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦੇਣੀ ਹੈ।(ਵਿਘਨ, ਸ਼ੋਰ) ਮੈਂ ਬਾਦਲ ਸਾਹਿਬ ਦੇ ਬੋਲਣ ਤੋਂ ਬਾਅਦ ਹੀ ਕਹਿ ਰਿਹਾ ਹਾਂ।(ਵਿਘਨ, ਸ਼ੋਰ)

(ਇਸ ਸਮੇਂ ਮਾਲ ਤੇ ਮੁੜ ਵਸੇਬਾ ਮੰਤਰੀ, ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ ਸਾਹਿਬਾਨ ਆਪਣੀਆ ਸੀਟਾਂ ਤੇ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਜੋ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਜਾ ਰਿਹਾ ਹੈ, ਉਹ ਐਕਸਪੰਜ ਕੀਤਾ ਜਾਵੇ। (ਵਿਘਨ, ਸ਼ੋਰ) Zero Hour is over. (Interruptions)(Noises)

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਆਪੋਜ਼ੀਸ਼ਨ ਬੈਂਚਿਜ਼ ਤੋਂ ਕਈ ਮੈਂਬਰਜ਼ ਖੜ੍ਹੇ ਹੋ ਕੇ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

** Not recorded as ordered by the Chair.

**ਮਾਨਯੋਗ ਸਪੀਕਰ:** ਸੀ.ਐਮ. ਸਾਹਿਬ ਖੜ੍ਹੇ ਹਨ ਅਤੇ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ)(ਸ਼ੋਰ) ਬਾਦਲ ਸਾਹਿਬ ਨੂੰ ਬੋਲ ਲੈਣ ਦਿਉ। ਪਹਿਲਾਂ ਇਨ੍ਹਾਂ ਦੀ ਗੱਲ ਸੁਣ ਲਵੋ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਸ ਇਸ਼ੂ ਉਤੇ ਜਿਵੇਂ ਮਰਜ਼ੀ ਕੋਈ ਬੋਲ ਲਵੇ, ਅਸੀਂ ਅਰਾਮ ਨਾਲ ਸੁਣਾਂਗੇ। ਮੈਨੂੰ ਅਫਸੋਸ ਹੈ, ਗੁੱਸਾ ਨਾ ਕਰਿਓ, ਮੈਂ ਕਹਿਣਾ ਚਾਹੁੰਦਾ ਹਾਂ ਕਿ ਐਤਕੀਂ ਇਸ ਸੈਸ਼ਨ ਵਿੱਚ ਇਨ੍ਹਾਂ ਦਾ ਵੰਨ ਪੁਆਇੰਟ ਏਜੰਡਾ ਰੌਲਾ ਪਾਉਣਾ ਹੀ ਹੈ। (ਵਿਘਨ)(ਸ਼ੋਰ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ** **

**Mr. Speaker:** Not to be recorded. Nagra ji, please sit down.

**ਮੁੱਖ ਮੰਤਰੀ:** ਗੱਲ ਤਾਂ ਸੁਣ ਲਵੋ। ਬੈਠ ਜਾਵੋ। ਇੰਨਾ ਵੀ ਕੀ ਹੋਇਆ? (ਵਿਘਨ)

**Mr. Speaker:** Nagra Sahib, please sit down. (Interruptions) Nothing should be recorded.

**ਮੁੱਖ ਮੰਤਰੀ:** ਸਪੀਕਰ ਸਾਹਿਬ, ਮੈਂ ਸ਼ਾਇਦ ਜਵਾਬ ਨਾ ਦਿੰਦਾ ਪਰ ਐਮ.ਐਲ.ਏ. ਸਾਹਿਬ ਨੇ ਕਿਹਾ ਹੈ ਕਿ ਚੀਫ ਮਨਿਸਟਰ ਸਾਹਿਬ ਹੀ ਦੱਸਣ। (ਵਿਘਨ) ਕੀ ਕਿਹਾ ਹੈ ਜਾਂ ਨਹੀਂ ਕਿਹਾ? (ਆਪੋਜੀਸ਼ਨ ਬੈਂਚਿਜ ਨੂੰ ਸੰਬੋਧਨ ਕਰਦੇ ਹੋਏ)। (ਵਿਘਨ)(ਸ਼ੋਰ)

**ਸਰਦਾਰ ਸੁਖਜਿੰਦਰ ਸਿੰਘ :** ** **

**ਮਾਲ ਤੇ ਮੁੜ ਵਸੇਬਾ ਮੰਤਰੀ:** ** **

**Mr. Speaker:** Please sit down. Nothing should be recorded.

(ਇਸ ਸਮੇਂ ਰੂਲਿੰਗ ਅਤੇ ਆਪੋਜੀਸ਼ਨ ਬੈਂਚਿਜ ਦੇ ਕਈ ਮੈਂਬਰਜ਼ ਬਿਨਾਂ ਇਜਾਜ਼ਤ ਤੋਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

---

** Not recorded as ordered by the Chair.

**ਮਾਨਯੋਗ ਸਪੀਕਰ:** ਜੋ ਵੀ ਮੇਰੀ ਇਜਾਜ਼ਤ ਤੋਂ ਬਿਨਾਂ ਬੋਲਿਆ ਜਾ ਰਿਹਾ ਹੈ, ਉਹ ਰਿਕਾਰਡ ਨਹੀਂ ਕਰਨਾ। ਜਾਖੜ ਜੀ, ਮੁੱਖ ਮੰਤਰੀ ਸਾਹਿਬ ਦੇ ਬੋਲਣ ਤੋਂ ਬਾਅਦ ਤੁਸੀਂ ਬੋਲ ਲੈਣਾ। ਇਨ੍ਹਾਂ ਦੇ ਬੋਲਣ ਤੋਂ ਬਾਅਦ ਹੀ ਕਿਸੇ ਹੋਰ ਦੁਆਰਾ ਬੋਲਿਆ ਜਾ ਸਕਦਾ ਹੈ। (ਵਿਘਨ)(ਸ਼ੋਰ)

**ਮੁੱਖ ਮੰਤਰੀ:** ਦੇਖੋ, ਮੈਂ ਇੱਧਰਲੇ ਪਾਸੇ ਵਾਲੇ ਅਤੇ ਉਧਰਲੇ ਪਾਸੇ ਵਾਲੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਹ ਇਸ ਐਸੰਬਲੀ ਦਾ ਅਖੀਰਲਾ ਸੈਸ਼ਨ ਹੈ। ਇਸ ਦੀਆਂ ਯਾਦਾਂ ਸਾਨੂੰ ਕੌੜੀਆਂ ਨਹੀਂ ਰੱਖਣੀਆਂ ਚਾਹੀਦੀਆਂ ਸਗੋਂ ਮਿੱਠੀਆਂ ਯਾਦਾਂ ਰੱਖਣੀਆਂ ਚਾਹੀਦੀਆਂ ਹਨ। ਦੇਖੋ, ਹੁਣ ਇਹ ਕਿੰਨਾ ਇੰਪੌਰਟੈਂਟ ਇਸ਼ੂ ਸੀ। ਇਹ ਅਕਾਲੀ ਦਲ, ਬੀ.ਜੇ.ਪੀ. ਜਾਂ ਕਾਂਗਰਸ ਦਾ ਇਸ਼ੂ ਨਹੀਂ ਸੀ। ਇਹ ਇਸ਼ੂ ਸੀ ਕਿ ਜਿਨ੍ਹਾਂ ਲੋਕਾਂ ਨੇ ਦੇਸ਼ ਵਾਸਤੇ ਇੰਨੀਆਂ ਕੁਰਬਾਨੀਆਂ ਕੀਤੀਆਂ ਹਨ, ਸਾਡੇ ਵਾਸਤੇ ਫਾਂਸੀ ਦੇ ਤਖਤੇ ਤੇ ਚੜ੍ਹੇ ਹਨ....(ਵਿਘਨ)(ਸ਼ੋਰ) ਫਿਰ ਉਹੀ ਗੱਲ ਕਰ ਰਹੇ ਹੋ?

(ਇਸ ਸਮੇਂ ਰੂਲਿੰਗ ਅਤੇ ਆਪੋਜੀਸ਼ਨ ਬੈਂਚਿਜ ਦੇ ਕਈ ਮੈਂਬਰਜ਼ ਚੇਅਰ ਦੀ ਆਗਿਆ ਤੋਂ ਬਿਨਾਂ ਖੜ੍ਹੇ ਹੋ ਕੇ ਇੱਕ ਦੂਜੇ ਨੂੰ ਕਹੀਆਂ ਗੱਲਾਂ ਦੇ ਜਵਾਬ ਦੇ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮੁੱਖ ਮੰਤਰੀ:** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਦੀਆਂ (ਸਰਦਾਰ ਕੁਲਜੀਤ ਸਿੰਘ ਨਾਗਰਾ ਦੀਆਂ) ਬਾਹਵਾਂ ਫੜ੍ਹ ਲਵੋ ਜੀ। (ਹਾਸਾ)(ਵਿਘਨ) ਮੇਰਾ ਖਿਆਲ ਹੈ ਕਿ ਅਸੀਂ ਕਲਪਰਿਟ ਹਾਂ ਜਿਨ੍ਹਾਂ ਨੇ ਇਨ੍ਹਾਂ ਬਹਾਦਰ ਯੋਧਿਆਂ ਦੀਆਂ ਯਾਦਗਾਰਾਂ ਢੁੱਕਵੀਆਂ ਨਹੀਂ ਬਣਾਈਆਂ। ਜੰਗ-ਏ-ਅਜ਼ਾਦੀ ਦੀ ਯਾਦਗਾਰ, ਆਪਣੇ ਵਾਰ ਹੀਰੋਜ਼ ਦੀ ਯਾਦਗਾਰ ਜਾਂ ਬੰਦਾ ਸਿੰਘ ਬਹਾਦਰ ਵਰਗੇ ਯੋਧੇ ਜਿਨ੍ਹਾਂ ਨੇ ਪਹਿਲਾਂ ਉਸ ਵੇਲੇ ਦੇਸ਼ ਨੂੰ ਅਜ਼ਾਦ ਕਰਵਾਇਆ ਹੈ, ਉਨ੍ਹਾਂ ਦੀ ਯਾਦਗਾਰ ਅਤੇ ਧਾਰਮਿਕ ਯਾਦਗਾਰਾਂ ਬਣਾਉਣੀਆਂ, ਇੱਕ ਤਾਂ ਇਹ ਯਾਦਗਾਰਾਂ ਹਨ ਅਤੇ ਦੂਜੀਆਂ ਧਾਰਮਿਕ ਸਖ਼ਸ਼ੀਅਤਾਂ ਦੀਆਂ ਯਾਦਗਾਰਾਂ ਹਨ ਜਿਵੇਂ ਕਿ ਭਗਵਾਨ ਵਾਲਮੀਕ ਜੀ ਦੀ ਯਾਦਗਾਰ, ਗੁਰੂ ਰਵੀਦਾਸ ਜੀ ਦੀ ਯਾਦਗਾਰ ਅਤੇ ਭਾਈ ਜੈਤਾ ਜੀ ਦੀ ਯਾਦਗਾਰ। ਹੁਣ ਕੱਲ੍ਹ ਹੀ ਪੰਜ ਏਕੜ ਜ਼ਮੀਨ ਸੁਨਾਮ ਵਿੱਚ ਲਈ ਹੈ, ਮੈਂ ਦਸਤਖਤ ਕਰਕੇ ਹਟਿਆ ਹਾਂ, ਉਥੇ ਸ਼ਹੀਦ ਊਧਮ ਸਿੰਘ ਜੀ ਦੀ ਯਾਦਗਾਰ ਬਣਾ ਰਹੇ ਹਾਂ। ਦੇਖੋ, ਇਹ ਉਹੀ ਸਰਕਾਰ ਕਰ ਸਕਦੀ ਹੈ ਜਿਸ ਦੇ ਦਿਲ ਵਿੱਚ ਇੱਕ ਜ਼ਜ਼ਬਾ ਹੋਵੇ ਅਤੇ ਕੁਮਿਟਮੈਂਟ ਹੋਵੇ ਕਿ ਅਸੀਂ ਆਪਣੇ ਬਹਾਦਰ

ਸ਼ਹੀਦਾਂ ਦੀ ਯਾਦਗਾਰ ਬਣਾਉਣੀ ਹੈ (ਥੰਪਿੰਗ) ਤਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਆਪਣੇ ਦੇਸ਼ ਭਗਤਾਂ ਬਾਰੇ ਪਤਾ ਲੱਗ ਸਕੇ। ਇਸ ਕਰਕੇ ਮੈਂ ਜ਼ਿਆਦਾ ਨਹੀਂ ਬੋਲਦਾ। ਸਪੀਕਰ ਸਾਹਿਬ, ਮੈਂ ਇਹ ਵੀ ਅਪੀਲ ਕਰਦਾ ਹਾਂ ਕਿ ਜਿਹੜੇ ਬੁੱਤ ਇਥੇ ਲੱਗ ਸਕਦੇ ਹਨ, ਉਹ ਜ਼ਰੂਰ ਲਗਾਏ ਜਾਣ।

**Mr. Speaker :** Zero hour is over.

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਮੇਰਾ ਪ੍ਰਿਵਿਲੇਜ ਮੋਸ਼ਨ ਸੀ। ਮੈਂ ਉਸ ਤੇ ਗੱਲ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। (ਵਿਘਨ..ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ.. (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਮੇਰੀ ਗੱਲ ਤਾਂ ਸੁਣ ਲਓ, ਮੇਰੀ ਬੇਨਤੀ ਹੈ ਕਿ ਧਿਆਨ ਦਿਵਾਊ ਮਤਾ ਮੈਨੂੰ ਕਰਵਾ ਲੈਣ ਦਿਓ। (ਵਿਘਨ..ਸ਼ੋਰ)

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਨਹੀਂ ਜੀ। ਪਹਿਲਾਂ ਮੈਨੂੰ ਸੀ.ਐਮ. ਸਾਹਿਬ ਦਾ ਧੰਨਵਾਦ ਤਾਂ ਕਰ ਲੈਣ ਦਿਓ। ਚਾਹੇ ਮੇਰੇ ਕੁਲੀਗ ਬੁਰਾ ਮੰਨਣ ਪਰ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਬਹੁਤ ਅਭਾਰੀ ਹਾਂ ਜਿਨ੍ਹਾਂ ਨੇ ਕਿਹਾ ਹੈ ਕਿ ਯਾਦਗਾਰਾਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਸਾਨੂੰ ਕਿਹਾ ਹੈ ਕਿ ਚੌਧਰੀ ਸਾਹਿਬ ਅਤੇ ਚੰਨੀ ਸਾਹਿਬ ਤੁਸੀਂ ਵੀ ਉਨ੍ਹਾਂ ਯਾਦਗਾਰਾਂ ਸਬੰਧੀ ਸਮਾਗਮ ਤੇ ਆਇਓ। ਸੀ.ਐਮ. ਸਾਹਿਬ, ਤੁਹਾਨੂੰ ਸ਼ਾਇਦ ਧਿਆਨ ਨਹੀਂ ਹੈ ਕਿ ਜਦੋਂ ਤੁਸੀਂ ਨੀਂਹ ਪੱਥਰ ਰੱਖਿਆ ਸੀ, ਉਸ ਸਮੇਂ ਮੈਂ ਤੁਹਾਡੇ ਨਾਲ ਬਤੌਰ ਸੀ.ਐਲ.ਪੀ. ਲੀਡਰ ਗਿਆ ਸੀ। ਮੈਂ ਤੁਹਾਡਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਜਿਥੇ ਮੈਂ ਇਨ੍ਹਾਂ ਦਾ ਧੰਨਵਾਦ ਕਰਦਾ ਹਾਂ, ਉਥੇ ਮੇਰੀ ਇਕ ਬੇਨਤੀ ਵੀ ਹੈ ਕਿ ਇਨ੍ਹਾਂ ਨੇ ਯਾਦਗਾਰਾਂ ਬਣਾਈਆਂ ਹਨ, ਇਹ ਸਾਰੇ ਪੰਜਾਬ ਨੂੰ ਪਤਾ ਹੈ ਪਰ ਮੇਰੀ ਬੇਨਤੀ ਹੈ ਕਿ ਪੰਜਾਬ ਦੀ ਯਾਦਗਾਰ ਨਾ ਬਣਾਓ, ਪੰਜਾਬ ਦੇ ਨੌਜੁਆਨਾਂ ਦੀ ਯਾਦਗਾਰ ਬਣਾਉਣ ਦੀ ਨੌਬਤ ਨਾ ਆਵੇ, ਇਸ ਵਾਸਤੇ ਮੈਂ ਖੜ੍ਹਾ ਹੋਇਆ ਹਾਂ।

**ਮਾਨਯੋਗ ਸਪੀਕਰ:** ਧੰਨਵਾਦ ਜੀ। (ਵਿਘਨ..ਸ਼ੋਰ)

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਮੇਰਾ ਬਰੀਚ ਆਫ ਪ੍ਰੀਵਿਲੇਜ ਮੋਸ਼ਨ ਹੈ।

**ਮਾਨਯੋਗ ਸਪੀਕਰ:** ਮੈਂ ਪਹਿਲਾਂ ਹੀ ਤੁਹਾਡਾ ਮੋਸ਼ਨ ਡਿਸਅਲਾਓ ਕਰ ਚੁੱਕਾ ਹਾਂ।

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਮੈਂ ਉਸੇ ਡਿਸਅਲਾਓ ਹੋਣ ਤੇ ਬੋਲਣਾ ਹੈ।

**ਮਾਨਯੋਗ ਸਪੀਕਰ:** ਨਹੀਂ, ਉਸ ਤੇ ਡਿਸਕਸ਼ਨ ਨਹੀਂ ਹੋ ਸਕਦੀ। (ਵਿਘਨ..ਸ਼ੋਰ)

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ** **

**Mr. Speaker:** You cannot challenge the order of the Chair. You cannot challenge the Chair. (ਵਿਘਨ..ਸ਼ੋਰ)

**ਸ਼੍ਰੀ ਸੁਨੀਲ ਜਾਖੜ:** ** **

**Mr. Speaker:** Nothing is going on record. You can not discuss.

**ਸ਼੍ਰੀ ਸੁਨੀਲ ਜਾਖੜ:** ** **

**Mr. Speaker:** Nothing should be recorded. ਇਹ ਚੈਲੰਜ ਹੋ ਹੀ ਨਹੀਂ ਸਕਦਾ, ਇਹ ਡਿਸਕਸ ਹੋ ਹੀ ਨਹੀਂ ਸਕਦਾ। (ਵਿਘਨ..ਸ਼ੋਰ)

(ਇਸ ਸਮੇਂ ਰੂਲਿੰਗ ਪਾਰਟੀ ਵਲੋਂ ਡਾਕਟਰ ਦਲਜੀਤ ਸਿੰਘ ਚੀਮਾ, ਸਿੱਖਿਆ ਮੰਤਰੀ, ਸਰਦਾਰ ਵਿਰਸਾ ਸਿੰਘ ਵਲਟੋਹਾ, ਮੈਂਬਰ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ, ਵਿਰੋਧੀ ਧਿਰ ਦੇ ਨੇਤਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ, ਸ਼੍ਰੀ ਤਰਲੋਚਨ ਸਿੰਘ ਅਤੇ ਸਰਦਾਰ ਸੁਖਜਿੰਦਰ ਸਿੰਘ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ ਅਤੇ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ:** ਹੁਣ ਤੁਹਾਡਾ ਧਿਆਨ ਦਿਵਾਊ ਮਤਾ ਵੀ ਨਿਕਲ ਗਿਆ, no Zero Hour.

---

** Not recorded as ordered by the Chair.

**ਸ਼੍ਰੀ ਸੁਨੀਲ ਜਾਖੜ:** ** **

**ਮਾਨਯੋਗ ਸਪੀਕਰ:** ਇਸ ਦਾ ਮਤਲਬ ਹੈ ਕਿ ਤੁਸੀਂ ਬਾਬਾ ਸਾਹਿਬ ਡਾਕਟਰ ਅੰਬੇਦਕਰ ਤੇ ਬੋਲਣਾ ਨਹੀਂ ਚਾਹੁੰਦੇ, ਤੁਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਨਹੀਂ ਦੇਣਾ ਚਾਹੁੰਦੇ? You are going to waste the time.

**ਸ਼੍ਰੀ ਸੁਨੀਲ ਜਾਖੜ:** ** **

**ਮਾਨਯੋਗ ਸਪੀਕਰ:** ਦੇਖੋ, ਗੱਲ ਸੁਣੋ। ਤੁਸੀਂ ਇਹ ਗੱਲਾਂ 'ਨੋ ਕਾਨਫੀਡੈਂਸ ਮੋਸ਼ਨ' ਤੇ ਕਹਿ ਸਕਦੇ ਸੀ।

(ਇਸ ਸਮੇਂ ਵਿਰੋਧੀ ਧਿਰ ਦੇ ਸਮੂਹ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**Mr. Speaker:** No, you are wrong.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿਚ ਆ ਗਏ ਅਤੇ ਉਨ੍ਹਾਂ ਵੱਲੋਂ ਸਰਕਾਰ ਅਤੇ ਮਾਨਯੋਗ ਸਪੀਕਰ ਸਾਹਿਬ ਦੇ ਵਿਰੁੱਧ ** ** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

_____________

## CALLING ATTENTION NOTICES UNDER RULE 66
## (SERIAL NUMBER 03)

**ਮਾਨਯੋਗ ਸਪੀਕਰ:** ਰਾਣਾ ਗੁਰਜੀਤ ਸਿੰਘ ਜੀ ਧਿਆਨ ਦਿਵਾਊ ਮਤਾ ਪੇਸ਼ ਕਰਨ।

(ਇਸ ਸਮੇਂ ਰਾਣਾ ਗੁਰਜੀਤ ਸਿੰਘ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਕੀਤਾ ਗਿਆ।)

** Not recorded as ordered by the Chair.

## (SERIAL NUMBER 04)

**ਮਾਨਯੋਗ ਸਪੀਕਰ:** ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ ਧਿਆਨ ਦਿਵਾਊ ਮਤਾ ਪੇਸ਼ ਕਰਨ।

(ਇਸ ਸਮੇਂ ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਉਨ੍ਹਾਂ ਵੱਲੋਂ ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਕੀਤਾ ਗਿਆ।)

------------

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ:** ਹੁਣ, ਮੈਂ, ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜਿਸ ਵਿੱਚ ਆਰਜ਼ੀ ਪ੍ਰੋਗਰਾਮ ਤੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮਿਤੀ 9.09.2016 ਤੋਂ 14.09.2016 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:

| | |
|---|---|
| ਸ਼ੁੱਕਰਵਾਰ, 9 ਸਤੰਬਰ, 2016 (10.00 ਵਜੇ ਸਵੇਰੇ) | 1. ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਨਾ। |
| | 2. ਭਾਰਤ ਰਤਨ ਬਾਬਾ ਸਾਹਿਬ ਡਾ.ਬੀ.ਆਰ. ਅੰਬੇਦਕਰ ਦੀ 125ਵੀਂ ਜਨਮ ਵਰ੍ਹੇਗੰਢ ਦੇ ਮੌਕੇ ਤੇ ਉਨ੍ਹਾਂ ਦੁਆਰਾ ਭਾਰਤ ਦੇ ਸੰਵਿਧਾਨ ਵਿਚ ਪਾਏ ਗਏ ਵਡਮੁੱਲੇ ਯੋਗਦਾਨਾਂ ਦੀ ਸ਼ਲਾਘਾ ਕਰਨਾ। |
| ਸ਼ਨਿੱਚਰਵਾਰ, 10 ਸਤੰਬਰ, 2016 | ਛੁੱਟੀ |
| ਐਤਵਾਰ, 11 ਸਤੰਬਰ, 2016 | ਛੁੱਟੀ |
| ਸੋਮਵਾਰ, 12 ਸਤੰਬਰ, 2016 (2.00 ਵਜੇ ਬਾਅਦ ਦੁਪਹਿਰ) | ਵਿਧਾਨਕ ਕੰਮ-ਕਾਰ |

| | |
|---|---|
| ਮੰਗਲਵਾਰ, 13 ਸਤੰਬਰ, 2016 | ਛੁੱਟੀ |
| ਬੁੱਧਵਾਰ, 14 ਸਤੰਬਰ, 2016 | 1. ਕਿਸਾਨਾਂ ਨਾਲ ਸਬੰਧਤ ਵੱਖ-ਵੱਖ ਮਾਮਲਿਆਂ ਤੇ ਬਹਿਸ।<br>2. ਸਰਕਾਰੀ ਮਤੇ:<br>(i) ਸਟੇਟ ਬੈਂਕ ਆਫ਼ ਪਟਿਆਲਾ ਦੇ ਮੌਜੂਦਾ ਹੈੱਡ ਆਫਿਸ ਨੂੰ ਸਟੇਟ ਬੈਂਕ ਆਫ ਇੰਡੀਆ ਦੇ ਖੇਤਰੀ ਹੈੱਡ ਆਫਿਸ ਵਜੋਂ ਘੋਸ਼ਿਤ ਕਰਨ ਸਬੰਧੀ ਭਾਰਤ ਸਰਕਾਰ ਨਾਲ ਮਾਮਲਾ ਉਠਾਉਣ ਸਬੰਧੀ ਮਤਾ; ਅਤੇ<br>(ii) ਵੱਖ-ਵੱਖ ਧਰਮਾਂ ਨਾਲ ਸਬੰਧਤ ਦੇਸ਼ ਭਗਤ, ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਵਾਰੀਆਂ ਅਤੇ ਦੇਸ਼ ਦੀ ਆਜ਼ਾਦੀ ਲਈ 1916 ਦੇ ਦੂਸਰੇ ਲਾਹੌਰ ਸਾਜ਼ਿਸ਼ ਕੇਸ ਵਿਚ ਜਿਨ੍ਹਾਂ ਸ਼ਹੀਦਾਂ ਨੂੰ ਫਾਂਸੀ ਦਿੱਤੀ ਗਈ, ਨੂੰ ਸ਼ਰਧਾਂਜਲੀਆਂ ਦੇਣ ਲਈ ਵੱਖ-ਵੱਖ ਯਾਦਗਾਰਾਂ ਸਥਾਪਿਤ ਕਰਨ ਲਈ ਰਾਜ ਸਰਕਾਰ ਦੀ ਭਰਪੂਰ ਸ਼ਲਾਘਾ ਕਰਨ ਸਬੰਧੀ ਮਤਾ।<br>3. ਸਦਨ ਨੂੰ ਅਣਮਿੱਥੇ ਸਮੇਂ ਲਈ ਸਥੱਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

[ ਮਾਨਯੋਗ ਸਪੀਕਰ ]

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਮਾਨਯੋਗ ਸਪੀਕਰ:** ਹੁਣ ਸੰਸਦੀ ਮਾਮਲੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ):** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ:** ਪ੍ਰਸਤਾਵ ਕੀਤਾ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

-------------

## PRESENTATION OF REPORT OF THE COMMITTEE

**ਮਾਨਯੋਗ ਸਪੀਕਰ:** ਬੀਬੀ ਜਗੀਰ ਕੌਰ, ਚੇਅਰਮੈਨ, ਵਿਸ਼ੇਸ਼ ਅਧਿਕਾਰ ਕਮੇਟੀ ਰਿਪੋਰਟ ਪੇਸ਼ ਕਰਨ।

**ਸਭਾਪਤੀ, ਵਿਸ਼ੇਸ਼ ਅਧਿਕਾਰ ਕਮੇਟੀ (ਬੀਬੀ ਜਗੀਰ ਕੌਰ):** ਸਪੀਕਰ ਸਾਹਿਬ, ਮੈਂ ਸ਼੍ਰੀ ਮਦਨ ਮੋਹਨ ਮਿੱਤਲ, ਸੰਸਦੀ ਮਾਮਲਿਆਂ ਦੇ ਮੰਤਰੀ, ਪੰਜਾਬ ਦੁਆਰਾ ਉਠਾਏ ਗਏ ਵਿਸ਼ੇਸ਼ ਅਧਿਕਾਰ ਦੇ ਮਾਮਲੇ ਸਬੰਧੀ ਵਿਸ਼ੇਸ਼ ਅਧਿਕਾਰ ਕਮੇਟੀ ਦੀ 8ਵੀਂ ਅੰਤਰਿਮ ਰਿਪੋਰਟ ਪੇਸ਼ ਕਰਦੀ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਸਰਕਾਰ ਵਿਰੋਧੀ ** ** ਨਾਅਰੇ ਮਾਰ ਰਹੇ ਸਨ ਅਤੇ ਸ਼੍ਰੀ ਰਜਨੀਸ਼ ਕੁਮਾਰ, ਆਜ਼ਾਦ ਮੈਂਬਰ ਆਪਣੀ ਸੀਟ ਤੋਂ ਉਠ ਕੇ ਆਪੋਜ਼ੀਸ਼ਨ ਬੈਂਚਿਜ਼ ਵੱਲ ਇੱਕ ਸੀਟ ਤੇ ਬੈਠੇ ਸਨ।)

---

## PAPERS LAID ON THE TABLE OF THE HOUSE

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸ਼੍ਰੀਮਾਨ ਜੀ, ਮੈਂ ਹੇਠ ਲਿਖੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਪੰਜਾਬ ਮੁੱਲ ਆਧਾਰਿਤ ਕਰ (ਸੋਧਨਾ) ਆਰਡੀਨੈਂਸ, 2016 (2016 ਦਾ ਪੰਜਾਬ ਆਰਡੀਨੈਂਸ ਨੰ: 5), ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ ।
2. ਸੂਚਨਾ ਦਾ ਅਧਿਕਾਰ ਐਕਟ, 2005 ਦੇ ਉਪਬੰਧ ਤੋਂ ਸੰਸਥਾਵਾਂ/ਵਿਭਾਗਾਂ ਨੂੰ ਛੋਟ ਦੇਣ ਸਬੰਧੀ ਮਿਤੀ 7 ਜੂਨ, 2016 ਦੇ ਨੋਟੀਫਿਕੇਸ਼ਨ ਨੰ:ਐਸ.ਓ.49 /ਸੀ.ਏ. 22/2005/ਐਸ.24/2016, ਜਿਵੇਂ ਕਿ ਸੂਚਨਾ ਦਾ ਅਧਿਕਾਰ ਐਕਟ, 2005 ਦੀ ਧਾਰਾ 25 (5) ਅਧੀਨ ਲੋੜੀਂਦਾ ਹੈ।
3. ਸਾਲ 2014-15 ਲਈ ਪੰਜਾਬ ਰਾਜ ਉਦਯੋਗਿਕ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
4. ਸਾਲ 2010-11 ਲਈ ਪੰਜਾਬ ਰਾਜ ਬੀਜ ਕਾਰਪੋਰੇਸ਼ਨ ਲਿਮਟਿਡ ਦੀ 35ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।
5. 31 ਮਾਰਚ, 2014 ਨੂੰ ਖਤਮ ਹੋਏ ਸਾਲ ਲਈ ਪੰਜਾਬ ਵਿੱਤੀ ਕਾਰਪੋਰੇਸ਼ਨ, ਚੰਡੀਗੜ੍ਹ ਦੇ ਲੇਖਿਆਂ ਤੇ ਆਡਿਟ ਰਿਪੋਰਟ, ਜਿਵੇਂ ਕਿ ਪੰਜਾਬ ਰਾਜ ਵਿੱਤੀ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 37(6) ਅਧੀਨ ਲੋੜੀਂਦਾ ਹੈ।

---

** Not recorded as ordered by the Chair.

## COMMEMORATING THE STELLAR CONTRIBUTIONS TO THE CONSTITUTION OF INDIA BY BHARAT RATAN BABA SAHEB DR. B.R. AMBEDKAR ON THE OCCASION OF HIS 125TH BIRTH ANNIVERSARY CELEBRATIONS

**ਮਾਨਯੋਗ ਸਪੀਕਰ :** ਅਗਲੀ ਆਈਟਮ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਜੀ ਦੀ 125ਵੀਂ ਜਨਮ ਵਰ੍ਹੇਗੰਢ ਦੇ ਮੌਕੇ ਤੇ ਉਨ੍ਹਾਂ ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਪਾਏ ਗਏ ਵਡਮੁੱਲੇ ਯੋਗਦਾਨਾਂ ਦੀ ਸ਼ਲਾਘਾ ਕਰਨਾ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਨ ਅਤੇ ਸਰਕਾਰ ਵਿਰੋਧੀ ** ** ਨਾਅਰੇ ਮਾਰ ਰਹੇ ਸਨ ਅਤੇ ਸ਼੍ਰੀ ਰਜਨੀਸ਼ ਕੁਮਾਰ, ਆਜ਼ਾਦ ਮੈਂਬਰ ਆਪਣੀ ਸੀਟ ਤੋਂ ਉਠ ਕੇ ਆਪੋਜ਼ੀਸ਼ਨ ਬੈਂਚਿਜ਼ ਤੇ ਬੈਠੇ ਸਨ। ਇਸ ਤੋਂ ਬਾਅਦ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰਜ਼ ਵੱਲੋਂ ਮਾਨਯੋਗ ਸਪੀਕਰ ਸਾਹਿਬ ਨਾਲ ਬਹਿਸ ਵੀ ਹੋਈ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੀ ਗਈ।)

**ਮਾਨਯੋਗ ਸਪੀਕਰ :** ਅਸੀਂ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਜੀ ਨੂੰ ਸ਼ਰਧਾਂਜਲੀ ਦੇਣ ਜਾ ਰਹੇ ਹਾਂ। ਮੈਂ ਸਾਰਿਆਂ ਨੂੰ ਬੇਨਤੀ ਕਰਾਂਗਾ ਕਿ ਆਪਣੀਆਂ-ਆਪਣੀਆਂ ਸੀਟਾਂ ਤੇ ਜਾਉ। (ਵਿਘਨ) (ਸ਼ੋਰ) ਤੁਸੀਂ ਮੇਰੀ ਗੱਲ ਸਮਝਦੇ ਨਹੀਂ। ਮੈਂ ਤੁਹਾਡਾ 'ਨੋ ਕਾਨਫੀਡੈਂਸ ਮੋਸ਼ਨ' ਐਡਮਿਟ ਕਰ ਲਿਆ ਹੈ। ਤੁਸੀਂ ਉਸ ਤੇ ਜੋ ਕਹਿਣਾ ਹੈ, ਕਹਿ ਲਿਉ। (ਵਿਘਨ) (ਸ਼ੋਰ) Now, nothing should be recorded.

**Mr. Speaker :** Go to your seats.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰਜ਼ ਅਤੇ ਸ਼੍ਰੀ ਰਜਨੀਸ਼ ਕੁਮਾਰ, ਅਜ਼ਾਦ ਮੈਂਬਰ ਵਲੋਂ ਵੈੱਲ ਆਫ ਦਿ ਹਾਊਸ ਵਿਚ ** ** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਇਸ ਦਾ ਮਤਲਬ ਹੈ ਕਿ ਤੁਸੀਂ ਨਹੀਂ ਚਾਹੁੰਦੇ ਕਿ

---

** Not recorded as ordered by the Chair.

ਬਾਬਾ ਸਾਹਿਬ ਅੰਬੇਦਕਰ ਜੀ ਬਾਰੇ ਕੋਈ ਗੱਲਬਾਤ ਹੋਵੇ। Please go to your seats. (interruptions)

**ਉਪ ਮੁੱਖ ਮੰਤਰੀ (ਬੈਠੇ-ਬੈਠੇ):** ਸਪੀਕਰ ਸਾਹਿਬ, ਕਾਂਗਰਸ ਵਾਲੇ ਧੱਕਾ ਕਰ ਰਹੇ ਹਨ। ਇਹ ਤਾਂ ਚੂੜੀਆਂ ਪਾ ਲੈਣ।

**ਮਾਨਯੋਗ ਸਪੀਕਰ:** ਇਹ ਦਿਖ ਰਿਹਾ ਹੈ ਕਿ ਇਹ ਬਾਬਾ ਸਾਹਿਬ ਅੰਬੇਦਕਰ ਜੀ ਨਾਲ ਕਿੰਨਾ ਪਿਆਰ ਕਰਦੇ ਹਨ ਅਤੇ ਉਨ੍ਹਾਂ ਦਾ ਕਿੰਨਾ ਸਤਿਕਾਰ ਕਰਦੇ ਹਨ।

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਸ਼੍ਰੀ ਰਜਨੀਸ਼ ਕੁਮਾਰ, ਅਜ਼ਾਦ ਮੈਂਬਰ ਵਲੋਂ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ:** ਮੈਂ ਬਾਬਾ ਸਾਹਿਬ ਅੰਬੇਦਕਰ ਜੀ ਦਾ ਸ਼ਰਧਾਂਜਲੀ ਸਮਾਰੋਹ ਸ਼ੁਰੂ ਕਰਨਾ ਹੈ। Please go to your seats. ਤੁਸੀਂ ਜੋ ਕਹਿਣਾ ਸੀ, ਕਹਿ ਲਿਆ। ਹੁਣ ਤੁਸੀਂ ਜੋ ਕਹੋਗੇ, ਉਸ ਦਾ ਮੇਰੇ ਤੇ ਕੋਈ ਅਸਰ ਨਹੀਂ। ਹੁਣ ਮੈਂ ਸ਼ਰਧਾਂਜਲੀ ਸ਼ੁਰੂ ਕਰਨੀ ਹੈ।

(ਇਸ ਸਮੇਂ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ, ਸਰਦਾਰ ਸਿਕੰਦਰ ਸਿੰਘ ਮਲੂਕਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜ਼ਤ ਤੋਂ ਬੋਲ ਰਹੇ ਸਨ ਜੋ ਕਿ ਸਦਨ ਵਿੱਚ ਬਹੁਤ ਸ਼ੋਰ ਹੋਣ ਕਾਰਨ ਸੁਣਾਈ ਨਹੀਂ ਦੇ ਰਿਹਾ ਸੀ।)

**Mr. Speaker:** I will not allow you. (ਆਪੋਜੀਸ਼ਨ ਨੂੰ ਸੰਬੋਧਨ ਕਰਦੇ ਹੋਏ) Please, go to your seats. ਮੈਂ ਬਾਬਾ ਸਾਹਿਬ ਅੰਬੇਦਕਰ ਜੀ ਦਾ ਸ਼ਰਧਾਂਜਲੀ ਸਮਾਰੋਹ ਸ਼ੁਰੂ ਕਰਨਾ ਹੈ। ਤੁਸੀਂ ਜਾ ਕੇ ਬੈਠੋ। 'ਨੋ ਕਾਨਫੀਡੈਂਸ ਮੋਸ਼ਨ' ਐਡਮਿਟ ਹੋ ਗਿਆ ਹੈ, ਮੈਂ ਉਸ ਲਈ ਟਾਈਮ ਅਨਾਊਂਸ ਕਰਨਾ ਹੈ। You are going to waste time.

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਸਮੂਹ ਮੈਂਬਰਜ਼ ਅਤੇ ਸ਼੍ਰੀ ਰਜਨੀਸ਼ ਕੁਮਾਰ, ਅਜ਼ਾਦ ਮੈਂਬਰ ਵਲੋਂ ਵੈੱਲ ਆਫ ਦਿ ਹਾਊਸ ਵਿੱਚ ** ** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

** Not recorded as ordered by the Chair.

**Mr. Speaker:** You are spoiling the whole atmosphere.

**ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ (ਬੈਠੇ-ਬੈਠੇ):** ਸਪੀਕਰ ਸਾਹਿਬ, ਇਨ੍ਹਾਂ ਕੋਲ ਕਹਿਣ ਨੂੰ ਕੁਝ ਨਹੀਂ ਹੈ, ਇਹ ਤਾਂ ਭੱਜਣ ਨੂੰ ਫਿਰਦੇ ਹਨ।

**ਮਾਨਯੋਗ ਸਪੀਕਰ:** ਇਹ ਸਾਰਾ ਜਗਤ ਅੱਜ ਦੇਖ ਰਿਹਾ ਹੈ ਤੇ ਸਾਰੀ ਜਨਤਾ ਦੇਖ ਰਹੀ ਹੈ ਕਿ ਕੌਣ ਜ਼ਿੰਮੇਵਾਰ ਹੈ। ਇਸ ਸਮੇਂ ਕੁਝ ਵੀ ਰਿਕਾਰਡ ਨਹੀਂ ਹੋ ਰਿਹਾ ਹੈ। Go to your seats. (Interruption)

\-------------

## SHORT ADJOURNMENT OF THE HOUSE

**ਮਾਨਯੋਗ ਸਪੀਕਰ:** ਹਾਊਸ ਸਿਰਫ 15 ਮਿੰਟ ਲਈ ਐਡਜਰਨ ਕੀਤਾ ਜਾਂਦਾ ਹੈ ।

*1.15 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ 1.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ ।)

*1.30 ਵਜੇ ਬਾਅਦ ਦੁਪਹਿਰ) (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ।)

\-----------

## COMMEMORATING THE STELLAR CONTRIBUTIONS TO THE CONSTITUTION OF INDIA BY BHARAT RATAN BABA SAHEB DR. B.R. AMBEDKAR ON THE OCCASION OF HIS 125TH BIRTH ANNIVERSARY CELEBRATIONS *(Resumption)*

**ਮਾਨਯੋਗ ਸਪੀਕਰ :** ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਦੀ 125ਵੀਂ ਜਨਮ ਵਰ੍ਹੇਗੰਢ ਦੇ ਮੌਕੇ ਤੇ ਉਨ੍ਹਾਂ ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਪਾਏ ਗਏ ਵਡਮੁੱਲੇ ਯੋਗਦਾਨਾਂ ਦੀ ਸ਼ਲਾਘਾ ਕਰਨਾ। ਮਿੱਤਲ ਸਾਹਿਬ, ਦੱਸੋ ਜੀ । ....(ਵਿਘਨ).... ਹਾਂ ਜੀ, ਮਿੱਤਲ ਸਾਹਿਬ....(ਵਿਘਨ)....

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਪਣੀ ਸੀਟ ਤੋਂ ਅੱਗੇ ਆ ਕੇ) :** ** **

** Not recorded as ordered by the Chair.

**ਮਾਨਯੋਗ ਸਪੀਕਰ :** ਬੈਂਸ ਸਾਹਿਬ, ਇਹ ਕੋਈ ਜ਼ੀਰੋ ਆਵਰ ਨਹੀਂ ਹੈ। Nothing should be recorded. ਉਹ ਰਿਜੈਕਟ ਹੋ ਗਿਆ ਹੈ।

**ਸਰਦਾਰ ਸਿਮਰਜੀਤ ਸਿੰਘ ਬੈਸ :** ਰਿਜੈਕਟ ਕਿਉਂ ਹੋ ਗਿਆ ਜੀ?

**ਮਾਨਯੋਗ ਸਪੀਕਰ :** ਇਹ ਤੁਸੀਂ ਚੈਲੇਂਜ ਨਹੀਂ ਕਰ ਸਕਦੇ। Sorry, you cannot challenge. ਤੁਸੀਂ ਚੈਲੇਂਜ ਨਹੀਂ ਕਰ ਸਕਦੇ .....(ਵਿਘਨ)... ਇਸ ਵਿੱਚ ਰੀਜਨਿੰਗ ਆਈ ਹੋਏਗੀ ....(ਵਿਘਨ).... ਤੁਹਾਨੂੰ ਰੀਜ਼ਨਿੰਗ ਦਿੱਤੀ ਹੋਵੇਗੀ ....(ਵਿਘਨ).... ਤੁਸੀਂ ਉਸ ਵਿੱਚ ਰੀਜ਼ਨਿੰਗ ਪੜ੍ਹ ਲਵੋ, ਇਹ ਦਿੱਤੀ ਹੋਵੇਗੀ। Without any reason ਰਿਜੈਕਟ ਹੁੰਦਾ ਹੀ ਨਹੀਂ। ....(ਵਿਘਨ).... ਹਾਂ ਜੀ, ਮਿੱਤਲ ਸਾਹਿਬ, ਤੁਸੀਂ ਦੱਸੋ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਮੈਂ ....(ਵਿਘਨ).....

**ਮਾਨਯੋਗ ਸਪੀਕਰ :** ਮਿੱਤਲ ਸਾਹਿਬ ਦੀ ਗੱਲ ਸੁਣ ਲੈਣ ਦਿਓ .....(ਵਿਘਨ).....Nothing is going to be recorded.

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਦਕਰ ਦੀ 125ਵੀਂ ਜਨਮ ਵਰ੍ਹੇਗੰਢ ਦੇ ਮੌਕੇ ਤੇ ਉਨ੍ਹਾਂ ਦੁਆਰਾ ਭਾਰਤ ਦੇ ਸੰਵਿਧਾਨ ਵਿੱਚ ਪਾਏ ਗਏ ਵਡਮੁੱਲੇ ਯੋਗਦਾਨਾਂ ਦੀ ਸ਼ਲਾਘਾ ਕਰਨ ਲਈ ਮਤਾ ਪੇਸ਼ ਕਰਦਾ ਹਾਂ ਔਰ ਇਹ ਵੀ ਪ੍ਰਸਤਾਵ ਕਰਦਾ ਹਾਂ ਕਿ ਇਸ ਮਤੇ ਤੇ ਤੁਰੰਤ ਬਹਿਸ ਕਰਵਾਈ ਜਾਵੇ। ....(ਵਿਘਨ)......

**ਸਰਦਾਰ ਸਿਮਰਜੀਤ ਸਿੰਘ ਬੈਂਸ :** ** **

**Mr. Speaker :** Nothing should be recorded. ...(Interruptions) .....(Noises). ....(Interruptions) .... Nothing is going to be recorded.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਅੰਬੇਦਕਰ ਜੀ ਤੇ ਬਹਿਸ ਸ਼ੁਰੂ ਕਰਵਾਓ ਜੀ।

**ਮਾਨਯੋਗ ਸਪੀਕਰ :** ਤੁਸੀਂ ਉਨ੍ਹਾਂ ਆਪਣੇ ਨਾਲ ਦਿਆਂ ਨੂੰ ਤਾਂ ਬਿਠਾਓ।....(ਵਿਘਨ).... Please sit down. ਮੈਂ ਕਿਹਾ ਜੀ sit down.

---

** Not recorded as ordered by the Chair.

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਮੇਰੀ ਸਾਰਿਆਂ ਨੂੰ ਬੇਨਤੀ ਹੈ। ਇਹ ਤਾਂ ਕਈ ਦਿਨ ਚੱਲਣੇ ਹਨ, ਝਗੜੇ ਤਾਂ ਚਲਦੇ ਰਹਿਣੇ ਹਨ।

(ਇਸ ਸਮੇਂ ਵੀ ਅਜ਼ਾਦ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੋਂ ਅੱਗੇ ਆ ਕੇ ਉਚੀ ਉਚੀ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਮੁੱਖ ਮੰਤਰੀ :** ਮੇਰੀ ਇੱਕ ਮਿੰਟ ਤਾਂ ਗੱਲ ਸੁਣ ਲਵੋ ਮਹਾਰਾਜ ਜੀ ....(ਵਿਘਨ)... ਠਹਿਰ ਜਾਵੋ .....(ਵਿਘਨ).... ਮੇਰੀ ਅਰਜ਼ ਹੈ ਕਿ ਆਪਾਂ ਇੱਕ ਬੜਾ ਅਹਿਮ ਮਸਲਾ ਲਿਆਂਦਾ ਸੀ, ਡਾਕਟਰ ਅੰਬੇਦਕਰ ਜੀ ਦੇ ਜਨਮ ਦਿਨ ਤੇ ਉਨ੍ਹਾਂ ਦੇ ਸਤਿਕਾਰ ਵਜੋਂ ਇਹ ਮਤਾ ਰੱਖਿਆ ਸੀ। ਉਸ ਨੂੰ ਆਪਾਂ ਅਮਨ-ਸ਼ਾਂਤੀ ਨਾਲ ਕਰ ਲਈਏ, ਬਾਕੀ ਜਿਵੇਂ ਹੁੰਦਾ ਰਹੇਗਾ ਹੋ ਜਾਵੇ। ਮੈਂ ਤਾਂ ਤੁਹਾਨੂੰ ਇਹੀ ਆਖਦਾ ਹਾਂ, ਜੇ ਤੁਸੀਂ ਇਹ ਵੀ ਨਹੀਂ ਕਰਨਾ ਤਾਂ ਤੁਹਾਡੀ ਮਰਜ਼ੀ। ...(ਵਿਘਨ)....

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਪਣੀ ਸੀਟ ਤੋਂ ਅੱਗੇ ਆ ਕੇ) :** ** **

**ਮਾਨਯੋਗ ਸਪੀਕਰ :** ਜਿਹੜੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਹੁੰਦੀ ਹੈ, ਉਹ ਪਹਿਲਾਂ ਅਨਾਊਂਸ ਕੀਤੀ ਜਾਂਦੀ ਹੈ। ....(ਵਿਘਨ)... ਬੈਂਸ ਸਾਹਿਬ, ਇਹ ਸਮਝ ਲਵੋ। ਤੁਸੀਂ ਰੂਲਜ਼ ਪੜ੍ਹ ਲਵੋ। ਇਹ ਜਿਹੜੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਹੈ, ਇਸ ਵਿੱਚ ਪਹਿਲਾਂ ਮੈਂਬਰ ਨਾਮੀਨੇਟ ਹੁੰਦੇ ਹਨ, ਉਸ ਵਿੱਚ ਮੈਂਬਰ ਲਏ ਜਾਂਦੇ ਹਨ। ਉਹ ਕਮੇਟੀ ਫਿਰ ਸਾਰਾ ਬਿਜ਼ਨਸ ਤੈਅ ਕਰਦੀ ਹੈ।

**ਮੁੱਖ ਮੰਤਰੀ :** ਆਪਾਂ ਪਿਆਰ ਮੁਹੱਬਤ ਨਾਲ ਦੋ ਮਿੰਟ ਕਰ ਲਈਏ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ** **

**Mr. Speaker:** Nothing should be recorded. ਪਹਿਲਾਂ ਬਾਦਲ ਸਾਹਿਬ ਬੋਲਣਗੇ।

(ਇਸ ਸਮੇਂ ਅਜ਼ਾਦ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

---

** Not recorded as ordered by the Chair.

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਪਹਿਲਾਂ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿਉ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਬਾ ਅੰਬੇਦਕਰ ਸਾਹਿਬ ਜੀ ਦਾ ਜੋ ਮਤਾ ਹੈ...

**ਮਾਨਯੋਗ ਸਪੀਕਰ:** ਪਹਿਲਾਂ ਉਨ੍ਹਾਂ (ਸਰਦਾਰ ਸਿਮਰਜੀਤ ਸਿੰਘ ਬੈਂਸ) ਨੂੰ ਬੈਠ ਜਾਣ ਦਿਉ, ਉਹ ਚੁੱਪ ਹੀ ਨਹੀਂ ਕਰ ਰਹੇ ਹਨ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ** **

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲੱਗੇ ਸਨ ਪਰ ਉਨ੍ਹਾਂ ਦਾ ਮਾਈਕ ਬੰਦ ਸੀ।)

**ਮਾਨਯੋਗ ਸਪੀਕਰ:** ਸਭ ਤੋਂ ਪਹਿਲਾਂ ਬਾਦਲ ਸਾਹਿਬ ਬੋਲਣਗੇ।

**ਮੁੱਖ ਮੰਤਰੀ:** ਸਪੀਕਰ ਸਾਹਿਬ, ਪਹਿਲਾਂ ਬੈਂਸ ਸਾਹਿਬ ਨੂੰ ਚੁੱਪ ਕਰਵਾਉ ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਸਪੀਕਰ ਸਾਹਿਬ, ਸਾਡੀ ਕਾਲ ਅਟੈਨਸ਼ਨ ਮੋਸ਼ਨ ਹੈ ।

**Mr. Speaker:** The Time is over. Zero Hour is over. Call Attention is over. ਹੁਣ ਤਾਂ ਬਾਬਾ ਸਾਹਿਬ, ਡਾਕਟਰ ਬੀ.ਆਰ.ਅੰਬੇਦਕਰ ਸਾਹਿਬ ਨੂੰ ਜੋ ਸ਼ਰਧਾਂਜਲੀ ਦੇਣੀ ਹੈ, ਉਸ ਉਤੇ ਬਾਦਲ ਸਾਹਿਬ ਆਪਣੀ ਸਪੀਚ ਸ਼ੁਰੂ ਕਰ ਰਹੇ ਹਨ।

**ਸੰਸਦੀ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਪਹਿਲਾਂ ਬਾਦਲ ਸਾਹਿਬ ਨੂੰ ਸੁਣ ਲੈਣ, ਜਦੋਂ ਇਨ੍ਹਾਂ ਦੀ ਵਾਰੀ ਆਵੇਗੀ ਤਾਂ ਜਵਾਬ ਦੇ ਦੇਣ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ਸਪੀਕਰ ਸਾਹਿਬ, ਮੇਰੀ ਮੋਸ਼ਨ ਦਿੱਤੀ ਹੋਈ ਸੀ..

**ਮਾਨਯੋਗ ਸਪੀਕਰ:** ਉਹ ਮੈਂ ਰਿਜੈਕਟ ਕਰ ਦਿੱਤੀ ਹੈ, ਉਹ ਰਿਜੈਕਟ ਹੋ ਗਈ ਹੈ।

**ਸਰਦਾਰ ਸਿਮਰਜੀਤ ਸਿੰਘ ਬੈਂਸ:** ** **

---

** Not recorded as ordered by the Chair.

**Mr. Speaker :** Nothing should be recorded.

**ਮੁੱਖ ਮੰਤਰੀ:** ਇਨ੍ਹਾਂ ਨੂੰ ਸਤਿਕਾਰ ਨਾਲ ਬੋਲਣਾ ਚਾਹੀਦਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਨੂੰ ਬੋਲਣ ਦਾ ਮੌਕਾ ਦਿਉ ਜੀ।

(ਇਸ ਸਮੇਂ ਅਜ਼ਾਦ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਬਿਨਾਂ ਆਗਿਆ ਤੋਂ ਉਚੀ ਉਚੀ** ਬੋਲ ਰਹੇ ਸਨ।)

**Mr. Speaker :** Nothing should be recorded , which is not allowed. Whosoever speaks without my permission that should not be recorded . You will have to leave your seat.

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਹ ਜੋ ਬੋਲ ਰਹੇ ਹਨ, ਇਹ ਐਕਸਪੰਜ ਕਰਵਾਉ।

**ਮਾਨਯੋਗ ਸਪੀਕਰ:** ਉਹ ਐਕਸਪੰਜ ਹੋ ਗਿਆ ਹੈ। ਪਹਿਲਾਂ ਹੀ ਕਰ ਦਿੱਤਾ ਹੈ।

(ਇਸ ਸਮੇਂ ਸਿੱਖਿਆ ਮੰਤਰੀ, ਡਾਕਟਰ ਦਲਜੀਤ ਸਿੰਘ ਚੀਮਾ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੁਨੀਲ ਜਾਖੜ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਅਜ਼ਾਦ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਵੀ ਉਚੀ-ਉਚੀ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਪਲੀਜ਼, ਚੀਮਾ ਜੀ, ਤੁਸੀਂ ਬੈਠ ਜਾਉ। ਪਲੀਜ਼, ਮੇਰੀ ਇੱਕ ਮਿੰਟ ਗੱਲ ਸੁਣ ਲਵੋ। ਬੈਂਸ ਸਾਹਿਬ ਜੀ, ਰਾਜਾ ਜੀ, ਪਲੀਜ਼ ਬੈਠ ਜਾਉ। ਬੈਂਸ ਸਾਹਿਬ ਜੀ, ਮੇਰੀ ਇੱਕ ਗੱਲ ਸੁਣ ਲਵੋ, ਜੇ ਤੁਸੀਂ ਚੁੱਪ ਨਹੀਂ ਕਰਨਾ ਤਾਂ ਮੈਂ name ਕਰਨ ਲੱਗਿਆ ਹਾਂ। You will have to leave your seat. You will have to leave your seat, ਜੇ ਮੈਂ ਤੁਹਾਨੂੰ ਨੇਮ ਕਰ ਦੇਵਾਂ। ਮੈਂ ਨੇਮ ਕਰਨ ਲੱਗਿਆ ਹਾਂ ਫਿਰ ਤੁਹਾਨੂੰ ਇਥੋਂ ਮੁੜ ਕੇ ਸੀਟ ਛੱਡਣੀ ਪੈਣੀ ਹੈ । ਜਦੋਂ ਮੈਂ ਕਹਿੰਦਾ ਹਾਂ ਤਾਂ ਤੁਹਾਨੂੰ ਸਮਝਣਾ ਚਾਹੀਦਾ ਹੈ । Please sit down now. I am giving you a chance. Please sit down now. I am again giving you a chance . Otherwise I will have to take action against you. Please sit down. Otherwise I am going to Name you.

---

** Not recorded as ordered by the Chair.

**ਮੁੱਖ ਮੰਤਰੀ :** ਸਪੀਕਰ ਸਾਹਿਬ, ਬੜਾ ਗੰਭੀਰ ਇਸ਼ੂ ਹੈ ਕਿ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੂੰ ਸ਼ਰਧਾਂਜਲੀ ਦੇਣ ਸਬੰਧੀ ਮਤਾ ਆਇਆ ਹੈ ਪਰ ......

**Mr. Speaker:** Mr. Tarlochan, you are a very senior man. ਡਾਕਟਰ ਅੰਬੇਦਕਰ ਜੀ ਨੂੰ ਮੰਨਣ ਵਾਲੇ ਹੋ। (ਵਿਘਨ)(ਸ਼ੋਰ).....

**ਮੁੱਖ ਮੰਤਰੀ:** ਉਸ ਉਤੇ ਜਿਹੜੀਆਂ ਤੁਸੀਂ ਗੱਲਾਂ ਕਰਨੀਆਂ ਹੋਣਗੀਆਂ, ਤੁਸੀਂ ਕਰ ਲੈਣਾ, ਜਿਹੜੀਆਂ ਅਸੀਂ ਕਰਨੀਆਂ ਹਨ, ਉਹ ਅਸੀਂ ਕਰਾਂਗੇ।

(ਇਸ ਸਮੇਂ ਵੀ ਸਰਦਾਰ ਸਿਮਰਜੀਤ ਸਿੰਘ ਬੈਂਸ, ਅਜ਼ਾਦ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਚੇਅਰ ਦੀ ਆਗਿਆ ਤੋਂ ਬਿਨਾ ਉੱਚੀ-ਉੱਚੀ ** ** ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**Mr. Speaker :** Nothing should be recorded.(interruptions)

———

## NAMING AND EXPULSION OF A MEMBER

**ਮਾਨਯੋਗ ਸਪੀਕਰ :** ਮੈਂ ਬੈਂਸ ਸਾਹਿਬ ਨੂੰ ਬੜੀ ਵਾਰ ਰਿਕੁਐਸਟ ਕੀਤੀ ਹੈ ਪਰ ਇਹ ਸਮਝੇ ਨਹੀਂ ਕਿ ਇਸ ਗੱਲ ਦੀ ਕੀ ਇੰਪਾਰਟੈਂਸ ਹੈ, ਨੇਮ ਲੈਣ ਦਾ ਕੀ ਮਤਲਬ ਹੈ। ਮੈਂ ਹੁਣ ਨੇਮ ਲੈਣ ਲੱਗਿਆ ਹਾਂ। I name you Mr. Simranjit Singh Bains..

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਿਮਰਜੀਤ ਸਿੰਘ ਬੈਂਸ, ਮੇਰਾ ਨਾਂ ਸਹੀ ਲਓ। ਮੇਰਾ ਨਾਂ ਸਿਮਰਜੀਤ ਸਿੰਘ ਬੈਂਸ ਹੈ।

**Mr. Speaker :** Simarjit Singh Bains, now you should leave your seat.

**ਸ਼੍ਰੀ ਸੁਨੀਲ ਜਾਖੜ :** ਸਪੀਕਰ ਸਾਹਿਬ, ਇਹ ਕੰਮ ਨਾ ਕਰੋ।

(ਇਸ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ, ਅਜ਼ਾਦ ਮੈਂਬਰ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਚੇਅਰ ਦੀ ਆਗਿਆ ਤੋਂ ਬਿਨਾ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

** Not recorded as ordered by the Chair.

**Mr. Speaker :** No, he is wasting the time. ਇੰਨਾ ਪਰੈਸ਼ੀਅਸ ਟਾਈਮ ਹੈ। ਇੰਨਾ ਟਾਈਮ ਦਿੱਤਾ ਹੈ, ਇਸ ਦੇ ਬਾਵਜੂਦ ਇਹ ਚੁੱਪ ਨਹੀਂ ਕੀਤਾ।

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ :** ਸਪੀਕਰ ਸਾਹਿਬ, ਸਮਾਂ ਦੇ ਦਿਓ।

**ਮਾਨਯੋਗ ਸਪੀਕਰ :** ਬੜਾ ਟਾਈਮ ਦੇ ਦਿੱਤਾ, ਬਹੁਤ ਹੋ ਗਿਆ। Please sit down. Sardar Simarjit Singh Bains, leave your seat. You will have to leave your seat. (interruptions) No, I will not allow any time.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਬਾ ਸਾਹਿਬ ਅੰਬੇਦਕਰ ਜੀ....(ਵਿਘਨ)(ਸ਼ੋਰ)....

**Mr. Speaker :** He is wasting the time. What should I do then? ਤੁਸੀਂ ਪਹਿਲਾਂ ਨਹੀਂ ਕਹਿ ਸਕਦੇ ਸੀ? (ਵਿਘਨ, ਸ਼ੋਰ) Nothing should be recorded.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡਾ ਵੀ ਬੜਾ ਅਹਿਮ ਮੁੱਦਾ ਸੀ ਅਤੇ ਅਸੀਂ ਉਸ ਨੂੰ ਛੱਡ ਕੇ ਬੈਠੇ ਹਾਂ ਕਿਉਂਕਿ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਸਾਰੀ ਦੁਨੀਆ, ਸਾਰੇ ਦੇਸ਼ ਨੂੰ ਸਤਿਕਾਰ ਹੈ.....

**ਸ਼੍ਰੀ ਭਾਰਤ ਭੂਸ਼ਣ ਆਸ਼ੂ :** ਉਨ੍ਹਾਂ ਲਈ ਸਭ ਤੋਂ ਵੱਡਾ ਸਤਿਕਾਰ ਇਹੀ ਹੈ ਕਿ ਇਨ੍ਹਾਂ ਨੂੰ (ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲ ਇਸ਼ਾਰਾ) ਬੋਲਣ ਦਾ ਅਧਿਕਾਰ ਦਿਓ।(ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਕੀ ਇਹ ਕੋਈ ਜ਼ੀਰੋ ਆਵਰ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਤਰਲੋਚਨ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਰਕਾਰ ਵਿਰੋਧੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਨਾਲ ਰਿਕਾਰਡ ਨਹੀਂ ਕੀਤੇ ਗਏ।)

---

** Not recorded as ordered by the Chair.

**ਮਾਨਯੋਗ ਸਪੀਕਰ :** ਮੈਂ ਲਾਸਟਲੀ ਮਾਰਸ਼ਲਜ਼ ਨੂੰ ਇਹ ਗੱਲ ਕਹਾਂਗਾ ਕਿ ਮਿਸਟਰ ਬੈਂਸ ਨੂੰ ਫੜ੍ਹ ਕੇ ਬਾਹਰ ਕੱਢ ਕੇ ਆਓ।(ਸਰਦਾਰ ਸਿਮਰਜੀਤ ਸਿੰਘ ਬੈਂਸ ਵੱਲੋਂ ਵਿਘਨ, ਸ਼ੋਰ) ਮਾਰਸ਼ਲਜ਼ ਇਨ੍ਹਾਂ ਨੂੰ ਬਾਹਰ ਕੱਢ ਕੇ ਆਉਣ।

(ਇਸ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ, ਅਜ਼ਾਦ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਚੇਅਰ ਦੀ ਆਗਿਆ ਤੋਂ ਬਿਨਾ ਉੱਚੀ ਉੱਚੀ ਬੋਲ ਰਹੇ ਸਨ।)

**Mr. Speaker :** Nothing should be recorded.

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਸਨ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ:** ** **

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ** ** ਬੋਲਣ ਲੱਗ ਪਏ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਕਾਗਜ਼ ਲਹਿਰਾ ਕੇ ** ** ਬੋਲ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ।)

**Mr. Speaker:** You have to leave your seat. Nothing should be recorded.

(ਇਸ ਸਮੇਂ ਮਾਰਸ਼ਲਜ਼ ਅਜ਼ਾਦ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਦੀ ਸੀਟ ਵੱਲ ਵੱਧ ਰਹੇ ਸਨ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਕਾਗਜ਼ ਲਹਿਰਾਉਂਦੇ ਹੋਏ ਅਤੇ ** ** ਬੋਲਦੇ ਹੋਏ ਆਪਣੀ ਸੀਟ ਛੱਡ ਕੇ ਵੈੱਲ ਆਫ ਦਿ ਹਾਊਸ ਵੱਲ ਨੂੰ ਆਉਣ ਲੱਗੇ ਅਤੇ ਨਾਲ ਹੀ ਸਰਦਾਰ ਬਲਵਿੰਦਰ ਸਿੰਘ ਬੈਂਸ ਵੀ ** ** ਬੋਲਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆਉਣ ਲੱਗ ਪਏ।)

**ਮਾਨਯੋਗ ਸਪੀਕਰ:** (ਮਾਰਸ਼ਲਜ਼ ਨੂੰ ਸੰਬੋਧਨ ਕਰਦੇ ਹੋਏ) ਇਨ੍ਹਾਂ ਨੂੰ (ਸਰਦਾਰ ਸਿਮਰਜੀਤ ਸਿੰਘ ਬੈਂਸ ਨੂੰ) ਬਾਹਰ ਲਿਜਾਇਆ ਜਾਵੇ।

---

** Not recorded as ordered by the Chair.

(ਇਸ ਸਮੇਂ ਸਰਦਾਰ ਸਿਮਰਜੀਤ ਸਿੰਘ ਬੈਂਸ ਕਾਗਜ਼ ਲਹਿਰਾ ਕੇ ਬਿਨਾਂ ਆਗਿਆ ਤੋਂ ** ** ਬੋਲ ਰਹੇ ਸਨ ਅਤੇ ਉਨ੍ਹਾਂ ਦੇ ਨਾਲ ਸਰਦਾਰ ਬਲਵਿੰਦਰ ਸਿੰਘ ਬੈਂਸ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਖੜ੍ਹੇ ਹੋ ਕੇ ** ** ਬੋਲ ਰਹੇ ਸਨ। ਇਸ ਤੋਂ ਇਲਾਵਾ ਆਪੋਜੀਸ਼ਨ ਬੈਂਚਿਜ ਦੇ ਵੀ ਕਈ ਮੈਂਬਰਜ਼ ਬਿਨਾਂ ਇਜਾਜ਼ਤ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ** ਬੋਲਣ ਲੱਗ ਪਏ ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** (ਮਾਰਸ਼ਲਜ਼ ਨੂੰ ਸੰਬੋਧਿਤ ਹੁੰਦੇ ਹੋਏ) ਇਨ੍ਹਾਂ ਨੂੰ ਚੁੱਕ ਕੇ ਹਾਊਸ ਤੋਂ ਬਾਹਰ ਕੱਢ ਦਿਉ।

(ਇਸ ਸਮੇਂ ਮਾਰਸ਼ਲਜ਼ ਅਜ਼ਾਦ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਨੂੰ ਵੈੱਲ ਆਫ ਦਿ ਹਾਊਸ ਵਿੱਚੋਂ ਚੁੱਕ ਕੇ ਬਾਹਰ ਲੈ ਗਏ।)

-------

## COMMEMORATING THE STELLAR CONTRIBUTIONS TO THE CONSTITUTION OF INDIA BY BHARAT RATAN BABA SAHEB DR. B.R. AMBEDKAR ON THE OCCASION OF HIS 125TH BIRTH ANNIVERSARY CELEBRATIONS *(Resumption)*

**ਸ਼੍ਰੀ ਸੁਨੀਲ ਜਾਖੜ:** ਸਪੀਕਰ ਸਾਹਿਬ, ਮੇਰੀ ਬੇਨਤੀ ਹੈ। ਇਸ ਤੋਂ ਪਹਿਲਾਂ ਕਿ ਸੀ.ਐਮ. ਸਾਹਿਬ ਬੋਲਣ, ਮੈਂ ਗੁਸਤਾਖੀ ਕਰ ਸਕਦਾ ਹਾਂ ਜੀ? ....

**ਮਾਨਯੋਗ ਸਪੀਕਰ:** ਬਾਦਲ ਸਾਹਿਬ ਨੇ ਬੋਲਣਾ ਹੈ। ਬਾਦਲ ਸਾਹਿਬ, ਬੋਲਣਾ ਸ਼ੁਰੂ ਕਰੋ ਜੀ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ):** ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਆਪਾਂ ਪੰਜਾਬ ਵਿਧਾਨ ਸਭਾ ਦੇ ਸਾਰੇ ਮੈਂਬਰ ਸਾਹਿਬਾਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ 125ਵੇਂ ਬਰਥ ਡੇਅ ਤੇ ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਪਿਆਰ ਨਾਲ ਤੇ ਸਤਿਕਾਰ ਨਾਲ ਸ਼ਰਧਾ ਦੇ ਫੁੱਲ ਭੇਂਟ ਕਰ ਰਹੇ ਹਾਂ। ਡਾਕਟਰ ਅੰਬੇਦਕਰ ਜੀ 20ਵੀਂ ਸਦੀ ਦੀਆਂ ਬਹੁਤ ਹੀ ਉਚ ਕੋਟੀ ਦੀਆਂ ਸਖਸ਼ੀਅਤਾਂ ਵਿੱਚੋਂ ਇਕ ਹੋਏ ਹਨ। ਮੈਂ

** Not recorded as ordered by the Chair.

ਸਮਝਦਾ ਹਾਂ ਕਿ ਦੁਨੀਆ ਵਿੱਚ ਉਨ੍ਹਾਂ ਦੇ ਮੁਕਾਬਲੇ ਦੀਆਂ ਸਖਸ਼ੀਅਤਾਂ ਸਿਰਫ ਮਾਰਟਿਨ ਲੂਥਰ ਕਿੰਗ ਅਤੇ ਨੈਲਸਨ ਮੰਡੇਲਾ ਹੀ ਹਨ। ਸਿਰਫ ਉਹੀ ਉਨ੍ਹਾਂ ਦੇ ਮੁਕਾਬਲੇ ਦੇ ਲੀਡਰ ਹੋਏ ਹਨ। ਅੱਜ ਤੱਕ ਹਿੰਦੁਸਤਾਨ ਦੇ ਕਿਸੇ ਵੀ ਲੀਡਰ ਦਾ ਬਰਥ ਡੇਅ ਯੂ.ਐਨ.ਓ. ਵਿੱਚ ਨਹੀਂ ਮਨਾਇਆ ਗਿਆ ਅਤੇ ਇਹ ਵੀ ਫਖ਼ਰ ਦੀ ਗੱਲ ਹੈ ਕਿ ਸਿਰਫ ਡਾਕਟਰ ਅੰਬੇਦਕਰ ਜੀ ਦਾ ਬਰਥ ਡੇਅ ਯੂ.ਐਨ.ਓ. ਵਿੱਚ ਵੀ ਮਨਾਇਆ ਗਿਆ ਹੈ। ਇਸ ਤੇ ਸਾਰੇ ਹਿੰਦੁਸਤਾਨ ਨੂੰ ਫਖ਼ਰ ਹੋਣਾ ਚਾਹੀਦਾ ਹੈ। (ਥੰਪਿੰਗ) ਉਨ੍ਹਾਂ ਦੀ ਪੂਰੀ ਜ਼ਿੰਦਗੀ ਸਾਡੇ ਸਾਰੇ ਦੇਸ਼ ਵਾਸੀਆਂ ਲਈ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਾਸਤੇ ਵੀ ਇੱਕ ਚਾਨਣ-ਮੁਨਾਰਾ ਹੈ। ਉਹ ਬਹੁਤ ਵੱਡੇ ਸਕਾਲਰ ਹੋਏ ਹਨ, ਜੂਰਿਸਟ ਹੋਏ ਹਨ, ਇਕਨਾਮਿਸਟ ਹੋਏ ਹਨ, ਸੋਸ਼ਲ ਰਿਫਾਰਮਰ ਹੋਏ ਹਨ ਅਤੇ ਸਟੇਟਸਮੈਨ ਹੋਏ ਹਨ। ਸਪੀਕਰ ਸਾਹਿਬ, ਜਿੰਨੀ ਐਜੂਕੇਸ਼ਨ ਉਨ੍ਹਾਂ ਨੇ ਪ੍ਰਾਪਤ ਕੀਤੀ, ਮੇਰਾ ਖਿਆਲ ਹੈ ਕਿ ਅੱਜ ਤੱਕ ਦੁਨੀਆਂ ਵਿਚ ਕਿਸੇ ਨੇ ਨਹੀਂ ਲਈ ਹੋਣੀ। ਉਨ੍ਹਾਂ ਨੇ ਬੰਬੇ (ਮੁੰਬਈ) ਤੋਂ ਪੜ੍ਹ ਕੇ ਫਿਰ ਲੰਡਨ ਸਕੂਲ ਆਫ ਇਕਨਾਮਿਕਸ, ਜਿਹੜਾ ਦੁਨੀਆਂ ਦਾ ਇਕ ਅਹਿਮ ਅਦਾਰਾ ਹੈ, ਉਥੋਂ ਆਪਣੀ ਗਰੈਜੂਏਸ਼ਨ ਕੀਤੀ। ਫਿਰ ਉਨ੍ਹਾਂ ਨੇ ਡਾਕਟਰ ਆਫ ਸਾਇੰਸ ਦੀ ਡਿਗਰੀ, ਲੰਡਨ ਸਕੂਲ ਆਫ ਸਾਇੰਸ ਤੋਂ ਕੀਤੀ ਅਤੇ ਪੀ.ਐਚ.ਡੀ. ਤੇ ਐਲ.ਐਲ.ਡੀ. ਕੋਲੰਬੀਆ ਯੂਨੀਵਰਸਿਟੀ ਤੋਂ ਕੀਤੀ। ਉਹ University of Bonn, Germany ਵਿੱਚ ਵੀ ਪੜ੍ਹੇ ਹਨ। ਸਪੀਕਰ ਸਾਹਿਬ, ਦੁਨੀਆ ਵਿੱਚ ਦੋ ਵੱਡੇ ਇਨਸਾਨ ਹੋਏ ਹਨ, ਇਕ ਕਾਰਲ ਮਾਰਕਸ ਅਤੇ ਦੂਜੇ ਡਾ. ਬੀ.ਆਰ. ਅੰਬੇਦਕਰ ਜੀ, ਜਿਨ੍ਹਾਂ ਨੇ ਲੰਡਨ ਲਾਇਬ੍ਰੇਰੀ ਦੀਆਂ ਜਿੰਨੀਆਂ ਵੀ ਕਿਤਾਬਾਂ ਹਨ, ਉਹ ਸਾਰੀਆਂ ਪੜ੍ਹੀਆਂ ਹਨ। ਇਹ ਵੀ ਦੁਨੀਆਂ ਵਿਚ ਇੱਕ ਮਿਸਾਲ ਹੈ। ਉਨ੍ਹਾਂ ਨੇ ਆਪਣੇ ਘਰ ਦੀ ਲਾਇਬ੍ਰੇਰੀ ਵਿਚ 50 ਹਜ਼ਾਰ ਕਿਤਾਬਾਂ ਰੱਖੀਆਂ ਹੋਈਆਂ ਸਨ। ਇਸ ਤੋਂ ਜ਼ਾਹਰ ਹੁੰਦਾ ਹੈ ਕਿ ਉਹ ਕਿੰਨੇ learned ਸਨ। ਇਸ ਗੱਲ ਦੇ ਬਾਵਜੂਦ ਕਿ ਉਹ ਆਮ ਘਰਾਣੇ ਨਾਲ ਸਬੰਧਤ ਸਨ।

ਸਪੀਕਰ ਸਾਹਿਬ, ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਮਹਾਰਾਜਾ ਬੜੌਦਾ ਦੇ ਡਿਫੈਂਸ ਸੈਕਟਰੀ ਬਣੇ, ਫਿਰ ਉਸ ਵੇਲੇ ਦੇ ਵਾਇਸਰਾਏ ਨਾਲ ਲੇਬਰ ਮਨਿਸਟਰ ਰਹੇ। ਉਸ ਸਮੇਂ ਉਨ੍ਹਾਂ ਨੇ ਵਰਕਰਾਂ ਦੇ ਕੰਮ ਕਰਨ ਦਾ ਸਮਾਂ 8 ਘੰਟੇ ਦਾ ਨਿਸ਼ਚਿਤ ਕੀਤਾ। ਇਸ ਤੋਂ ਪਹਿਲਾਂ ਵਰਕਰਾਂ ਤੋਂ ਦਿਹਾੜੀ

[ ਮੁੱਖ ਮੰਤਰੀ ]

ਵਿਚ 12 ਘੰਟੇ, 14 ਘੰਟੇ ਅਤੇ 16 ਘੰਟੇ ਤੱਕ ਕੰਮ ਲਿਆ ਜਾਂਦਾ ਸੀ। ਕੰਮ ਕਰਨ ਦੇ ਘੰਟੇ ਨਿਸ਼ਚਿਤ ਕਰਨ ਦਾ ਇਹ ਕਰੈਡਿਟ ਵੀ ਡਾ. ਅੰਬੇਦਕਰ ਜੀ ਨੂੰ ਜਾਂਦਾ ਹੈ।

ਸਪੀਕਰ ਸਾਹਿਬ, ਫਿਰ ਉਹ ਦੇਸ਼ ਦੇ ਪਹਿਲੇ ਲਾਅ ਮਨਿਸਟਰ ਬਣੇ। ਉਹ ਕੰਸਟੀਚੁਐਂਟ ਅਸੈਂਬਲੀ ਦੇ ਮੈਂਬਰ ਬਣੇ ਅਤੇ ਕੰਸਟੀਚਿਊਸ਼ਨ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਬਣੇ। ਜਿਹੜਾ ਕੰਮ ਉਨ੍ਹਾਂ ਨੇ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਦੇ ਰੂਪ ਵਿਚ ਕੀਤਾ, ਉਸ ਦੀ ਸ਼ਲਾਘਾ ਕਰਦੇ ਹੋਏ ਉਸ ਵੇਲੇ ਦੇ ਪ੍ਰੈਜ਼ੀਡੈਂਟ ਸਾਹਿਬ, ਡਾਕਟਰ ਰਾਜਿੰਦਰ ਪ੍ਰਸਾਦ ਜੀ ਨੇ ਕਿਹਾ, "We could never make a decision which was or could be ever so right as when we put him on the Drafting Committee and made him Chairman. He has not only justified his election but has added lustre to the good work which he was asked for." ਪ੍ਰੈਜ਼ੀਡੈਂਟ ਸਾਹਿਬ ਨੇ ਇਹ ਲਫਜ਼ ਉਨ੍ਹਾਂ ਦੀ ਤਾਰੀਫ ਵਿਚ ਲਿਖੇ ਹਨ। ਇਸੇ ਤਰ੍ਹਾਂ ਟੀ.ਟੀ. ਕ੍ਰਿਸ਼ਨਾਮਚਾਰੀ ਜੀ ਨੇ ਲਿਖਿਆ ਹੈ ਕਿ "Though a Drafting Committee of seven members were formed but Dr. Ambedkar alone had to carry the entire burden of preparing the draft of the constitution. The work he has done is admirable." ਇਹ ਹਿੰਦੁਸਤਾਨ ਦੀਆਂ ਉਸ ਵੇਲੇ ਦੀਆਂ ਸ਼ਖ਼ਸੀਅਤਾਂ ਨੇ ਉਨ੍ਹਾਂ ਬਾਰੇ ਲਿਖਿਆ ਹੈ, ਜੋ ਉਨ੍ਹਾਂ ਨੇ ਕੰਸਟੀਚਿਊਸ਼ਨ ਡਰਾਫਟ ਕੀਤਾ ਹੈ, ਉਨ੍ਹਾਂ ਨੇ ਜਿਹੜੀ ਡਰਾਫਟਿੰਗ ਕਮੇਟੀ ਦੀ ਚੇਅਰਮੈਨਸ਼ਿਪ ਕੀਤੀ, ਉਸ ਦੀ ਉਨ੍ਹਾਂ ਨੇ ਤਾਰੀਫ ਕੀਤੀ ਹੈ। ਇਸ ਵਿਚ ਪਹਿਲਾਂ ਉਨ੍ਹਾਂ ਨੇ ਸਾਰੇ ਚੰਗੇ-ਚੰਗੇ ਮੁਲਕਾਂ ਦਾ ਸੰਵਿਧਾਨ ਖੁਦ ਪੜ੍ਹਿਆ ਅਤੇ ਇਸੇ ਤਰ੍ਹਾਂ ਜਿਹੜਾ ਅੱਜ ਰਿਜ਼ਰਵ ਬੈਂਕ ਹੈ, ਉਸ ਦਾ ਹਿੰਟ ਵੀ ਬਾਬਾ ਸਾਹਿਬ ਨੇ ਦਿੱਤਾ ਸੀ।

ਉਨ੍ਹਾਂ ਨੇ ਔਰਤਾਂ ਦਾ ਬਹੁਤ ਸਤਿਕਾਰ ਕੀਤਾ ਹੈ। Empowerment of Women ਵਾਸਤੇ ਵੀ ਬਾਬਾ ਸਾਹਿਬ ਦੇ ਮਨ ਵਿਚ ਬੜਾ ਜ਼ਜ਼ਬਾ ਸੀ। ਉਨ੍ਹਾਂ ਨੇ Empowerment of Women ਤੇ ਆਪ ਲਿਖਿਆ ਹੈ, "I measure the progress of the community by the degree of progress which women have achieved." ਵੂਮੈਨ ਦੀ ਇੰਪਾਵਰਮੈਂਟ ਕਿੰਨੀ ਹੋਈ ਹੈ, ਸਮਾਜ ਦੀ ਤਰੱਕੀ ਇਸ ਤੇ ਮੁਨੱਸਰ ਕਰਦੀ ਹੈ।

ਸਪੀਕਰ ਸਾਹਿਬ, ਉਹ ਇੰਨੇ ਅਸੂਲੀ ਸਨ ਕਿ ਜਦੋਂ ਹਿੰਦੂ ਕੋਡ ਬਿਲ ਪਾਰਲੀਮੈਂਟ ਦੇ ਵਿੱਚ ਆਇਆ ਤਾਂ ਉਸ ਦੀ ਮੁਖਾਲਫਤ ਹੋਈ ਜਿਸ ਦੇ ਰੋਸ ਵਜੋਂ ਉਨ੍ਹਾਂ ਨੇ ਹਿੰਦੋਸਤਾਨ ਦੀ ਕੈਬਨਿਟ ਵਿੱਚੋਂ ਲਾਅ ਮਨਿਸਟਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਕਿਹਾ ਕਿ ਜੋ ਕੁਝ ਕਰਨਾ ਚਾਹੀਦਾ ਸੀ, ਉਹ ਨਹੀਂ ਹੋ ਸਕਿਆ ਹੈ। ਇੰਪਾਵਰਮੈਂਟ ਆਫ ਵੂਮੈਨ ਵਾਸਤੇ ਉਸ ਵੇਲੇ ਦੀ ਕਾਂਗਰਸ ਸਰਕਾਰ ਨੇ ਕੰਮ ਨਹੀਂ ਕੀਤਾ, then he resigned from it. ਇਹ ਲਾਈਨ ਉਹੀ ਹੈ ਜਿਹੜੀ ਗੁਰੂ ਸਾਹਿਬਾਨਾਂ ਨੇ ਆਪਾਂ ਨੂੰ ਦੱਸੀ ਹੈ। ਗੁਰੂ ਸਾਹਿਬਾਨ ਨੇ ਔਰਤਾਂ ਵਾਸਤੇ ਆਖਿਆ ਹੈ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥' ਡਾਕਟਰ ਅੰਬੇਦਕਰ ਜੀ ਨੇ ਇੰਪਾਵਰਮੈਂਟ ਆਫ ਵੂਮੈਨ ਵਾਸਤੇ ਬਹੁਤ ਕੁਝ ਕੀਤਾ ਹੈ। ਸਭ ਤੋਂ ਵੱਡੀ ਗੱਲ ਉਹ ਦਲਿਤਾਂ, ਡਾਊਨ ਟਰੋਡਨ, ਮਾਇਨਾਰਟੀਜ਼ ਅਤੇ ਗਰੀਬਾਂ, ਇਨ੍ਹਾਂ ਸਾਰਿਆਂ ਦੇ ਮਸੀਹਾ ਸਨ। ਉਨ੍ਹਾਂ ਨੇ ਇੰਡੀਪੈਂਡੈਂਟ ਲੇਬਰ ਪਾਰਟੀ ਵੀ ਬਣਾਈ ਸੀ। ਫਿਰ ਉਸ ਤੋਂ ਬਾਅਦ ਐਸ.ਸੀ. ਫੈਡਰੇਸ਼ਨ ਵੀ ਬਣੀ।ਸਪੀਕਰ ਸਾਹਿਬ, ਮੈਂ ਇੱਕ ਗੱਲ ਕਰਨੀ ਚਾਹੁੰਦਾ ਹਾਂ ਜਿਹੜੀ ਕਿ ਸਾਹਮਣੇ ਬੈਠੇ ਭਰਾਵਾਂ ਨੂੰ ਬਹੁਤ ਦੁਖੇਗੀ, ਜੇਕਰ ਮੇਰੀ ਗੱਲ ਵਿੱਚ ਸੱਚਾਈ ਨਾ ਹੋਵੇ ਤਾਂ ਦੁੱਖ ਮੰਨ ਲੈਣ। ਇਹ ਸੱਚਾਈ ਹੈ, ਇਸ ਦੇ ਵਿੱਚ ਪਛਤਾਵਾ ਵੀ ਕਰਨਾ ਹੈ ਕਿ ਉਸ ਵੇਲੇ ਦੀ ਕਾਂਗਰਸ ਦੀ ਲੀਡਰਸ਼ਿਪ ਨੇ ਹਰ ਕਦਮ ਤੇ ਉਨ੍ਹਾਂ ਤੇ ਰੁਕਾਵਟ ਪਾਈ ਤੇ ਆਪੋਜ਼ ਕੀਤਾ। ਕਾਂਗਰਸ ਦੇ ਖਿਲਾਫ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੇ ਸੰਨ 1936 ਵਿੱਚ ਸੈਂਟਰ ਅਸੈਂਬਲੀ ਦੇ ਇਲੈਕਸ਼ਨ ਲੜੇ ਅਤੇ ਕਾਂਗਰਸ ਨੇ ਉਨ੍ਹਾਂ ਦੀ ਮੁਖਾਲਫਤ ਕੀਤੀ। ਦੇਖੋ ਇੰਨੇ ਗਰੇਟ ਆਦਮੀ ਸਨ, ਹੁਣ ਤਾਂ ਸਾਰੇ ਕਹਿੰਦੇ ਹਾਂ, ਲੇਕਿਨ ਕਾਂਗਰਸ ਦੀ ਮੁਖਾਲਫਤ ਕਾਰਨ ਉਹ ਕਾਂਸਟੀਚਿਊਸ਼ਨਲ ਅਸੈਂਬਲੀ ਦੇ ਵਿੱਚ ਮਹਾਰਾਸ਼ਟਰ ਤੋਂ ਨਹੀਂ ਬਲਕਿ ਪੱਛਮੀ ਬੰਗਾਲ ਤੋਂ ਮੈਂਬਰ ਬਣੇ। ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਨੂੰ ਉਸ ਵੇਲੇ ਦੀ ਮਹਾਰਾਸ਼ਟਰ ਦੀ ਰੂਲਿੰਗ ਪਾਰਟੀ ਤੋਂ ਮੈਂਬਰ ਬਣਾਉਂਦੇ, ਲੇਕਿਨ ਉਨ੍ਹਾਂ ਨੂੰ ਉਥੋਂ ਡਿਸਕਾਰਡ ਕਰ ਦਿੱਤਾ ਅਤੇ ਕਿਹਾ ਗਿਆ ਕਿ ਇਨ੍ਹਾਂ ਨੂੰ ਮੈਂਬਰ ਨਹੀਂ ਬਣਾਉਣਾ, ਫਿਰ ਉਹ ਬੰਗਾਲ ਤੋਂ ਜਾ ਕੇ ਕਾਂਸਟੀਚੁਐਂਟ ਅਸੈਂਬਲੀ ਦੇ ਮੈਂਬਰ ਬਣੇ। ਇਹ ਵੀ ਬੜੀ ਅਫਸੋਸਨਾਕ ਗੱਲ ਹੈ ਕਿ ਉਨ੍ਹਾਂ ਨੂੰ ਉਥੇ ਜਾਣਾ ਪਿਆ। ਅਸੀਂ ਅੱਜ ਤਾਂ ਉਨ੍ਹਾਂ ਦੀ ਬੜੀ ਤਾਰੀਫ ਕਰਦੇ ਹਾਂ। ਉਹ ਦੋ ਦਫ਼ਾ ਪਾਰਲੀਮੈਂਟ ਦੀ ਇਲੈਕਸ਼ਨ ਵਿੱਚ ਖੜ੍ਹੇ ਹੋਏ। ਇੱਕ ਵਾਰੀ ਜਨਰਲ ਇਲੈਕਸ਼ਨ ਵਿੱਚ ਅਤੇ

[ ਮੁੱਖ ਮੰਤਰੀ ]

ਦੂਸਰੀ ਵਾਰੀ ਬਾਈ ਇਲੈਕਸ਼ਨ ਵਿਚ, ਦੋਵੇਂ ਦਫ਼ਾ ਹੀ ਕਾਂਗਰਸ ਨੇ ਉਨ੍ਹਾਂ ਦੀ ਮੁਖਾਲਫ਼ਤ ਕੀਤੀ। ਅਖੀਰ ਉਹ ਰਾਜ ਸਭਾ ਦੇ ਮੈਂਬਰ ਬਣੇ ਅਤੇ ਪਾਰਲੀਮੈਂਟ ਦੇ ਮੈਂਬਰ ਨਹੀਂ ਬਣ ਸਕੇ।

ਸਪੀਕਰ ਸਾਹਿਬ, ਸਿੱਖਇਜ਼ਮ ਵਿੱਚ ਸਾਨੂੰ ਗੁਰੂ ਸਾਹਿਬਾਨ ਨੇ ਜਿਹੜੀ ਲਾਈਨ ਦਿੱਤੀ ਹੈ, ਉਹੀ ਲਾਈਨ ਅੰਬੇਦਕਰ ਸਾਹਿਬ ਨੇ ਚਲਾਈ। ਅਸਲੀ ਮਾਇਨਿਆਂ ਵਿੱਚ ਸਿੱਖਇਜ਼ਮ ਜਿਹੜੀ ਹੈ, ਉਹ ਮੂਵਮੈਂਟ ਆਫ ਦਲਿਤ ਹੀ ਹੈ। ਗੁਰਬਾਣੀ ਵਿੱਚ ਵੀ ਆਉਂਦਾ ਹੈ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥' ਮਤਲਬ ਇਹ ਗਰੀਬ ਦਲਿਤ, ਲਿਤਾੜੇ ਹੋਏ ਲੋਕਾਂ ਨੂੰ ਹੱਕ ਦਿਵਾਉਣ ਲਈ ਗੁਰੂ ਸਾਹਿਬਾਨਾਂ ਨੇ ਵੀ ਆਪਣੇ ਸਮੇਂ ਤੇ ਲੜਾਈ ਲੜੀ। ਉਸੇ ਰਾਹ ਤੇ ਚਲਦੇ ਹੋਏ ਅੰਬੇਦਕਰ ਸਾਹਿਬ ਨੇ ਵੀ ਲੜਾਈ ਲੜੀ।

ਸਪੀਕਰ ਸਾਹਿਬ, ਹਿੰਦੋਸਤਾਨ ਵਿੱਚ, ਪੰਜਾਬ ਵਿੱਚ ਬਹੁਤ ਜ਼ਿਆਦਾ ਦਲਿਤ ਪਾਪੂਲੇਸ਼ਨ ਹੈ ਜਿਹੜੀ ਕਿ 30% ਦੇ ਲਗਭਗ ਹੈ । ਇਹ ਹਿਸਟਰੀ ਹੈ ਕਿ ਜਦੋਂ ਇਥੇ British Rule ਸੀ, ਉਦੋਂ ਗੁਰਦੁਆਰਾ ਸਾਹਿਬਾਨ ਤੇ ਮਸੰਦਾਂ ਦਾ ਕਬਜ਼ਾ ਸੀ। ਉਦੋਂ ਮਸੰਦ ਜਿਹੜੇ ਸਨ, ਉਹ ਗਰੀਬ ਵਰਗ ਦੇ ਲੋਕਾਂ ਭਾਵ ਦਲਿਤ ਵਰਗ ਦੇ ਲੋਕਾਂ ਦਾ ਪਰਸ਼ਾਦ ਵੀ ਗੁਰੁਦੁਆਰਾ ਸਾਹਿਬ ਵਿੱਚ ਚੜ੍ਹਾਉਣ ਨਹੀਂ ਦਿੰਦੇ ਸਨ। ਉਦੋਂ ਫਿਰ ਉਸ ਵੇਲੇ ਦੇ so-called ਸਿੱਖ ਆਗੂ ਜਿਨ੍ਹਾਂ ਨੇ ਬਾਅਦ ਵਿੱਚ ਅਕਾਲੀ ਦਲ ਬਣਾਇਆ, ਜ਼ਲ੍ਹਿਆਂ ਵਾਲੇ ਬਾਗ ਇੱਕਠੇ ਹੋਏ ਅਤੇ ਸ਼੍ਰੀ ਦਰਬਾਰ ਸਾਹਿਬ ਵੱਲ ਨੂੰ ਤੁਰੇ ਜਿਨ੍ਹਾਂ ਤੋਂ ਡਰਦੇ ਮਹੰਤ ਭੱਜ ਗਏ। ਉਨ੍ਹਾਂ ਸਿੱਖ ਆਗੂਆਂ ਨੇ ਫਿਰ ਉੱਥੇ ਅਰਦਾਸ ਕੀਤੀ। ਜੇਕਰ ਸ਼੍ਰੀ ਦਰਬਾਰ ਸਾਹਿਬ ਜਾਂ ਹੋਰ ਗੁਰਦੁਆਰਿਆਂ ਵਿੱਚ ਦਲਿਤਾਂ ਦਾ ਪਰਸ਼ਾਦ ਚੜ੍ਹਾਉਣ ਦੀ ਖੁੱਲ੍ਹ ਹੋਈ ਤਾਂ ਇਹ ਵੀ ਉਦੋਂ ਦੇ ਸਿੱਖ ਆਗੂਆਂ ਕਾਰਨ ਹੋਈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਉਸ ਤੋਂ ਬਾਅਦ ਹੀ ਗੁਰਦੁਆਰਾ ਸੁਧਾਰ ਲਹਿਰ ਚੱਲੀ ਅਤੇ ਮਹੰਤਾਂ ਤੋਂ ਗੁਰਦੁਆਰੇ ਖਾਲੀ ਕਰਵਾਏ ਗਏ। ਮੈਂ ਇਹ ਵੀ ਕਹਿ ਸਕਦਾ ਹਾਂ ਕਿ ਸਿੱਖ ਹਿਸਟਰੀ ਜਾਂ ਸਿੱਖ ਫ਼ਿਲਾਸਫੀ ਵਿੱਚ ਗਰੀਬ ਦਾ ਰੋਲ ਗੁਰੂ ਸਾਹਿਬਾਨ ਤੋਂ ਲੈ ਕੇ ਹੁਣ ਤੱਕ ਉਸੇ ਤਰ੍ਹਾਂ ਦਾ ਹੀ ਹੈ। ਅੱਜ ਵੀ ਮੈਂ ਸਮਝਦਾ ਹਾਂ ਕਿ ਸਾਰੇ ਹੀ ਗਰੀਬ ਦਾ ਨਾਅਰਾ ਲਾਉਂਦੇ ਹਨ। ਲੇਕਿਨ ਗਰੀਬ ਦਾ ਫਾਇਦਾ ਉਹ ਹੀ ਕਰਦਾ ਹੈ ਜਿਸ ਦੇ ਦਿਲ ਵਿੱਚ ਦਰਦ ਹੋਵੇ ਨਾ ਕਿ ਪੁਲੀਟੀਕਲ ਕਾਰਨ ਕਰਕੇ ਕਰਦਾ

ਹੋਵੇ। ਸਾਰੀਆਂ ਪੁਲੀਟੀਕਲ ਪਾਰਟੀਆਂ ਗਰੀਬਾਂ ਲਈ ਅਖਬਾਰਾਂ ਵਿੱਚ ਵੀ ਬਿਆਨ ਦੇ ਦਿੰਦੀਆਂ ਹਨ, ਆਪਣੇ ਮੈਨੀਫੈਸਟੋ ਵਿੱਚ ਵੀ ਦੇ ਦਿੰਦੀਆਂ ਹਨ। ਲੇਕਿਨ ਉਨ੍ਹਾਂ ਦੀ ਦਿਲੀ-ਇੱਛਾ ਨਹੀਂ ਹੁੰਦੀ, ਇਸ ਕਰਕੇ ਇਹ ਕੋਈ ਸਾਰਥਕ ਕਦਮ ਨਹੀਂ ਹੁੰਦਾ। ਦੇਸ਼ ਨੂੰ ਆਜ਼ਾਦ ਹੋਇਆਂ ਨੂੰ ਕਿੰਨਾ ਚਿਰ ਹੋ ਗਿਆ ਹੈ, ਸਾਹਮਣੇ ਬੈਠੇ ਭਰਾਵਾਂ ਦੀ ਸਰਕਾਰ ਸੈਂਟਰ ਵਿੱਚ ਕਿੰਨਾ ਚਿਰ ਰਹੀ ਹੈ। ਲੇਕਿਨ ਅੱਜ ਗਰੀਬੀ ਵੀ ਅੱਗੇ ਨਾਲੋਂ ਵੱਧ ਹੈ ਅਤੇ ਬੇਰੁਜ਼ਗਾਰੀ ਤੇ ਅਨਪੜ੍ਹਤਾ ਵੀ ਵੱਧ ਹੈ। ਇਸ ਦਾ ਮਤਲਬ ਕਿ ਜੇਕਰ ਇੰਨੇ ਸਾਲਾਂ ਵਿੱਚ......

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਇੰਨੀ ਹੀ ਬੇਨਤੀ ਕਰਨੀ ਹੈ ਕਿ ਅੱਜ ਦੀ ਬੈਠਕ ਦਾ 2.30 ਵਜੇ ਬਾਅਦ ਦੁਪਹਿਰ ਤੱਕ ਟਾਈਮ ਹੈ, ਜਾਂ ਤਾਂ ਟਾਈਮ ਪਹਿਲਾਂ ਹੀ ਵਧਾ ਦਿਉ।

**ਮਾਨਯੋਗ ਸਪੀਕਰ :** ਵਧਾ ਦਿਆਂਗੇ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਕਿਉਂਕਿ ਸਾਨੂੰ ਵੀ ਬੋਲਣ ਲਈ ਟਾਈਮ ਅਜੇ ਮਿਲਣਾ ਹੈ। ਬਾਦਲ ਸਾਹਿਬ ਬੋਲ ਰਹੇ ਹਨ, ਅਸੀਂ ਬਿਲਕੁਲ ਇੰਟਰਪਟ ਨਹੀਂ ਕਰ ਰਹੇ।

**ਮਾਨਯੋਗ ਸਪੀਕਰ :** ਟਾਈਮ ਵਧਾ ਦਿਆਂਗੇ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਟਾਈਮ ਵਧਾਉਣ ਤੋਂ ਇਲਾਵਾ ਸਾਨੂੰ ਵੀ ਇਹ ਇਸ ਤਰ੍ਹਾਂ ਹੀ ਸ਼ਾਂਤੀ ਨਾਲ ਸੁਣਨ।

**ਮਾਨਯੋਗ ਸਪੀਕਰ :** ਹਾਂ ਜੀ, ਸ਼ਾਂਤੀ ਨਾਲ ਸੁਣਨਗੇ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਲੀਡਰ ਆਫ ਦਿ ਆਪੋਜ਼ੀਸ਼ਨ ਦਾ ਸਤਿਕਾਰ ਕਰਦਾ ਹਾਂ। ਜੇ ਮੈਂ ਕੋਈ ਗਲਤ ਗੱਲ ਆਖੀ ਹੋਵੇ ਤਾਂ ਮੈਂ ਬੜੀ ਜ਼ਿੰਮੇਵਾਰੀ ਨਾਲ ਜਵਾਬ ਦੇਵਾਂਗਾ, ਪਰੂਫ ਦੇਵਾਂਗਾ। ਮੈਂ ਇੰਨਾ ਵੀ ਗੈਰ ਜ਼ਿੰਮੇਵਾਰ ਨਹੀਂ ਕਿ ਐਵੇਂ ਹੀ ਕੋਈ ਗੱਲ ਕਹਿ ਦੇਵਾਂ ਜਿਸ ਦਾ ਕੋਈ ਰਿਕਾਰਡ ਨਾ ਹੋਵੇ। ਅੱਜ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਇਹ ਸਰਕਾਰ, ਸਹੀ ਮਾਅਨਿਆਂ ਵਿੱਚ ਡਾਕਟਰ ਅੰਬੇਦਕਰ ਜੀ ਦੇ ਦੱਸੇ ਹੋਏ ਅਸੂਲਾਂ ਤੇ ਚੱਲਣ ਵਾਲੀ ਸਰਕਾਰ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਮੈਂ ਚੈਲੰਜ ਕਰਦਾ ਹਾਂ ਕਿ ਕਿੰਨਾ ਚਿਰ ਕਾਂਗਰਸ ਸਰਕਾਰ ਦਾ ਰਾਜ ਪੰਜਾਬ ਵਿੱਚ ਰਿਹਾ ਹੈ ਅਤੇ ਕਿੰਨਾ ਚਿਰ ਦੇਸ਼ ਵਿੱਚ

[ ਮੁੱਖ ਮੰਤਰੀ ]

ਰਿਹਾ ਹੈ ਪਰ ਮੈਨੂੰ ਕੋਈ ਇੱਕ ਸਕੀਮ ਦੱਸ ਦੇਣ, ਮੈਂ ਬਹੁਤੀਆਂ ਨਹੀਂ ਕਹਿੰਦਾ, ਕੋਈ ਇੱਕ ਸਕੀਮ ਦੱਸ ਦੇਣ, ਜਿਹੜੀ ਤਹਿਤ ਇਨ੍ਹਾਂ ਦੀ ਪਾਰਟੀ ਦੀ ਦਿੱਲੀ ਸਰਕਾਰ ਵੱਲੋਂ ਜਾਂ ਸੂਬਾ ਸਰਕਾਰ ਵੱਲੋਂ ਉਨ੍ਹਾਂ ਗਰੀਬਾਂ ਵਾਸਤੇ ਕੋਈ ਵੱਡੀ ਚੀਜ਼ ਕੀਤੀ ਹੋਵੇ। ਸਭ ਤੋਂ ਪਹਿਲਾਂ ਇਹ ਆਟਾ-ਦਾਲ ਸਕੀਮ ਸੀ। ਤੁਹਾਨੂੰ ਵੀ ਯਾਦ ਹੋਣਾ ਹੈ, ਪਤਾ ਨਹੀਂ ਉਦੋਂ ਅਸੈਂਬਲੀ ਦੇ ਕਿਹੜੇ ਮੈਂਬਰ ਸਨ। ਇੱਥੇ ਖਾਲੀ ਥਾਲ ਖੜਕਾਉਂਦੇ ਸਨ ਕਿ ਅਨਾਜ ਕਿੱਥੇ ਦਿੱਤਾ ਜਾਣਾ ਹੈ। ਇਹ ਕਹਿੰਦੇ ਸਨ ਕਿ ਇਹ ਤਾਂ ਇੱਕ ਪਾਖੰਡ ਹੈ, ਇਹ ਤਾਂ ਇੱਕ ਪੁਲੀਟੀਕਲ ਨਾਅਰਾ ਹੈ। ਅੱਜ ਮੈਂ ਫਖ਼ਰ ਨਾਲ ਕਹਿ ਸਕਦਾ ਹਾਂ ਕਿ ਸਾਡੇ 9 ਸਾਲ ਵਿੱਚ 5431 ਕਰੋੜ ਰੁਪਏ ਦਾ ਅਨਾਜ ਜਾਂ ਦਾਲ ਗਰੀਬ ਵਰਗ ਦੇ ਲੋਕਾਂ ਨੂੰ ਦਿੱਤੀ ਗਈ ਹੈ। (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੇਕਰ ਇਹ ਰਾਜ ਇਸ ਪਾਸੇ (ਆਪੋਜੀਸ਼ਨ ਵੱਲ ਇਸ਼ਾਰਾ) ਦਾ ਹੁੰਦਾ ਤਾਂ ਗਰੀਬਾਂ ਦੀਆਂ ਜੇਬਾਂ ਵਿੱਚੋਂ 5431 ਕਰੋੜ ਰੁਪਿਆ ਨਿਕਲ ਜਾਂਦਾ, ਉਨ੍ਹਾਂ ਦਾ ਕੀ ਹਾਲ ਹੋਣਾ ਸੀ? ਤੁਸੀਂ ਆਪ ਅੰਦਾਜ਼ਾ ਲਗਾਉ। ਤੁਹਾਡੇ ਵੇਲੇ ਤਾਂ ਤੁਸੀਂ ਕਦੇ ਸੋਚਿਆ ਹੀ ਨਹੀਂ ਸੀ। ਇੰਨਾ ਚਿਰ ਰਾਜ ਕੀਤਾ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ..... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸੁਣ ਲਉ। ਜਦੋਂ ਕੋਈ ਗੱਲ ਹੋਵੇਗੀ ਤਾਂ ਮੈਂ ਤੁਹਾਨੂੰ ਦੱਸਾਂਗਾ। ਹਾਲੇ ਬੈਠ ਜਾਉ।

**ਮੁੱਖ ਮੰਤਰੀ :** ਜੇ ਹੁਕਮ ਹੈ ਤਾਂ ਮੈਂ ਤਾਂ ਬੈਠ ਜਾਂਦਾ ਹਾਂ, ਮੈਨੂੰ ਕੋਈ ਇਤਰਾਜ਼ ਨਹੀਂ ਹੈ।

**ਮਾਨਯੋਗ ਸਪੀਕਰ :** ਤੁਸੀਂ ਕੰਟੀਨਿਊ ਕਰੋ।

**ਮੁੱਖ ਮੰਤਰੀ :** ਫਿਰ ਇਸੇ ਤਰ੍ਹਾਂ, ਤੁਸੀਂ ਕੁਝ ਵੀ ਆਖੀ ਜਾਵੋ, ਤੁਹਾਡੇ ਵੇਲੇ ਵੀ ਸੋਚਣਾ ਚਾਹੀਦਾ ਸੀ ਕਿ ਕੋਈ ਗਰੀਬ ਹੈ। ਹੁਣ ਮੈਂ ਗੁੱਲੀ, ਕੁੱਲੀ ਤੇ ਜੁੱਲੀ ਬਾਰੇ ਗੱਲ ਕਰਨੀ ਹੈ। ਸਭ ਤੋਂ ਪਹਿਲਾਂ ਤਾਂ ਗੁੱਲੀ ਆਉਂਦੀ ਹੈ ਭਾਵ ਰੋਟੀ ਆਉਂਦੀ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਰੋਟੀ, ਕਪੜਾ ਔਰ ਮਕਾਨ।

**ਮੁੱਖ ਮੰਤਰੀ :** ਤੁਸੀਂ ਤਾਂ ਕੁਝ ਵੀ ਨਹੀਂ ਦਿੱਤਾ। (ਸ਼ੋਰ)

**Mr. Speaker :** Silence please.

**ਮੁੱਖ ਮੰਤਰੀ :** ਗੁੱਲੀ ਜਿਹੜੀ ਕਿ ਰੋਟੀ ਹੈ। (ਵਿਘਨ) (ਸ਼ੋਰ)

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਮਨਰੇਗਾ ਸਕੀਮ ਵੀ ਹੈ....

**ਮੁੱਖ ਮੰਤਰੀ :** ਇਸ ਦਾ ਅੰਬੇਦਕਰ ਜੀ ਨਾਲ ਕੀ ਸਬੰਧ ਹੈ? ਅਸੀਂ ਜੇਕਰ ਰੋਟੀ ਦਾ ਇੰਤਜ਼ਾਮ ਕੀਤਾ ਤਾਂ ਇੰਨੇ ਕਰੋੜ ਰੁਪਏ ਦਿੱਤੇ ਹਨ।

**ਸਰਦਾਰ ਸੁਖਜਿੰਦਰ ਸਿੰਘ :** ਮੇਰੇ ਇਲਾਕੇ ਵਿੱਚ ਇੱਕ ਪਿੰਡ ਬੁੱਲੇਵਾਲ ਹੈ ਜੀ।

**ਮਾਨਯੋਗ ਸਪੀਕਰ:** ਇਹ ਤੁਸੀਂ ਗੱਲ ਤੋਂ ਕਿੱਥੇ ਜਾ ਰਹੇ ਹੋ?

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਉਹੀ ਗੱਲ ਕਰਨ ਲੱਗਾ ਹਾਂ ਜਿਹੜੀ ਇਨ੍ਹਾਂ ਨੇ ਕੀਤੀ ਹੈ।

**ਮਾਨਯੋਗ ਸਪੀਕਰ:** ਉਹ ਗੱਲ ਆਪਾਂ ਬਾਅਦ ਵਿੱਚ ਕਰਾਂਗੇ। ਤੁਸੀਂ ਜੋ ਕਹਿਣਾ ਹੈ 'ਨੋ ਕਾਨਫੀਡੈਂਸ ਮੋਸ਼ਨ' ਤੇ ਕਹਿ ਲੈਣਾ। ਹੁਣ ਪਲੀਜ਼ ਬੈਠ ਜਾਓ।

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਮੈਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ। ਮੁੱਖ ਮੰਤਰੀ ਸਾਹਿਬ, ਮੈਂ ਇਹ ਤੁਹਾਨੂੰ ਭੇਜ ਦਿਆਂਗਾ। (ਕੋਈ ਕਾਗਜ਼ ਦਿਖਾਉਂਦੇ ਹੋਏ) ਕੀ ਤੁਸੀਂ ਇਸ ਦੀ ਇਨਕੁਆਇਰੀ ਕਰਵਾਓਗੇ ? ਇਸ ਤੇ ਤੁਹਾਡੀ ਤੇ ਡਿਪਟੀ ਸੀ.ਐਮ. ਸਾਹਿਬ ਦੀ ਫੋਟੋ ਲੱਗੀ ਹੈ।

**ਮੁੱਖ ਮੰਤਰੀ:** ਹਰ ਚੀਜ਼ ਦੀ ਇਨਕੁਆਇਰੀ ਕਰਵਾਵਾਂਗੇ। ਜੇ ਤੁਸੀਂ ਨਹੀਂ ਭੇਜੋਗੇ ਤਾਂ ਮੈਂ ਤੁਹਾਡੇ ਘਰ ਆ ਕੇ ਲੈ ਜਾਵਾਂਗਾ।

**ਸਰਦਾਰ ਸੁਖਜਿੰਦਰ ਸਿੰਘ :** ਨਹੀਂ ਜੀ, ਮੈਂ ਹੀ ਆ ਜਾਵਾਂਗਾ। ਤੁਸੀਂ ਤਾਂ ਬਹੁਤ ਵੱਡੇ ਹੋ।

**ਮੁੱਖ ਮੰਤਰੀ:** ਉਂਝ ਤਾਂ ਤੁਸੀਂ ਆਉਂਦੇ ਨਹੀਂ, ਮੈਂ ਆ ਜਾਵਾਂਗਾ। (ਵਿਘਨ)(ਸ਼ੋਰ)

**Mr. Speaker:** Randhawa ji, please sit down.

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਇੰਨੀ ਨਜਾਇਜ਼ ਨਾ ਕਰਿਆ ਕਰੋ। ਤੁਸੀਂ ਤਾਂ ਬੋਲਣ ਹੀ ਨਹੀਂ ਦਿੰਦੇ।

**ਮਾਨਯੋਗ ਸਪੀਕਰ:** ਨਹੀਂ, ਨਜਾਇਜ਼ ਨਹੀਂ ਹੈ ਜੀ, ਬਹੁਤ ਹੀ ਜਾਇਜ਼ ਕਾਰਨ ਹੈ। ਤੁਸੀਂ ਨਜਾਇਜ਼ ਕਰਦੇ ਹੋ, ਇਹ ਦੱਸੋ ਕਿ ਇੱਥੇ ਇਸ ਗੱਲ ਦਾ ਕੀ ਇਸ਼ੂ ਹੈ? ਇਹ ਜ਼ੀਰੋ ਆਵਰ ਦਾ ਮਸਲਾ ਬਣਦਾ ਹੈ। ਤੁਸੀਂ 'ਨੋ ਕਾਨਫੀਡੈਂਸ ਮੋਸ਼ਨ' ਤੇ ਜੋ ਮਰਜ਼ੀ ਲੈ ਆਇਓ। Please sit down. ਹੁਣ ਡਾਕਟਰ ਅੰਬਦੇਕਰ ਜੀ ਦਾ ਮਸਲਾ ਚੱਲ ਰਿਹਾ ਹੈ, ਇਸ ਨੂੰ ਚੱਲਣ ਦਿਓ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਤੁਸੀਂ ਸਾਨੂੰ ਸਾਰਿਆਂ ਨੂੰ ਟਾਈਮ ਦਿਓਗੇ?

**ਮਾਨਯੋਗ ਸਪੀਕਰ:** ਜੇ ਕੋਈ ਮਸਲਾ ਹੋਵੇਗਾ ਤਾਂ ਮੈਂ ਟਾਈਮ ਦਿਆਂਗਾ।

**ਮੁੱਖ ਮੰਤਰੀ:** ਡਾਕਟਰ ਅੰਬੇਦਕਰ ਸਾਹਿਬ ਦਲਿਤਾਂ ਅਤੇ ਗਰੀਬਾਂ ਦੇ ਮਸੀਹਾ ਸੀ ਤੇ ਆਪਾਂ ਨੂੰ ਉਨ੍ਹਾਂ ਦੇ ਦੱਸੇ ਹੋਏ ਰਸਤਿਆਂ ਤੇ ਚੱਲਣਾ ਚਾਹੀਦਾ ਹੈ। ਤੁਸੀਂ ਤਾਂ ਸਾਰੀ ਜ਼ਿੰਦਗੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦਾ ਮਖੌਲ ਕੀਤਾ ਹੈ, ਉਨ੍ਹਾਂ ਨੂੰ ਇਲੈਕਸ਼ਨਾਂ ਵਿੱਚ ਵੀ ਹਰਾਇਆ ਹੈ ਤੇ ਹਰ ਤਰ੍ਹਾਂ ਦੀ ਕੋਸ਼ਿਸ਼ ਕੀਤੀ ਕਿ.. (ਰੂਲਿੰਗ ਬੈਂਚਿਜ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਤਰਲੋਚਨ ਸਿੰਘ ਬਿਨਾਂ ਇਜ਼ਾਜ਼ਤ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ।)

**ਮੁੱਖ ਮੰਤਰੀ:** ਮੈਂ ਕਦੇ ਕੋਈ ਗੈਰ-ਜ਼ਿੰਮੇਵਾਰੀ ਵਾਲੀ ਗੱਲ ਨਹੀਂ ਕਰਦਾ। ਫਿਰ ਜਿੰਨਾ ਚਿਰ ਤੁਹਾਡਾ ਰਾਜ ਰਿਹਾ, ਕੀ ਤੁਸੀਂ ਗਰੀਬਾਂ ਨੂੰ ਫਰੀ ਪਾਵਰ ਦਿੱਤੀ? ਨਹੀਂ ਦਿੱਤੀ। ਬਿਜਲੀ ਬੋਰਡ ਨੇ ਹੁਣ 900 ਕਰੋੜ ਰੁਪਏ ਦਾ ਕਨਸੈਸ਼ਨ ਗਰੀਬਾਂ ਨੂੰ ਦਿੱਤਾ ਹੈ।(ਥੰਪਿੰਗ) ਜੇਕਰ ਇਹ ਵੀ ਗਰੀਬਾਂ ਦੀ ਜੇਬ ਵਿੱਚੋਂ ਨਿਕਲ ਜਾਂਦਾ ਤਾਂ ਗਰੀਬਾਂ ਦਾ ਕਿੰਨਾ ਵੱਡਾ ਨੁਕਸਾਨ ਹੋ ਜਾਣਾ ਸੀ?

ਹੁਣ ਬੀ.ਸੀ. ਕੈਟਾਗਰੀ ਨੂੰ ਵੀ ਦਲਿਤ ਵਰਗ ਵਿੱਚ ਸ਼ਾਮਿਲ ਕਰ ਦਿੱਤਾ ਗਿਆ ਹੈ। ਸਭ ਗਰੀਬਾਂ ਲਈ ਸ਼ਗਨ ਸਕੀਮ, ਪੈਨਸ਼ਨ ਸਕੀਮ ਅਤੇ ਹੈਲਥ ਇਸ਼ੋਰੈਂਸ ਵੀ ਕਰ ਦਿੱਤੀ ਗਈ ਹੈ । (ਥੰਪਿੰਗ) ਇਹ 50,000/- ਰੁਪਏ ਤੱਕ ਦਾ ਕਿਸੇ ਵੀ ਹਸਪਤਾਲ ਵਿੱਚ ਇਲਾਜ ਕਰਵਾ ਸਕਦੇ ਹਨ। ਦੁਨੀਆਂ ਵਿੱਚ ਕਿਤੇ ਵੀ ਫਰੀ ਹੈਲਥ ਇੰਸ਼ੋਰੈਂਸ ਨਹੀਂ ਹੋਣਾ। ਜੇ ਕਿਸੇ ਗਰੀਬ ਦੀ ਮੌਤ ਹੋ ਜਾਵੇ

ਤਾਂ ਉਨ੍ਹਾਂ ਨੂੰ ਪੰਜ ਲੱਖ ਰੁਪਏ ਦਿੱਤੇ ਜਾਂਦੇ ਹਨ। ਮੈਂ ਸਮਝਦਾ ਹਾਂ ਕਿ ਗਰੀਬੀ ਇੱਥੋਂ ਇਵੇਂ ਹੀ ਨਿਕਲ ਸਕਦੀ ਹੈ। ਤੁਸੀਂ ਤਾਂ ਨਾਅਰੇ ਲਾਉਂਦੇ ਹੋ ''ਕਾਂਗਰਸ ਕਾ ਹਾਥ, ਗਰੀਬ ਕੇ ਸਾਥ'', ਇਸ ਤਰ੍ਹਾਂ ਇਕੱਲੇ ਨਾਅਰੇ ਲਗਾਉਣ ਨਾਲ ਗਰੀਬੀ ਦੂਰ ਨਹੀਂ ਹੋਣੀ। ਇਹ ਤਾਂ ਹੀ ਦੂਰ ਹੋਵੇਗੀ ਜੇ ਗਰੀਬ ਦੇ ਬੱਚੇ ਨੂੰ ਪੜ੍ਹਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਇਸ ਦਾ ਕੋਈ ਇਲਾਜ ਨਹੀਂ ਹੈ ਤੇ ਜਿਹੜਾ ਇਸ ਦਾ ਇਲਾਜ ਆਰੰਭ ਕੀਤਾ ਗਿਆ ਹੈ, ਉਹ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੀਤਾ ਹੈ ।(ਥੰਪਿੰਗ)

ਸਪੀਕਰ ਸਾਹਿਬ, ਸਾਡੀ ਸਰਕਾਰ ਵਲੋਂ ਮੈਰੀਟੋਰੀਅਸ ਸਕੂਲ ਖੋਲ੍ਹੇ ਗਏ ਹਨ। ਮੈਂ ਆਪੋਜੀਸ਼ਨ ਬੈਂਚਿਜ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਵਾਰੀ ਮੈਰੀਟੋਰੀਅਸ ਸਕੂਲ ਜਾ ਕੇ ਵੇਖ ਕੇ ਆਉਣ। ਉੱਥੇ ਆਮ ਕਿਸਾਨ ਦਾ ਬੱਚਾ ਅਤੇ ਆਮ ਲੇਬਰਰ ਦੇ ਬੱਚੇ ਪੜ੍ਹਦੇ ਹਨ। ਉਨ੍ਹਾਂ ਦੇ ਰਹਿਣ-ਸਹਿਣ ਦੀਆਂ ਸਾਰੀਆਂ ਚੀਜ਼ਾਂ ਫਰੀ ਹਨ, ਉਨ੍ਹਾਂ ਤੋਂ ਇੱਕ ਵੀ ਪੈਸਾ ਨਹੀਂ ਲਿਆ ਜਾਂਦਾ ਤੇ ਹੁਣ ਉਸ ਮੈਰੀਟੋਰੀਅਸ ਸਕੂਲ ਦੇ 130 ਬੱਚੇ ਆਈ.ਆਈ.ਟੀ. ਵਿੱਚ ਸਿਲੈਕਟ ਵੀ ਹੋ ਗਏ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਗਰੀਬਾਂ ਦੇ ਬੱਚਿਆਂ ਲਈ ਕੰਮ ਕਰ ਰਹੀ ਹੈ, ਜੇ ਤੁਸੀਂ ਵੀ ਉਨ੍ਹਾਂ ਲਈ ਕੁਝ ਕਰਦੇ ਤਾਂ ਗੱਲ ਕਿਤੇ ਦੀ ਕਿਤੇ ਪਹੁੰਚ ਸਕਦੀ ਸੀ। ਹੁਣ ਮੈਂ ਬੇਨਤੀ ਕਰਾਂਗਾ ਕਿ ਜੇ ਡਾਕਟਰ ਅੰਬੇਦਕਰ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਨੀ ਹੈ ਤਾਂ ਉਨ੍ਹਾਂ ਵੱਲੋਂ ਦਰਸਾਏ ਮਾਰਗ ਤੇ ਚੱਲਦੇ ਹੋਏ ਅਜਿਹੇ ਸਮਾਜ ਦੀ ਸਥਾਪਨਾ ਕਰੀਏ ਜਿਸ ਵਿੱਚ ਅਮੀਰ-ਗਰੀਬ ਤੇ ਊਚ-ਨੀਚ ਦਾ ਪਾੜਾ ਨਾ ਹੋਵੇ। ਆਓ, ਅਸੀਂ ਸਾਰੇ ਰਲ਼ ਕੇ ਪਛੜੇ ਅਤੇ ਲਿਤਾੜੇ ਵਰਗਾਂ ਲਈ ਇਨਸਾਫ ਅਤੇ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਆਪਣੀ ਪੂਰੀ ਵਚਨਬੱਧਤਾ ਦੁਹਰਾਈਏ। ਬਹੁਤ ਬਹੁਤ ਧੰਨਵਾਦ। (ਥੰਪਿੰਗ)

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ. ਸੀ.) :** ਆਦਰਨੀਯ ਸਪੀਕਰ ਸਾਹਿਬ, ਮੈਂ ਪਹਿਲਾਂ ਤਾਂ ਹਾਊਸ ਦਾ ਧੰਨਵਾਦ ਕਰਦਾ ਹਾਂ ਕਿ ਬਾਬਾ ਸਾਹਿਬ ਅੰਬੇਦਕਰ ਜਿਨ੍ਹਾਂ ਨੇ ਭਾਰਤ ਦਾ ਨਿਰਮਾਣ ਕੀਤਾ, ਭਾਰਤ ਦੇ ਸੰਵਿਧਾਨ ਦਾ ਨਿਰਮਾਣ ਕੀਤਾ, ਅੱਜ ਉਨ੍ਹਾਂ ਤੇ ਚਰਚਾ ਵਾਸਤੇ, ਉਨ੍ਹਾਂ ਨੂੰ ਯਾਦ ਕਰਨ ਵਾਸਤੇ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਵਾਸਤੇ ਅਸੀਂ ਇੱਥੇ ਇਕੱਤਰ ਹੋਏ ਹਾਂ । ਬਾਬਾ ਸਾਹਿਬ ਅੰਬੇਦਕਰ ਭਾਰਤੀ ਸੰਵਿਧਾਨ ਦੇ ਨਿਰਮਾਤਾ, ਦਲਿਤਾਂ ਦੇ

[ ਡਾਕਟਰ ਰਾਜ ਕੁਮਾਰ ਵੇਰਕਾ ]

ਮਸੀਹਾ, ਮਜ਼ਦੂਰਾਂ ਦੇ ਨੇਤਾ, ਕਾਨੂੰਨ ਵਿੱਚ ਮਹਿਲਾ ਅਧਿਕਾਰਾਂ ਦੇ ਸੁਰਕਸ਼ਕ, ਪਤਾ ਨਹੀਂ ਕਿਹੜੇ ਕਿਹੜੇ ਨਾਵਾਂ ਨਾਲ ਉਨ੍ਹਾਂ ਨੂੰ ਪੁਕਾਰ ਕੇ ਉਨ੍ਹਾਂ ਨੂੰ ਗੁੱਟਾਂ ਵਿੱਚ ਵੰਡਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪਰ ਮੇਰੀ ਨਜ਼ਰ ਵਿੱਚ ਬਾਬਾ ਸਾਹਿਬ ਅੰਬੇਦਕਰ ਭਾਰਤ ਦੇਸ਼ ਦੇ ਨਿਰਮਾਤਾ ਸਨ, ਹੁਣ ਵੀ ਹਨ ਤੇ ਰਹਿਣਗੇ ਵੀ । (ਥੰਪਿੰਗ) ਬਾਬਾ ਸਾਹਿਬ ਅੰਬੇਦਕਰ ਨੇ ਜਿੱਥੇ ਸੰਵਿਧਾਨ ਦੀ ਰਚਨਾ ਕੀਤੀ, ਉਥੇ ਮੈਂ ਇਹ ਵੀ ਕਹਾਂਗਾ ਕਿ ਬਾਬਾ ਸਾਹਿਬ ਅੰਬੇਦਕਰ ਨੂੰ ਕਾਂਗਰਸ ਪਾਰਟੀ ਨੇ ਸੰਵਿਧਾਨ ਬਣਾਉਣ ਦੀ ਜ਼ਿੰਮੇਵਾਰੀ ਦਿੱਤੀ ਸੀ, ਮਹਾਤਮਾ ਗਾਂਧੀ ਔਰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੀ ਇਹ ਉੱਚੀ ਸੋਚ ਦਾ ਨਤੀਜਾ ਹੈ ਕਿ ਇਸ ਸਦੀ ਦੇ ਦੋ ਮਹਾਂਨਾਇਕ ਬਾਬਾ ਸਾਹਿਬ ਅੰਬੇਦਕਰ ਅਤੇ ਮਹਾਤਮਾ ਗਾਂਧੀ ਜੀ ..... (ਵਿਘਨ)

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਮਦਨ ਮੋਹਨ ਮਿੱਤਲ) :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਪੀਕਰ ਸਾਹਿਬ, ਇਕੱਲਾ ਕਾਂਗਰਸ ਪਾਰਟੀ ਨੇ ਹੀ ਉਨ੍ਹਾਂ ਨੂੰ ਜ਼ਿੰਮੇਵਾਰੀ ਨਹੀਂ ਦਿੱਤੀ ਬਲਕਿ ਸਾਰੀਆਂ ਪਾਰਟੀਆਂ ਨੇ ਦਿੱਤੀ ਸੀ ।

**ਮਾਨਯੋਗ ਸਪੀਕਰ :** ਸਾਰੀਆਂ ਪਾਰਟੀਆਂ ਨੇ ਰਲ਼ ਕੇ ਜ਼ਿੰਮੇਵਾਰੀ ਦਿੱਤੀ ਸੀ । (ਵਿਘਨ) ਵੇਰਕਾ ਜੀ, ਉਨ੍ਹਾਂ ਨੇ ਤਾਂ ਇੰਨਾ ਹੀ ਕਿਹਾ ਹੈ ਕਿ ਸਾਰੀਆਂ ਪਾਰਟੀਆਂ ਨੇ ਜ਼ਿੰਮੇਵਾਰੀ ਦਿੱਤੀ ਸੀ ।

**ਡਾਕਟਰ ਰਾਜ ਕੁਮਾਰ ਵੇਰਕਾ :** ਕੋਈ ਗੱਲ ਨਹੀਂ । ਸਪੀਕਰ ਸਾਹਿਬ, ਪੂਨਾ ਪੈਕਟ ਦੇ ਤਹਿਤ ਜਿਹੜਾ ਸਮਝੌਤਾ ਹੋਇਆ ਹੈ, ਬਾਬਾ ਸਾਹਿਬ ਅੰਬੇਦਕਰ ਅਤੇ ਮਹਾਤਮਾ ਗਾਂਧੀ ਦੇ ਦਰਮਿਆਨ ਜਿਹੜਾ ਸਮਝੌਤਾ ਹੋਇਆ, ਉਸ ਸਮਝੌਤੇ ਵਿੱਚ ਲਿਖਿਆ ਹੈ ਕਿ ਇਹ ਸਮਝੌਤਾ ਦੋ ਵਿਅਕਤੀਆਂ ਵਿੱਚ ਨਹੀਂ ਬਲਕਿ ਦੋ ਸਮਾਜਾਂ ਵਿੱਚ ਹੈ । ਅੱਜ ਤੋਂ ਬਾਅਦ ਪੂਨਾ ਪੈਕਟ ਦੇ ਸਬੰਧ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਚੇਂਜ ਲਿਆਉਣੀ ਹੋਵੇ, ਸੰਵਿਧਾਨ ਵਿੱਚ ਕੋਈ ਵੀ ਪ੍ਰਾਵਧਾਨ ਲਿਆਉਣਾ ਹੋਵੇ ਤਾਂ ਇਸ ਦੇ ਅੱਗੇ ਕੋਈ ਵੀ ਕਾਨੂੰਨ ਆੜੇ ਨਹੀਂ ਆਵੇਗਾ ਬਲਕਿ ਇਹ ਫੈਸਲਾ ਦੋ ਸਮਾਜ ਮਿਲ-ਬੈਠ ਕੇ ਹੀ ਕਰ ਸਕਦੇ ਹਨ। ਅੱਜ ਅਸੀਂ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਅੰਬੇਦਕਰ ਸਾਹਿਬ ਦੀ ਚਰਚਾ ਕਰ ਰਹੇ ਹਾਂ ਪਰ ਮੈਨੂੰ ਦੁੱਖ ਨਾਲ ਇਹ ਕਹਿਣਾ ਪੈ ਰਿਹਾ ਹੈ ਕਿ ਬਾਦਲ ਸਾਹਿਬ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਤਾਂ ਮੰਨਦੇ ਹਨ ਪਰ ਬਾਬਾ

ਸਾਹਿਬ ਅੰਬੇਦਕਰ ਦੀ ਨਹੀਂ ਮੰਨਦੇ । ਬਾਬਾ ਸਾਹਿਬ ਅੰਬੇਦਕਰ ਜੀ ਨੇ ਸੰਵਿਧਾਨ ਦੇ ਅੰਦਰ ਸਾਨੂੰ ਮੌਕਾ ਦਿੱਤਾ ਹੈ, ਸਾਨੂੰ ਅਧਿਕਾਰ ਦਿੱਤਾ ਹੈ ਤੇ ਉਨ੍ਹਾਂ ਅਧਿਕਾਰਾਂ ਦੀ ਜੇ ਮੈਂ ਚਰਚਾ ਕਰਾਂ ਤਾਂ ਇਹ ਬਹੁਤ ਲੰਬੀ ਹੋ ਜਾਵੇਗੀ।

ਸਪੀਕਰ ਸਾਹਿਬ, ਕਾਂਗਰਸ ਦੀ ਪਿਛਲੀ ਸਰਕਾਰ ਦੀਆਂ ਪ੍ਰਾਪਤੀਆਂ ਔਰ ਨਿਖੇਧੀਆਂ ਬਾਰੇ ਬਾਦਲ ਸਾਹਿਬ ਨੇ ਜ਼ਿਕਰ ਕੀਤਾ ਹੈ । ਜੇ ਮੈਂ ਕਹਾਂ ਕਿ ਜੇਕਰ ਫੂਡ ਸਕਿਉਰਿਟੀ ਦਾ ਅਧਿਕਾਰ ਦਿੱਤਾ ਹੈ ਤਾਂ ਇਹ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਨੇ ਤੇ ਕਾਂਗਰਸ ਪਾਰਟੀ ਨੇ ਦਿੱਤਾ ਹੈ। (ਥੰਪਿੰਗ) ਜੇ ਕਾਂਸਟੀਚਿਊਸ਼ਨ ਵਿੱਚ ਰਾਈਟ ਟੂ ਐਜੂਕੇਸ਼ਨ ਦਿੱਤਾ ਹੈ ਤਾਂ ਕਾਂਗਰਸ ਪਾਰਟੀ ਨੇ ਦਿੱਤਾ ਹੈ । ਜੇ ਰਾਈਟ ਟੂ ਇਨਫਰਮੇਸ਼ਨ ਦਿੱਤਾ ਹੈ ਤੇ ਉਹ ਕਾਂਗਰਸ ਪਾਰਟੀ ਨੇ ਦਿੱਤਾ ਹੈ । (ਥੰਪਿੰਗ) ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਕੀ ਅਸੀਂ ਸੱਚਮੁੱਚ ਉਨ੍ਹਾਂ ਨੂੰ ਯਾਦ ਕਰਦੇ ਹਾਂ ਜਾਂ ਨਹੀਂ।

ਸਪੀਕਰ ਸਾਹਿਬ, ਜੇ ਮੈਂ ਇੱਕ ਗੱਲ ਕਹਾਂ ਕਿ ਜਿਸ ਵਕਤ ਬਾਬਾ ਸਾਹਿਬ ਅੰਬੇਦਕਰ ਦੀ ਕੌਮ ਉਤੇ ਜ਼ੁਲਮ ਹੁੰਦਾ ਹੈ, ਜਿਵੇਂ ਅਬੋਹਰ ਵਿੱਚ ਇੱਕ ਦਲਿਤ ਨੂੰ ਸ਼ਰ੍ਹੇਆਮ ਕੁੱਟਿਆ ਜਾਂਦਾ ਹੈ ਤੇ ਉਸ ਬਾਰੇ ਮੁੱਖ ਮੰਤਰੀ ਤੇ ਸਾਰੇ ਮੰਤਰੀ ਬਿਆਨ ਦਿੰਦੇ ਹਨ ਕਿ ਇਹ ਤਾਂ ਗੈਂਗਵਾਰ ਹੈ। ਜੇ ਦੇਸ਼ ਦੇ ਸੰਵਿਧਾਨ ਦੀ ਹਿਫਾਜ਼ਤ ਦੀ ਗੱਲ ਕਰੀਏ, ਮੈਂ ਇੱਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਜ਼ਰੂਰਤ ਇਸ ਗੱਲ ਦੀ ਹੈ ਕਿ ਅੱਜ ਕੀ ਕਾਰਨ ਹੈ ਕਿ ਦੇਸ਼ ਦੇ ਸੰਵਿਧਾਨ ਦੀਆਂ ਪ੍ਰਾਪਤੀਆਂ ਦੀ ਗੱਲ ਕਰਨ ਤੋਂ ਪਹਿਲਾਂ ਦਸ ਸਾਲ ਦੇ ਅੰਦਰ ਇੱਕ ਵੀ ਚੀਜ਼ ਬਾਦਲ ਸਾਹਿਬ ਦੱਸਣ ਕਿ ਕੀ ਇਹ 85ਵੀਂ ਅਮੈਂਡਮੈਂਟ ਪਾਸ ਕਰਵਾ ਪਾਏ ਹਨ? ਕੀ ਰਿਜ਼ਰਵੇਸ਼ਨ ਇੰਨ ਪਰਮੋਸ਼ਨ ਦੇ ਉਪਰ ਦਲਿਤਾਂ ਬਾਰੇ ਬਿਲ ਪਾਸ ਹੋ ਗਿਆ ਹੈ? ਫਿਰ ਇਹ ਗੱਲ ਕਹਿਣੀ ਕਿ ਅਸੀਂ ਬਹੁਤ ਕੁਝ ਕੀਤਾ ਹੈ, ਸਹੀ ਨਹੀਂ ਹੈ। ਪੰਜਾਬ ਦੇ ਅੰਦਰ ਦਲਿਤਾਂ ਦੀਆਂ 40,000 ਪੋਸਟਾਂ ਲੈਪਸ ਹੋਈਆਂ ਹਨ। (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਬਾਬਾ ਸਾਹਿਬ ਅੰਬੇਦਕਰ ਨੂੰ ਜੇ ਸੱਚੀ ਸ਼ਰਧਾਂਜਲੀ ਦੇਣ ਦੀ ਗੱਲ ਕਰਦੇ ਹਾਂ ਤਾਂ ਇਥੇ ਬਾਦਲ ਸਾਹਿਬ ਇਸ ਗੱਲ ਦੀ ਕੁਮਿਟਮੈਂਟ ਕਰਨ ਕਿ ਜਿੰਨੇ ਵੀ ਸਾਡੀ ਵਿਧਾਨ ਸਭਾ ਨੂੰ ਅਧਿਕਾਰ ਦਿੱਤੇ ਹੋਏ ਹਨ, ਸਾਡੇ ਲੋਕਾਂ ਨੂੰ ਅਧਿਕਾਰ ਦਿੱਤੇ ਹੋਏ ਹਨ, ਉਹ ਸਾਰੇ ਸਹੀ ਮਾਅਨਿਆਂ ਵਿੱਚ ਲਾਗੂ ਹੋਣਗੇ। ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਚਾਹੇ ਇਧਰ ਦੇ ਐਮ.ਐਲ.ਏਜ਼ ਹੋਣ ਔਰ ਚਾਹੇ ਉਧਰ ਦੇ ਐਮ.ਐਲ.ਏਜ਼ ਹੋਣ,

ਜਦੋਂ ਦਲਿਤਾਂ ਤੇ ਜ਼ੁਲਮਾਂ ਦੀ ਦਾਸਤਾਨ ਦੀ ਗੱਲ ਹੁੰਦੀ ਹੈ ਤਾਂ ਉਦੋਂ ਜ਼ੁਬਾਨ ਪਤਾ ਨਹੀਂ ਕਿਉਂ ਬੰਦ ਹੁੰਦੀ ਹੈ? ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ। ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ, ਇਹ ਕਿਸੇ ਸਿਆਸੀ ਪਾਰਟੀ ਤੇ ਨਿਸ਼ਾਨਾ ਲਗਾਉਣ ਦੀ ਗੱਲ ਨਹੀਂ ਹੈ। ਜੇ ਮੈਂ ਗੱਲ ਕਹਾਂ ਕਿ ਬਾਬਾ ਸਾਹਿਬ ਅੰਬੇਦਕਰ ਨੇ ਜਿਹੜਾ ਅਸਤੀਫਾ ਦਿੱਤਾ ਹੈ, ਉਹ ਕੋਈ ਦਲਿਤਾਂ ਦੇ ਹੱਕ ਵਿੱਚ ਦਿੱਤਾ ਹੈ ਜਾਂ ਦਲਿਤਾਂ ਤੇ ਹੁੰਦੇ ਜ਼ੁਲਮਾਂ ਦੇ ਵਿਰੋਧਤਾ ਕਰਕੇ ਦਿੱਤਾ ਹੈ, ਅਜਿਹਾ ਨਹੀਂ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਜੇਕਰ ਪਾਰਲੀਮੈਂਟ ਦੇ ਅੰਦਰ ਆਪਣਾ ਅਸਤੀਫਾ ਦਿੱਤਾ ਹੈ ਤਾਂ ਵੁਮੈਨ ਅਧਿਕਾਰਾਂ ਦੇ ਹੱਕਾਂ ਦੀ ਗੱਲ ਕਰਕੇ ਦਿੱਤਾ ਹੈ। ਬਾਦਲ ਸਾਹਿਬ ਨੇ ਇਥੇ ਇੱਕ ਗੱਲ ਕਹੀ ਹੈ ਕਿ ਕਿਉਂਕਿ ਕਾਂਗਰਸ ਪਾਰਟੀ ਨੇ ਵੁਮੈਨ ਅਧਿਕਾਰਾਂ ਦੇ ਬਾਰੇ ਬਾਬਾ ਸਾਹਿਬ ਦੀ ਗੱਲ ਨਹੀਂ ਮੰਨੀ, ਇਸ ਕਾਰਨ ਕਰਕੇ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ। ਪਰ ਇਤਿਹਾਸ ਗਵਾਹ ਹੈ, ਇਥੇ ਅਸੰਬਲੀ ਦੇ ਵਿੱਚ ਇਸ ਵਿਸ਼ੇ ਤੇ ਗੱਲ ਕਰੋ। ਕਿਉਂਕਿ ਅਸਲ ਵਿੱਚ ਆਰ.ਐਸ.ਐਸ. ਦੇ ਲੋਕਾਂ ਨੇ ਉਨ੍ਹਾਂ ਦੀ ਇਸ ਗੱਲ ਦਾ ਵਿਰੋਧ ਕੀਤਾ ਸੀ, ਉਸ ਗੱਲ ਤੇ ਆ ਕੇ ਬਾਬਾ ਸਾਹਿਬ ਅੰਬੇਦਕਰ ਜੀ ਨੇ ਅਸਤੀਫਾ ਦਿੱਤਾ ਸੀ। (ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ।

ਸਪੀਕਰ ਸਾਹਿਬ, ਮੈਂ ਇੱਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਤੁਸੀਂ ਦੂਜੀਆਂ ਸਟੇਟਾਂ ਨਾਲ ਆਪਣੀ ਸ਼ਗਨ ਸਕੀਮ ਚੈੱਕ ਕਰਕੇ ਦੇਖੋ। ਜਿਹੜੀ ਤੁਸੀਂ ਸ਼ਗਨ ਸਕੀਮ ਦੀ ਗੱਲ ਕਰਦੇ ਹੋ ਤਾਂ ਜਿਹੜਾ ਸੋਸ਼ਲ ਵੈਲਫੇਅਰ ਦਾ ਪੈਸਾ ਆਉਂਦਾ ਹੈ, ਹਰਿਆਣਾ ਦੇ ਵਿੱਚ ....(ਵਿਘਨ)....

**ਮਾਨਯੋਗ ਸਪੀਕਰ :** ਰਾਜ ਕੁਮਾਰ ਜੀ, ਕਾਲੀਆ ਜੀ ਦੀ ਗੱਲ ਸੁਣ ਲਵੋ।

**ਸ਼੍ਰੀ ਮਨੋਰੰਜਨ ਕਾਲੀਆ :** ਮਾਨਯੋਗ ਸਪੀਕਰ ਸਾਹਿਬ, ਇਨ੍ਹਾਂ ਨੇ ਰਾਸ਼ਟਰੀ ਸਵੈਮ ਸੇਵਕ ਸੰਘ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੇ ਅੰਬੇਦਕਰ ਜੀ ਦਾ ਕਦੇ ਕੋਈ ਵਿਰੋਧ ਨਹੀਂ ਕੀਤਾ, ਇਹ ਗਲਤ ਕਹਿ ਰਹੇ ਹਨ। ਇਹ ਗਲਤ ਬਿਆਨੀ ਕਰ ਰਹੇ ਹਨ।

**Mr. Speaker :** I know. ਮੈਨੂੰ ਪਤਾ ਹੈ।

**ਸ਼੍ਰੀ ਮਨੋਰੰਜਨ ਕਾਲੀਆ :** ਇਹ ਬਿਲਕੁਲ ਗਲਤ ਬਿਆਨੀ ਕਰ ਰਹੇ ਹਨ ....(ਵਿਘਨ)....

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ :** ਆਰ.ਐਸ.ਐਸ. ਤਾਂ ਉਸ ਸਮੇਂ ਪਾਰਲੀਮੈਂਟ ਦਾ ਹਿੱਸਾ ਨਹੀਂ ਸੀ, ਜਦੋਂ ਉਹ ਹਿੱਸਾ ਹੀ ਨਹੀਂ ਸੀ ਤਾਂ ਇਹ ਕਿਵੇਂ ਕਹਿ ਸਕਦੇ ਹਨ ?.....(ਵਿਘਨ)....

**ਮਾਨਯੋਗ ਸਪੀਕਰ :** ਵੇਰਕਾ ਜੀ ...(ਵਿਘਨ)...

**ਡਾਕਟਰ ਰਾਜ ਕੁਮਾਰ ਵੇਰਕਾ :** ਇਹ ਸੰਵਿਧਾਨ ਦੇ ਅੰਦਰ ਲਿਖਿਆ ਹੋਇਆ ਹੈ, ਇਹ ਕਿਤਾਬਾਂ ਦੱਸਦੀਆਂ ਹਨ ....(ਵਿਘਨ).... ਤੁਸੀਂ ਕਹਿੰਦੇ ਹੋ ਆਰ.ਐਸ.ਐਸ. ਦਾ ਰੋਲ ਕੋਈ ਨਹੀਂ ਸੀ....(ਵਿਘਨ)...

**ਮਾਨਯੋਗ ਸਪੀਕਰ :** ਕੋਡ ਆਫ ਹਿੰਦੂ ਬਿਲ ਦੇ ਉਪਰ ਉਨ੍ਹਾਂ ਨੇ ਅਸਤੀਫਾ ਦਿੱਤਾ ਜੋ ਕਿ ਐਜ਼ ਏ ਪਰੋਟੈਸਟ ਦਿੱਤਾ ਸੀ। ....(ਵਿਘਨ).... ਇਸ ਕਰਕੇ ਜਿਹੜੀ ਗੱਲ ਬਾਰੇ ਸਹੀ ਪਤਾ ਹੈ, ਉਹੀ ਕਰੋ ...(ਵਿਘਨ)... ਮੇਰੀ ਇੱਕ ਬੇਨਤੀ ਹੈ ਕਿ ਜਿਹੜੀ ਗੱਲ ਇਤਿਹਾਸਕ ਨਾ ਹੋਵੇ, ਉਹ ਨਾ ਕਹੋ। ਜਿਹੜੀ ਗੱਲ ਦਾ ਸਬੂਤ ਹੋਵੇ, ਉਹ ਗੱਲ ਕਹੋ। ਸਬੂਤ ਜਿਹੜਾ ਹੈ, ਉਹ ਮੈਂ ਇਥੋਂ ਨਹੀਂ ਕਹਿਣਾ ਚਾਹੁੰਦਾ। ਉਹ ਹੋਰ ਮਾਮਲਾ ਹੈ ਜਿਹੜਾ ਤੁਸੀਂ ਕਹਿ ਰਹੇ ਹੋ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਮੈਂ ਬੜੀ ਜ਼ਿੰਮੇਵਾਰੀ ਦੇ ਨਾਲ ਇਹ ਗੱਲ ਕਹਿ ਰਿਹਾ ਹਾਂ ਔਰ ਬਾਦਲ ਸਾਹਿਬ ਬੜੀ ਜ਼ਿੰਮੇਵਾਰੀ ਦੇ ਨਾਲ ਗੱਲ ਕਹਿ ਰਹੇ ਸਨ। ਉਸ ਸੰਵਿਧਾਨ ਦੀ ਰੱਖਿਆ ਦੀ ਜ਼ਿੰਮੇਵਾਰੀ ਮੇਰੇ ਉਪਰ ਵੀ ਹੈ ਔਰ ਜੇ ਮੈਂ ਕੋਈ ਗੱਲ ਕਹਿ ਰਿਹਾ ਹਾਂ ਤਾਂ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਮੈਂ ਕਦੇ ਕੋਈ ਗਲਤ ਗੱਲ ਨਹੀਂ ਕਹਾਂਗਾ ਔਰ ਮੈਂ ਤੁਹਾਨੂੰ ਇਹ ਸਾਬਤ ਕਰਕੇ ਦਿਖਾ ਦੇਵਾਂਗਾ। ਮੈਂ ਤੁਹਾਨੂੰ ਇੱਕ ਬੇਨਤੀ ਕਰਦਾ ਹਾਂ। ਮੈਂ ਤੁਹਾਨੂੰ ਬੇਨਤੀ ਇਹ ਕਰਨੀ ਹੈ ਕਿ ਹੁਣੇ ਹੀ ਕੁਐਸਚਨ ਆਵਰ ਦੇ ਦੌਰਾਨ ਮੁਹੰਮਦ ਸਦੀਕ ਸਾਹਿਬ ਨੇ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ। ਇਥੇ ਹੀ ਹੈਲਥ ਮਨਿਸਟਰ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ** ** ਕੀ ਗੱਲ ਕਰ ਰਿਹਾ ਹੈ।

**ਮਾਨਯੋਗ ਸਪੀਕਰ :** ਉਹ ਐਕਸਪੰਜ ਹੀ ਕਰ ਦਿੱਤਾ ਹੋਇਆ ਹੈ।

---

** Not recorded as ordered by the Chair.

[ ਮਾਨਯੋਗ ਸਪੀਕਰ]

...(ਵਿਰੋਧੀ ਧਿਰ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜਾਂ) ... ਮੇਰੀ ਇੱਕ ਬੇਨਤੀ ਸੁਣ ਲਵੋ। ਉਹ ਐਕਸਪੰਜ ਕਰ ਦਿੱਤਾ ਹੈ। ...(ਵਿਘਨ)... ਮੈਂ ਇਹ ਉਦੋਂ ਹੀ ਐਕਸਪੰਜ ਕਰ ਦਿੱਤਾ ਸੀ, ਰਿਕਾਰਡ ਇਥੇ ਤੁਹਾਡੇ ਕੋਲ ਹੈ।

**ਡਾਕਟਰ ਰਾਜ ਕੁਮਾਰ ਵੇਰਕਾ :** ਤੁਸੀਂ ਐਕਸਪੰਜ ਤਾਂ ਕਰ ਦਿੱਤਾ ਪਰ ਗੱਲ ਇਹ ਹੈ ਕਿ ਜੇਕਰ ਕੋਈ ਬੰਦਾ ਦਲਿਤ ਤੇ ਅਤਿਆਚਾਰ ਕਰੇ, ਦਲਿਤਾਂ ਨੂੰ ਗਾਲ੍ਹਾਂ ਕੱਢੇ ਅਤੇ ਤੁਸੀਂ ਕੁਰਸੀ ਤੇ ਬਹਿ ਕੇ ਕਹੋ ਕਿ ਮੈਂ ਐਕਸਪੰਜ ਕਰ ਦਿੱਤਾ ਸੀ ...(ਵਿਘਨ)...

**ਮਾਨਯੋਗ ਸਪੀਕਰ :** ਕੀ ਤੁਸੀਂ ਐਕਸਪੰਜ ਕਰਨ ਦਾ ਮਤਲਬ ਸਮਝਦੇ ਹੋ?

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਜੇ ਦੋ ਸ਼ਬਦ ਉਸ ਮੰਤਰੀ ਦੇ ਖਿਲਾਫ ਬੋਲ ਦਿੰਦੇ ਅਤੇ ਕਹਿੰਦੇ ਕਿ ਇਹ ਗਲਤ ਗੱਲ ਹੈ ਤਾਂ ਮੈਂ ਸਮਝਦਾ ਹਾਂ ਕਿ ਹਾਊਸ ਦੀ ਮਰਿਯਾਦਾ ਕਾਇਮ ਰਹਿੰਦੀ ।ਇਹ ਹਾਊਸ ਦੀ ਮਰਿਆਦਾ ਦਾ ਹਨਨ ਹੈ।

ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਅੱਜ ਅਸੀਂ ਯਾਦ ਕਰ ਰਹੇ ਹਾਂ। ਮੈਂ ਲਾਸਟ ਉਤੇ ਇਕੋ ਹੀ ਗੱਲ ਕਹਾਂਗਾ ਕਿ ਸਾਨੂੰ ਆਪਣੀ ਇੱਛਾ ਸ਼ਕਤੀ ਵਿਖਾਉਣੀ ਪਵੇਗੀ, ਦਲਿਤਾਂ ਦੇ ਜਿਹੜੇ ਮਸਲੇ ਹਨ ਤੇ ਚਾਹੇ ਦੂਸਰੀਆਂ ਗੱਲਾਂ ਹਨ, ਜਿਸ ਤਰ੍ਹਾਂ ਚਾਹੇ ਅੱਜ ਮਨਰੇਗਾ ਦੇ ਉਤੇ ਤੁਸੀਂ ਚਰਚਾ ਕਰਕੇ ਉਸ ਦੀ ਵਾਹ-ਵਾਹ ਖੱਟ ਰਹੇ ਹੋ, ਇਹ ਮਨਰੇਗਾ ਸਕੀਮ ਡਾਕਟਰ ਮਨਮੋਹਨ ਸਿੰਘ ਜੀ ਦੀ ਦੇਣ ਹੈ, ਜਿਹੜੀ ਗਰੀਬਾਂ ਨੂੰ ਦਿੱਤੀ ਹੈ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ) ਇਹ ਕਿਸੇ ਹੋਰ ਦੀ ਨਹੀਂ ਹੈ, ਜੇ ਮੈਂ ਗਿਣਤੀ ਕਰਨ ਲੱਗਾਂ ਤਾਂ ਬੜੀ ਲੰਬੀ ਲਿਸਟ ਹੈ ਕਿਉਂਕਿ ਮੈਂ ਟਾਈਮ ਵੇਖ ਰਿਹਾ ਹਾਂ ਕਿ ਬਹੁਤ ਥੋੜ੍ਹਾ ਸਮਾਂ ਰਹਿ ਗਿਆ ਹੈ, ਇਸ ਲਈ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਸ਼ਰਧਾਂਜ਼ਲੀ ਭੇਂਟ ਕਰਦੇ ਹੋਏ ਇੰਨੀ ਗੱਲ ਕਹਾਂਗਾ ਕਿ ਆਓ, ਉਨ੍ਹਾਂ ਦੇ ਦੱਸੇ ਪੂਰਨਿਆਂ ਦੇ ਉਤੇ ਚੱਲੀਏ ਔਰ ਮੈਂ ਦਲਿਤ ਲੋਕਾਂ ਨੂੰ ਇੱਕ ਗੱਲ ਕਹਾਂਗਾ ਕਿ ਜਿਹੜਾ ਸਾਡਾ ਸਮਾਜ ਹੈ ਕਿ ਬਾਬਾ ਸਾਹਿਬ ਅੰਬੇਦਕਰ ਜੀ ਨੇ ਆਪਣੇ ਮੂਲ ਮੰਤਰ ਵਿਚ ਕਿਹਾ ਸੀ ਕਿ ਪੜ੍ਹੋ, ਸੰਗਠਿਤ ਰਹੋ, ਸੰਘਰਸ਼ ਕਰੋ। ਇਹ ਜਿਹੜਾ ਜਾਤਾਂ ਦੇ ਵਿੱਚ ਸਮਾਜ ਨੂੰ ਵੰਡਣ ਦੀ ਕੋਸ਼ਿਸ਼ ਹੋ ਰਹੀ ਹੈ, ਮੈਂ ਕਹਿੰਦਾ ਹਾਂ ਕਿ ਕੋਈ ਆਪਣੇ ਆਪ ਨੂੰ ਮਜ਼ਬੀ ਸਿੱਖ ਕਹਿੰਦਾ ਹੈ, ਕੋਈ ਆਪਣੇ ਆਪ ਨੂੰ ਰਵਿਦਾਸੀ ਕਹਿੰਦਾ ਹੈ, ਕੋਈ ਆਪਣੇ ਆਪ ਨੂੰ ਬਾਲਮੀਕੀ ਕਹਿੰਦਾ ਹੈ, ਕੋਈ ਆਦਿਧਰਮੀ ਕਹਿੰਦਾ ਹੈ, ਕੋਈ ਭਗਤ ਕਹਿੰਦਾ ਹੈ ਲੇਕਿਨ ਮੈਂ ਇੱਕ ਗੱਲ ਕਹਾਂਗਾ ਕਿ ਬਾਬਾ ਸਾਹਿਬ ਅੰਬੇਦਕਰ ਜੀ ਦਾ ਸੁਪਨਾ ਉਦੋਂ ਹੀ ਪੂਰਾ ਹੋਵੇਗਾ ਜਦੋਂ ਸਾਰਾ ਸਮਾਜ ਕਹੇਗਾ ਕਿ ਅਸੀਂ ਅੰਬੇਦਕਾਰੀ ਹਾਂ ਔਰ ਡਾਕਟਰ ਅੰਬੇਦਕਰ ਦੇ ਪਾਏ ਪੂਰਨਿਆਂ ਦੇ ਉਪਰ ਚੱਲਾਂਗੇ। ਧੰਨਵਾਦ । ਜੈ ਹਿੰਦ। (ਆਪੋਜ਼ੀਸ਼ਨ ਪਾਰਟੀ ਵੱਲੋਂ ਥੰਪਿੰਗ)

-------

## EXTENSION OF THE TIME OF THE SITTING OF THE HOUSE

**ਮਾਨਯੋਗ ਸਪੀਕਰ:** ਇਸ ਤੋਂ ਪਹਿਲਾਂ ਕਿ ਸ਼੍ਰੀ ਮਨੋਰੰਜਨ ਕਾਲੀਆ ਜੀ ਆਪਣੀ ਸਪੀਚ ਸ਼ੁਰੂ ਕਰਨ, ਮੈਂ ਚਾਹੁੰਦਾ ਹਾਂ ਕਿ ਜੇ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਬੈਠਕ ਦਾ ਸਮਾਂ ਅੱਜ ਦਾ ਬਿਜਨਸ ਖ਼ਤਮ ਹੋਣ ਤੱਕ ਵਧਾ ਦਿੱਤਾ ਜਾਵੇ।

(**ਅਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ:** ਸਦਨ ਦਾ ਸਮਾਂ ਅੱਜ ਦਾ ਬਿਜਨਸ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ। ਹਾਂ ਜੀ, ਕਾਲੀਆ ਜੀ।

-------------

## COMMEMORATING THE STELLAR CONTRIBUTIONS TO THE CONSTITUTION OF INDIA BY BHARAT RATAN BABA SAHEB DR. B.R. AMBEDKAR ON THE OCCASION OF HIS 125TH BIRTH ANNIVERSARY CELEBRATIONS *(Resumption)*

**ਸ਼੍ਰੀ ਮਨੋਰੰਜਨ ਕਾਲੀਆ (ਜਲੰਧਰ ਕੇਂਦਰੀ):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਅਭਾਰੀ ਹਾਂ ਕਿ ਤੁਸੀਂ ਮੈਨੂੰ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ 125ਵੀਂ ਜਨਮ ਜੈਯੰਤੀ ਉਤੇ ਬੋਲਣ ਦਾ ਮੌਕਾ ਦਿੱਤਾ ਹੈ, ਸ਼ਰਧਾਂਜਲੀ ਦੇਣ ਦਾ ਮੌਕਾ ਦਿੱਤਾ ਹੈ । ਡਾਕਟਰ ਭੀਮ ਰਾਓ ਅੰਬੇਦਕਰ ਜੀ ਸਿਰਫ ਇਕ ਵਿਅਕਤੀ ਦਾ ਨਾਂ ਨਹੀਂ ਹੈ ਸਗੋਂ ਉਹ ਆਪਣੇ ਆਪ ਵਿੱਚ ਇਕ ਸੰਸਥਾ ਸਨ। ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ 14 ਅਪ੍ਰੈਲ, 1891 ਨੂੰ ਜਨਮ ਲਿਆ ਔਰ 6 ਦਸੰਬਰ, 1956 ਨੂੰ ਉਨ੍ਹਾਂ ਨੇ ਇਸ ਧਰਤੀ ਤੋਂ ਚਲਾਣਾ ਕੀਤਾ। ਵਿਅਕਤੀ ਦੇ ਤੌਰ ਤੇ ਉਹ 65 ਸਾਲ ਦੀ ਆਯੂ ਵਿੱਚ ਇਸ ਸੰਸਾਰ ਤੋਂ ਚਲੇ ਗਏ ਲੇਕਿਨ ਇਹ ਨਾਂ ਅੱਜ ਵੀ ਕਾਇਮ ਹੈ, ਇਹ ਨਾਂ ਡਾਕਟਰ ਭੀਮ ਰਾਓ ਅੰਬੇਦਕਰ ਆਪਣੇ ਆਪ ਵਿੱਚ ਇੱਕ ਸੰਸਥਾ ਸੀ ਔਰ ਉਹ ਸੰਸਥਾ ਦੇ ਰੂਪ ਵਿੱਚ ਅੱਜ ਵੀ ਜ਼ਿੰਦਾ ਹਨ:

ਨਾਮ ਗੁੰਮ ਜਾਏਗਾ,ਚਿਹਰਾ ਯਹ ਬਦਲ ਜਾਏਗਾ, ਮੇਰੀ ਅਵਾਜ਼ ਹੀ ਮੇਰੀ
ਪਹਿਚਾਨ ਹੈ, ਅਗਰ ਯਾਦ ਰਹੇ।

[ ਸ਼੍ਰੀ ਮਨੋਰੰਜਨ ਕਾਲੀਆ ]

ਜਿਹੜੇ ਉਨ੍ਹਾਂ ਨੇ ਕੰਮ ਕੀਤੇ, ਜਿਹੜੀਆਂ ਉਨ੍ਹਾਂ ਨੇ ਘਾਲਣਾ ਘਾਲੀਆਂ, ਉਨ੍ਹਾਂ ਦੇ ਰੂਪ ਵਿੱਚ ਉਹ ਅੱਜ ਵੀ ਸਾਡੇ ਵਿੱਚ ਵਿਦਮਾਨ ਹਨ। ਡਾਕਟਰ ਭੀਮ ਰਾਓ ਅੰਬੇਦਕਰ ਬਾਰੇ ਜੇ ਅਸੀਂ ਕਹੀਏ ਕਿ ਉਹ ਸਿਰਫ ਦਲਿਤਾਂ ਦੇ ਨੇਤਾ ਸੀ, ਅਜਿਹਾ ਕਹਿਣਾ ਠੀਕ ਨਹੀਂ ਹੋਵੇਗਾ। ਉਹ ਭਾਰਤ ਮਾਂ ਦੇ ਸਪੂਤ ਸੀ, ਭਾਰਤ ਮਾਂ ਦੇ ਲਾਡਲੇ ਬੇਟੇ ਸੀ, ਉਨ੍ਹਾਂ ਨੇ ਭਾਰਤ ਮਾਤਾ ਦੀ ਸੇਵਾ ਕੀਤੀ ਅਤੇ ਕੁਰੀਤੀਆਂ ਦੇ ਖਿਲਾਫ ਲੜੇ। ਸਮਾਜ ਵਿੱਚ ਕੁਰੀਤੀਆਂ ਆਉਂਦੀਆਂ ਰਹਿੰਦੀਆਂ ਹਨ ਕਿਉਂਕਿ ਇਹ ਦੇਸ਼, ਸਾਡੀ ਜਿਹੜੀ ਸੰਸਕ੍ਰਿਤੀ ਹੈ ਇਹ ਬਹੁਤ ਪੁਰਾਣੀ ਹੈ, ਇਸ ਵਿੱਚ ਕੁਰੀਤੀਆਂ ਆਉਣੀਆਂ ਲਾਜ਼ਮੀ ਹਨ ਲੇਕਿਨ ਉਹ ਕੁਰੀਤੀਆਂ ਦੇ ਖਿਲਾਫ ਲੜੇ । ਜੇ ਅਸੀਂ ਇਹ ਕਹੀਏ ਕਿ ਸਿਰਫ ਉਹ ਦਲਿਤਾਂ ਦੇ ਨੇਤਾ ਹਨ ਤਾਂ ਮੈਂ ਕਹਾਂਗਾ ਕਿ ਅਸੀਂ ਉਨ੍ਹਾਂ ਨੂੰ ਛੋਟਾ ਕਰ ਰਹੇ ਹਾਂ, ਉਹ ਭਾਰਤ ਮਾਂ ਦੇ ਲਾਲ ਸੀ, ਉਹ ਸਹੀ ਮਾਅਨਿਆਂ ਵਿੱਚ ਭਾਰਤ ਮਾਂ ਦੇ ਸਪੂਤ ਸੀ।

ਸਪੀਕਰ ਸਾਹਿਬ, ਕਹਿੰਦੇ ਹਨ ਕਿ ਜ਼ਿੰਦਗੀ ਜਿਹੜੀ ਹੈ ਉਹ ਲੰਬੀ ਨਹੀਂ ਹੋਣੀ ਚਾਹੀਦੀ ਸਗੋਂ ਚੌੜੀ ਹੋਣੀ ਚਾਹੀਦੀ ਹੈ, it should be full of activities, ਉਹ 65 ਸਾਲ ਦੀ ਆਯੂ ਜਿਹੜੀ ਹੈ, ਭਰਪੂਰ ਜੀਏ, ਪਲ-ਪਲ ਜੀਏ ਪਰ ਆਪਣਾ ਪਲ-ਪਲ ਉਨ੍ਹਾਂ ਨੇ ਇਸ ਭਾਰਤ ਮਾਂ ਦੇ ਨਮਿੱਤ ਲਗਾਇਆ। ਹਰ ਇੱਕ ਚੀਜ਼ ਨੂੰ, ਹਰ ਇੱਕ ਕੁਰੀਤੀ ਨੂੰ ਉਨ੍ਹਾਂ ਨੇ ਚੁਣੌਤੀ ਸਮਝਿਆ ਔਰ ਚੁਣੌਤੀ ਸਮਝ ਕੇ ਉਸ ਨੂੰ ਸਰ ਕੀਤਾ। ਚਾਹੇ ਉਹ ਛੂਆ-ਛੂਤ ਦੀ ਕੁਰੀਤੀ ਸੀ, ਚਾਹੇ ਕੋਈ ਹੋਰ ਸੀ। ਉਨ੍ਹਾਂ ਨੇ ਵਿੱਦਿਆ ਦੇ ਖੇਤਰ ਵਿੱਚ ਇੰਨੀਆਂ ਕੁ ਡਿਗਰੀਆਂ ਲਈਆਂ ਕਿ ਸ਼ਾਇਦ ਹੁਣ ਕੋਈ ਵਿਅਕਤੀ ਉਸ ਮੁਕਾਬਲੇ ਵਿੱਚ ਨਹੀਂ ਆ ਸਕਦਾ। ਸਾਥਿਓ, ਉਨ੍ਹਾਂ ਨੇ ਭਾਰਤ ਮਾਂ ਦੇ ਸਪੂਤ ਹੋਣ ਦੇ ਨਾਤੇ ਜਿਹੜਾ ਸੰਵਿਧਾਨ ਦਿੱਤਾ, ਸੰਵਿਧਾਨ ਸਿਰਫ ਦਲਿਤਾਂ ਲਈ ਨਹੀਂ ਹੈ। ਅੱਜ ਜਿਹੜੇ ਅਸੀਂ ਹੱਕ ਮੰਗਦੇ ਹਾਂ, ਅੱਜ ਬੋਲਣ ਦੀ ਅਜ਼ਾਦੀ ਹੈ, ਅਸੀਂ ਕਿਤੇ ਵੀ ਆ-ਜਾ ਸਕਦੇ ਹਾਂ, ਅਸੀਂ ਹਿੰਦੁਸਤਾਨ ਵਿੱਚ ਕਿਤੇ ਵੀ ਵਪਾਰ ਕਰ ਸਕਦੇ ਹਾਂ ਜਾਂ ਰਹਿ ਸਕਦੇ ਹਾਂ। ਇਹ ਪੰਜਾਬ ਵਿਧਾਨ ਸਭਾ, ਸੰਸਦ ਵਿੱਚ ਜਿੰਨੇ ਹੱਕ ਹਨ, ਇਹ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਦਿੱਤੇ ਹਨ। ਅਸੀਂ ਹੁਣੇ ਹੀ ਅਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾਈ ਹੈ। 70 ਸਾਲ ਇਹ ਕੰਸਟੀਚਿਊਸ਼ਨ ਸਕਸੈਸਫੁਲੀ ਚੱਲਿਆ ਹੈ, ਉਸ ਨੇ ਇਹ ਦੱਸ ਦਿੱਤਾ ਕਿ ਉਨ੍ਹਾਂ ਨੇ ਜਿਹੜੀ ਸਹੀ ਸੋਚ ਨਾਲ ਇਸ ਨੂੰ ਬਣਾਇਆ ਸੀ, ਉਸ ਕਾਰਨ ਇਹ ਭਾਰਤ ਦੇਸ਼ ਸਫਲਤਾ

ਨਾਲ ਲੋਕਤੰਤਰ ਦਾ ਦੇਸ਼ ਬਣ ਕੇ ਰਿਹਾ ਹੈ, ਇਸ ਦੀਆਂ ਜੜ੍ਹਾਂ ਮਜ਼ਬੂਤ ਹਨ। ਹਾਲਾਂਕਿ ਅਜਿਹਾ ਸਮਾਂ ਵੀ ਆਇਆ ਜਦੋਂ ਇਹ ਲੱਗਿਆ ਕਿ ਇਹ ਲੋਕਤੰਤਰ ਦੀ ਪਟੜੀ ਤੋਂ ਉਤਰ ਜਾਵੇਗਾ ਪਰ ਨਹੀਂ, ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀਆਂ ਸਿਖਿਆਵਾਂ ਨੇ ਇਸ ਦੇਸ਼ ਨੂੰ ਸਹੀ ਦਿਸ਼ਾ ਦਿੱਤੀ ਅਤੇ ਉਸ ਕਾਰਨ ਐਮਰਜੰਸੀ ਹਟੀ ਅਤੇ ਲੋਕਤੰਤਰ ਦੀ ਜਿੱਤ ਹੋਈ। ਡਾਕਟਰ ਭੀਮ ਰਾਓ ਅੰਬੇਦਕਰ ਦੀ ਜਿੱਤ ਹੋਈ।

ਇੰਟੈਰਿਮ ਗੌਰਮਿੰਟ ਵਿੱਚ ਮਹਾਤਮਾ ਗਾਂਧੀ ਦੇ ਕਹਿਣ ਤੇ ਦੋ ਵਿਅਕਤੀ ਲਏ ਗਏ, ਇਕ ਡਾਕਟਰ ਭੀਮ ਰਾਓ ਅੰਬੇਦਕਰ ਜੀ ਅਤੇ ਦੂਜੇ ਡਾਕਟਰ ਸ਼ਿਆਮਾ ਪ੍ਰਸਾਦ ਮੁਖਰਜੀ ਸਨ। ਜਿਹੜੀ ਵੂਮੈਨ ਇੰਪਾਵਰਮੈਂਟ ਦੀ ਡਾਕਟਰ ਸਾਹਿਬ ਨੇ ਗੱਲ ਕੀਤੀ ਸੀ, ਜੇ ਰਿਜ਼ਾਈਨ ਕੀਤਾ ਸੀ ਤਾਂ ਬੈਠ ਕੇ ਇਹ ਸਮੱਸਿਆ ਹੱਲ ਹੋ ਸਕਦੀ ਸੀ। ਲੇਕਿਨ ਉਸ ਸਮੇਂ ਦੇ ਪ੍ਰਧਾਨ ਮੰਤਰੀ ਨੇ ਉਸ ਮਾਨਸਿਕਤਾ ਨਾਲ ਕੰਮ ਨਹੀਂ ਕੀਤਾ । ਇਹ ਇਤਿਹਾਸ ਹੈ ਕਿ ਦੋ ਵਾਰੀ ਚੁਨਾਵ ਵੀ ਕਾਂਗਰਸ ਨੇ ਹਰਾਇਆ।

(**ਇਕ ਅਵਾਜ਼ :** ਉਦੋਂ ਪ੍ਰਧਾਨ ਮੰਤਰੀ ਕੌਣ ਸੀ?)

**ਸ਼੍ਰੀ ਮਨੋਰੰਜਨ ਕਾਲੀਆ :** ਪਹਿਲੇ ਪ੍ਰਧਾਨ ਮੰਤਰੀ ** ** ਸਨ।

**ਮਾਨਯੋਗ ਸਪੀਕਰ :** ਨਾਂ ਐਕਸਪੰਜ ਕਰ ਦਿਓ।

**ਸ਼੍ਰੀ ਮਨੋਰੰਜਨ ਕਾਲੀਆ :** ਮਾਨਯੋਗ ਸਪੀਕਰ ਸਾਹਿਬ, ਡਾਕਟਰ ਸ਼ਿਆਮਾ ਪ੍ਰਸਾਦ ਮੁਖਰਜੀ ਨੇ ਵੀ ਅਸਤੀਫਾ ਦੇ ਦਿੱਤਾ ਸੀ। ਉਨ੍ਹਾਂ ਨੇ ਜੰਮੂ ਕਸ਼ਮੀਰ ਲਈ ਕਿਹਾ ਕਿ एक देश में दो प्रधान, दो निशान, दो विधान नहीं चलेंगे। ਡਾਕਟਰ ਅੰਬੇਦਕਰ ਜੀ ਦੇਸ਼ ਦੇ, ਭਾਰਤ ਮਾਂ ਦੇ ਲਾਲ ਸਨ। ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਸਪੀਕਰ ਸਾਹਿਬ, ਜੇਕਰ ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਉਹ ਸਿਰਫ ਦਲਿਤਾਂ ਦੇ ਨੇਤਾ ਸੀ, ਅਜਿਹਾ ਕਹਿ ਕੇ ਅਸੀਂ ਉਨ੍ਹਾਂ ਨੂੰ ਛੋਟਾ ਕਰ ਰਹੇ ਹੁੰਦੇ ਹਾਂ। ਮੈਂ ਉਦਾਹਰਨ ਦੇਣੀ ਚਾਹੁੰਦਾ ਹਾਂ। ਮਹਾਤਮਾ ਗਾਂਧੀ ਜੀ ਨੇ ਦਲਿਤਾਂ ਲਈ ਬਹੁਤ ਕੰਮ ਕੀਤਾ ਹੈ, ਉਨ੍ਹਾਂ ਨੂੰ ਸਮਾਜ ਵਿੱਚ ਜੋੜੀ ਰੱਖਿਆ ਹੈ, ਇਸ ਵਾਸਤੇ ਮਹਾਤਮਾ ਗਾਂਧੀ ਜੀ ਦਾ ਬਹੁਤ ਵੱਡਾ ਯੋਗਦਾਨ ਹੈ। ਮਾਨਯੋਗ ਸਪੀਕਰ ਸਾਹਿਬ, ਸੰਨ 1932 ਵਿੱਚ ਜਦੋਂ ਲੰਡਨ ਵਿੱਚ ਸੈਕਿੰਡ ਰਾਊਂਡ ਟੇਬਲ ਕਾਨਫਰੰਸ ਹੋਈ, ਉਸ ਕਾਨਫਰੰਸ ਵਿੱਚ ਮਹਾਤਮਾ ਗਾਂਧੀ ਜੀ ਨੇ

** Expunged as ordered by the Chair.

[ ਸ਼੍ਰੀ ਮਨੋਰੰਜਨ ਕਾਲੀਆ ]

ਕਿਹਾ ਕਿ ਦਲਿਤਾਂ ਲਈ ਸੈਪਰੇਟ ਇਲੈਕਟੋਰੇਟ ਹੋਣੇ ਚਾਹੀਦੇ ਹਨ। ਤੁਸੀਂ ਦੇਖੋ ਕਿ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਇਸ ਦਾ ਵਿਰੋਧ ਕੀਤਾ ਕਿ ਇਹ ਸਮਾਜ ਨੂੰ ਵੰਡਣ ਦੀ ਗੱਲ ਹੈ। ਸਪੀਕਰ ਸਾਹਿਬ, ਮੇਰੇ ਮਾਨਯੋਗ ਵਿਧਾਇਕ ਮਿੱਤਰ ਸ਼੍ਰੀ ਰਾਜ ਕੁਮਾਰ ਵੇਰਕਾ ਜੀ ਨੇ ਪੂਨਾ ਪੈਕਟ ਦੀ ਗੱਲ ਕੀਤੀ, ਇਹ ਉਸ ਤੋਂ ਬਾਅਦ ਹੋਇਆ ਹੈ। ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਦਲਿਤਾਂ ਲਈ ਸੈਪਰੇਟ ਇਲੈਕਟੋਰੇਟ ਕਾਂਸਟੀਚੁਐਂਸੀਜ਼ ਨਹੀਂ ਹੋਣਗੀਆਂ, ਰਿਜ਼ਰਵੇਸ਼ਨ ਹੋਵੇਗੀ। ਇਸ ਤੋਂ ਪਤਾ ਚਲਦਾ ਹੈ ਕਿ ਉਹ ਰਾਸ਼ਟਰੀ ਨੇਤਾ ਸਨ, ਭਾਰਤ ਮਾਂ ਦੇ ਸਪੂਤ ਸਨ।

ਭਾਸ਼ਾਵਾਂ ਸਾਰੀਆਂ ਅੱਛੀਆਂ ਹਨ ਲੇਕਿਨ ਉਹ ਭਾਰਤ ਦੀ ਰਾਸ਼ਟਰੀ ਭਾਸ਼ਾ ਸੰਸਕ੍ਰਿਤ ਬਣਾਉਣਾ ਚਾਹੁੰਦੇ ਸੀ। ਇਹ ਇਤਿਹਾਸ ਦਾ ਪੰਨਾ ਹੈ ਕਿ ਸੰਸਕ੍ਰਿਤ ਨੂੰ ਰਾਸ਼ਟਰੀ ਭਾਸ਼ਾ ਬਣਾਉਣਾ ਚਾਹੁੰਦੇ ਸੀ।

ਸਪੀਕਰ ਸਾਹਿਬ, ਇਸੇ ਤਰ੍ਹਾਂ ਜਿਹੜਾ ਰਿਜ਼ਰਵੇਸ਼ਨ ਇਨ ਜ਼ਾੱਬਜ਼ ਹੈ, ਉਹ ਇਸ ਦੇ ਹੱਕ ਵਿੱਚ ਨਹੀਂ ਸਨ। ਉਨ੍ਹਾਂ ਦਾ ਰਿਕਾਰਡ ਹੈ, ਉਹ ਕਹਿੰਦੇ ਸੀ ਕਿ ਇਹ ਟੈਂਪਰੇਰੀ ਪੀਰੀਅਡ ਵਾਸਤੇ ਹੈ। ਕੁਝ ਦੇਰ ਇਸ ਨੂੰ ਲਾਗੂ ਕਰੋ ਅਤੇ ਫਿਰ ਰਿਜ਼ਰਵੇਸ਼ਨ ਨਹੀਂ ਹੋਣੀ ਚਾਹੀਦੀ ਕਿਉਂਕਿ ਸਮਾਜ ਇੱਕ ਹੈ। ਸਪੀਕਰ ਸਾਹਿਬ, ਉਹ ਆਰਟੀਕਲ 370 ਦੇ ਵੀ ਵਿਰੁੱਧ ਸੀ ਕਿ ਇਹ ਧਾਰਾ ਸੰਵਿਧਾਨ ਵਿੱਚ ਨਹੀਂ ਹੋਣੀ ਚਾਹੀਦੀ। ਜਿਹੜੀ ਨੈਸ਼ਨਲ ਇੰਪਲਾਇਮੈਂਟ ਐਕਸਚੇਂਜ ਹੈ, ਫਾਈਨਾਂਸ ਕਮਿਸ਼ਨ ਹੈ, ਇਨ੍ਹਾਂ ਸਾਰਿਆਂ ਨੂੰ ਬਣਾਉਣ ਲਈ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਯੋਗਦਾਨ ਹੈ। ਸਵਾਲ ਇਹ ਹੈ ਕਿ ਅਸੀਂ ਉਨ੍ਹਾਂ ਲਈ ਹੰਝੂ ਤਾਂ ਵਹਾਉਂਦੇ ਹਾਂ ਪਰ ਦਿਲੋਂ ਨਹੀਂ ਰੋਂਦੇ।

ਇੱਕ ਵਾਕਿਆ ਬਾਰੇ ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਲ 1967 ਵਿੱਚ ਚੌਧਰੀ ਸੂਰਜ ਭਾਨ ਜੀ ਅੰਬਾਲੇ ਤੋਂ ਮੈਂਬਰ ਪਾਰਲੀਮੈਂਟ ਭਾਰਤੀਯ ਜਨਸੰਘ ਤੋਂ ਬਣ ਕੇ ਗਏ। ਉਨ੍ਹਾਂ ਨੇ ਦੇਖਿਆ ਕਿ ਸੈਂਟਰਲ ਹਾਲ ਵਿੱਚ ਪੰਡਿਤ ਨਹਿਰੂ ਜੀ ਦੀ ਫੋਟੋ ਲੱਗੀ ਹੋਈ ਹੈ ਅਤੇ ਸਾਡੇ ਹੋਰ ਰਾਸ਼ਟਰੀ ਨੇਤਾਵਾਂ ਦੀਆਂ ਫੋਟੋਆਂ ਵੀ ਲੱਗੀਆਂ ਹੋਈਆਂ ਸਨ ਪਰ ਉਨ੍ਹਾਂ ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਫੋਟੋ ਸੈਂਟਰਲ ਹਾਲ ਵਿੱਚ ਨਹੀਂ ਸੀ। ਉਨ੍ਹਾਂ ਨੇ ਪ੍ਰਸ਼ਨ ਕੀਤਾ ਕਿ ਸੈਂਟਰਲ ਹਾਲ ਵਿੱਚ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਪ੍ਰਤੀਮਾ ਲਗਣੀ ਚਾਹੀਦੀ ਹੈ ਅਤੇ ਫੋਟੋ ਲਗਣੀ ਚਾਹੀਦੀ ਹੈ। ਇਹ ਸੰਸਦ ਦਾ ਰਿਕਾਰਡ ਹੈ। ਉਸ ਵਕਤ ਦੇ

ਪ੍ਰਧਾਨ ਮੰਤਰੀ ਵਲੋਂ ਜਵਾਬ ਆਇਆ ਕਿ ਸੈਂਟਰਲ ਹਾਲ ਵਿੱਚ ਜਗ੍ਹਾ ਨਹੀਂ ਹੈ। ਦਰਅਸਲ ਵਿੱਚ ਉਨ੍ਹਾਂ ਦੇ ਦਿਲਾਂ ਵਿੱਚ ਜਗ੍ਹਾ ਨਹੀਂ ਸੀ ਕਿਉਂਕਿ ਉਹ ਉਹੀ ਕੁੜੱਤਣ ਰੱਖਦੇ ਸੀ ਜਦੋਂ 1951 ਵਿੱਚ ਅੰਤਰਿਮ ਗੌਰਮਿੰਟ ਸੀ, ਹਿੰਦੂ ਕੋਡ ਬਿਲ ਵੇਲੇ ਜਦੋਂ ਉਨ੍ਹਾਂ ਨੇ ਰਿਜ਼ਾਈਨ ਕੀਤਾ, ਉਸ ਤੋਂ ਬਾਅਦ ਉਨ੍ਹਾਂ ਨੂੰ ਮਨਾਇਆ ਨਹੀਂ ਗਿਆ। ਮੌਕੇ ਦੀ ਸਰਕਾਰ ਦੁਆਰਾ ਉਹੀ ਮਾਨਸਿਕਤਾ ਨਾਲ ਕੰਮ ਕੀਤਾ ਗਿਆ। ਲੇਕਿਨ ਸਮੇਂ ਨੇ ਕਰਵਟ ਲਈ ਜਦੋਂ ਪਹਿਲੀ ਗੈਰ ਕਾਂਗਰਸੀ ਸਰਕਾਰ ਸੰਨ 1977 ਵਿੱਚ ਬਣੀ। ਜਿਸ ਵਿੱਚ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਯੂਨੀਅਨ ਐਗਰੀਕਲਚਰ ਮਨਿਸਟਰ ਬਣੇ ਸੀ। ਉਸ ਵਕਤ ਜਦੋਂ ਪ੍ਰਧਾਨ ਮੰਤਰੀ ਸ਼੍ਰੀ ਮੋਰਾਰ ਜੀ ਦੇਸਾਈ ਬਣੇ ਤਾਂ ਉਸ ਵਕਤ ਸੈਂਟਰਲ ਹਾਲ ਵਿੱਚ ਡਾਕਟਰ ਸਾਹਿਬ ਦੀ ਫੋਟੋ ਲਗਾਈ ਗਈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ** **

**ਮਾਨਯੋਗ ਸਪੀਕਰ:** ਮੋਫਰ ਜੀ, ਮੈਟਰ ਸੀਰੀਅਸ ਹੈ। Nothing should be recorded without permission.

**ਸ਼੍ਰੀ ਮਨੋਰੰਜਨ ਕਾਲੀਆ:** ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਭਾਰਤ ਰਤਨ ਅਵਾਰਡ ਦਿੱਤਾ ਗਿਆ ਪਰ ਕਦੋਂ ਦਿੱਤਾ ਗਿਆ? ਕਾਂਗਰਸ ਦੀ ਸਰਕਾਰ ਵੇਲੇ ਤਾਂ ਨਹੀਂ ਦਿੱਤਾ ਗਿਆ। ਕਾਂਗਰਸ ਦੀ ਸਰਕਾਰ ਵੇਲੇ ਤਾਂ ਇਹੀ ਹੁੰਦੀ ਸੀ ਕਿ ਇਹ ਅਵਾਰਡ ਮੈਂ ਆਪਣੇ ਨਾਨੇ ਨੂੰ ਦਿਵਾਂ ਦੇਵਾਂ ਜਾਂ ਮੈਂ ਆਪਣੇ ਆਪ ਵਾਸਤੇ ਜ਼ਿੰਦੇ ਜੀਅ ਭਾਰਤ ਰਤਨ ਦਾ ਖਿਤਾਬ ਲੈ ਲਵਾਂ। ਉਸ ਵਕਤ ਦੇ ਪ੍ਰਧਾਨ ਮੰਤਰੀ ਨੇ ਲਿਆ ਵੀ ਹੈ। ਲੇਕਿਨ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਭਾਰਤ ਰਤਨ ਦਾ ਖਿਤਾਬ ਉਨ੍ਹਾਂ ਨੇ ਨਹੀਂ ਦਿੱਤਾ। ਇਹ ਕਦੋਂ ਦਿੱਤਾ ਗਿਆ? ਸਾਲ 1990 ਵਿੱਚ ਜਦੋਂ ਗੈਰ ਕਾਂਗਰਸੀ ਸਰਕਾਰ ਆਈ। ਫਿਰ ਡਾਕਟਰ ਸਾਹਿਬ ਨੂੰ ਭਾਰਤ ਰਤਨ ਦਾ ਖਿਤਾਬ ਦਿੱਤਾ ਗਿਆ। (ਥੰਪਿੰਗ) ਮਾਨਯੋਗ ਸਪੀਕਰ ਸਾਹਿਬ, ਸਵਾਲ ਹੈ ਕਿ ਅਸਲੀ ਪੈਰੋਕਾਰ ਕੌਣ ਹੈ? ਅਸਲੀ ਪੈਰੋਕਾਰ ਉਹ ਨਹੀਂ ਜਿਹੜੇ ਸਿਰਫ ਮਗਰਮੱਛ ਦੇ ਹੰਝੂ ਵਹਾਉਂਦੇ ਹਨ, ਜਿਨ੍ਹਾਂ ਨੇ ਕੀਤਾ ਕੁਝ ਨਹੀਂ। ਉਨ੍ਹਾਂ ਨੇ ਡਾਕਟਰ ਸਾਹਿਬ ਨੂੰ ਜ਼ਿੰਦੇ ਜੀਅ ਮਨਾਉਣ ਦੀ ਕੋਸ਼ਿਸ਼ ਵੀ ਨਹੀਂ ਕੀਤੀ ਕਿ ਤੁਸੀਂ ਕਿਸ ਤਰ੍ਹਾਂ ਇੰਟੈਰਿਮ ਗੌਰਮਿੰਟ ਵਿਚੋਂ ਬਾਹਰ ਜਾ ਸਕਦੇ ਹੋ। ਇਹ ਨਹੀਂ ਕਿਹਾ ਗਿਆ ਕਿ ਤੁਸੀਂ ਸਾਡੇ ਨਾਲ ਕੰਮ ਕਰੋ ਅਤੇ ਅਸੀਂ

** Not recorded as ordered by the Chair.

[ ਸ਼੍ਰੀ ਮਨੋਰੰਜਨ ਕਾਲੀਆ ]

ਤੁਹਾਡੇ ਨਾਲ ਬੈਠਾਂਗੇ, ਬਾਹਰ ਧਰਨਾ ਦੇਵਾਂਗੇ, ਤੁਸੀਂ ਕਿਸ ਤਰ੍ਹਾਂ ਬਾਹਰ ਗਏ ਹੋ। ਡਾਕਟਰ ਸ਼ਿਆਮਾ ਪ੍ਰਸ਼ਾਦ ਮੁਖਰਜੀ ਜੀ ਨੇ ਵੀ ਰਿਜ਼ਾਈਨ ਦਿੱਤਾ ਸੀ, ਉਨ੍ਹਾਂ ਦੀ ਵੀ ਉਸ ਵਕਤ ਦੇ ਪਹਿਲੇ ਪ੍ਰਧਾਨ ਮੰਤਰੀ ਨੇ ਪਰਵਾਹ ਨਹੀਂ ਕੀਤੀ ਸੀ ਔਰ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਵੀ ਪਰਵਾਹ ਨਹੀਂ ਕੀਤੀ ਗਈ। ਉਸ ਵਕਤ ਮਹਾਤਮਾ ਗਾਂਧੀ ਜੀ ਦੀ ਵੀ ਸੁਣੀ ਨਹੀਂ ਗਈ ਸੀ।

ਮਾਨਯੋਗ ਸਪੀਕਰ ਸਾਹਿਬ, ਜਿਸ ਤਰ੍ਹਾਂ ਮਾਨਯੋਗ ਲੀਡਰ ਆਫ ਦਿ ਹਾਊਸ ਨੇ ਜ਼ਿਕਰ ਕੀਤਾ ਕਿ ਅਕਾਲੀ-ਭਾਜਪਾ ਸਰਕਾਰ ਕਈ ਸਕੀਮਾਂ ਦਲਿਤਾਂ ਲਈ ਤੇ ਗਰੀਬਾਂ ਲਈ ਲਿਆ ਰਹੀ ਹੈ ਔਰ ਡਾਕਟਰ ਭੀਮ ਰਾਓ ਅੰਬੇਦਕਰ ਜੀ ਦਾ ਸੁਪਨਾ ਪੂਰਾ ਕਰ ਰਹੇ ਹਾਂ। ਅੱਜ 'ਸਵੱਛ ਭਾਰਤ ਅਭਿਆਨ' ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ ਨੇ ਲਿਆਂਦਾ ਹੈ ਕਿ ਸਿਰ ਤੋਂ ਮੈਲਾ ਢੋਣ ਦਾ ਕੰਮ ਅਸੀਂ ਮੁਕੰਮਲ ਤੌਰ ਤੇ ਖਤਮ ਕਰਨਾ ਹੈ। ਇਸ ਵਾਸਤੇ ਦੋਹਾਂ ਸਾਲਾਂ ਵਿੱਚ ਬਹੁਤ ਕਦਮ ਚੁੱਕੇ ਗਏ ਹਨ। ਆਉਣ ਵਾਲੇ ਪੰਜਾਂ ਸਾਲਾਂ ਦੇ ਸਮੇਂ ਵਿੱਚ ਮੁਕੰਮਲ ਤੌਰ ਤੇ ਭਾਰਤ ਵਿਚ ਕਿਸੇ ਨੂੰ ਵੀ ਮੈਲਾ ਚੁੱਕਣ ਦਾ ਕੰਮ ਨਹੀਂ ਕਰਨ ਦਿੱਤਾ ਜਾਵੇਗਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** (ਬੈਠੇ-ਬੈਠੇ) ਤੁਸੀਂ ਕੇਜਰੀਵਾਲ ਨੂੰ ਝਾੜੂ ਫੜਾ ਦਿੱਤਾ ਹੈ।

**ਮਾਨਯੋਗ ਸਪੀਕਰ:** ਡਿਸਟਰਬ ਨਾ ਕਰੋ। Silence please.

**ਸ਼੍ਰੀ ਮਨੋਰੰਜਨ ਕਾਲੀਆ:** ਚਾਹੇ ਦਲਿਤਾਂ ਲਈ ਆਟਾ-ਦਾਲ ਸਕੀਮ ਹੋਵੇ, ਚਾਹੇ ਬਿਜਲੀ ਮੁਆਫ ਕਰਨ ਦੀ ਗੱਲ ਹੈ, ਜਦੋਂ ਸਾਲ 2002 ਵਿੱਚ ਕਾਂਗਰਸ ਸਰਕਾਰ ਆਈ ਤਾਂ ਸਾਰੀਆਂ ਸਹੂਲਤਾਂ ਬੰਦ ਕਰ ਦਿੱਤੀਆਂ ਗਈਆਂ ਅਤੇ ਆਖਰੀ ਸਾਲ ਵਿੱਚ ਫਿਰ ਦੇਣੀਆਂ ਸ਼ੁਰੂ ਕੀਤੀਆਂ। ਸੋ, ਸਪੀਕਰ ਸਾਹਿਬ, ਅੱਜ ਇਨ੍ਹਾਂ ਤੇ ਭਰੋਸਾ ਨਹੀਂ ਹੈ। ਇਹ ਜਿਹੜੀਆਂ ਗੱਲਾਂ ਕਰਦੇ ਹਨ, ਇਹ ਸਿਰਫ ਮਗਰਮੱਛ ਦੇ ਹੰਝੂ ਹਨ, ਇਨ੍ਹਾਂ ਨੂੰ ਦਿਲੋਂ ਪੀੜਾ ਨਹੀਂ ਹੈ। ਦਿਲੋਂ ਪੀੜਾ ਜੇ ਕਿਸੇ ਨੂੰ ਹੈ ਤਾਂ ਉਹ ਕੇਂਦਰ ਵਿੱਚ ਸਾਡੇ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ ਨੂੰ ਅਤੇ ਪੰਜਾਬ ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੂੰ ਹੈ, ਜੋ ਬਾਬਾ ਸਾਹਿਬ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ। ਸੋ, ਸਪੀਕਰ ਸਾਹਿਬ, ਇਸ ਯੁੱਗ ਪੁਰਸ਼ ਨੂੰ ਮੈਂ ਇਨ੍ਹਾਂ ਸ਼ਬਦਾਂ ਨਾਲ ਸ਼ਰਧਾਂਜਲੀ ਦਿੰਦਾ ਹਾਂ ਕਿ ਇਨ੍ਹਾਂ ਦਾ

ਨਾਮ ਰਹਿੰਦੀ ਦੁਨੀਆ ਤੱਕ ਰਹੇਗਾ।

"ਜਬ ਤੱਕ ਸੂਰਜ ਚਾਂਦ ਰਹੇਗਾ, ਬਾਬਾ ਤੇਰਾ ਨਾਮ ਰਹੇਗਾ।"

ਬਹੁਤ ਬਹੁਤ ਧੰਨਵਾਦ ਜੀ।

**ਮਾਨਯੋਗ ਸਪੀਕਰ:** ਧੰਨਵਾਦ ਜੀ, ਹਾਂ ਜੀ ਬੀਬੀ ਜਗੀਰ ਕੌਰ ਜੀ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਦੇ ਦਿਓ।

**ਮਾਨਯੋਗ ਸਪੀਕਰ:** ਟਾਈਮ ਵਧਾ ਦਿੱਤਾ ਹੈ, ਜਦੋਂ ਤੱਕ ਇਹ ਬਿਜ਼ਨਸ ਖਤਮ ਨਹੀਂ ਹੁੰਦਾ। ਤੁਹਾਡੇ ਵਾਸਤੇ ਹੀ ਕੀਤਾ ਹੈ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਤੁਸੀਂ ਪੁਆਇੰਟ ਆਫ ਆਰਡਰ ਤੇ ਬੋਲਣ ਨਹੀਂ ਦਿੰਦੇ।

**ਮਾਨਯੋਗ ਸਪੀਕਰ :** ਪੁਆਇੰਟ ਆਫ ਆਰਡਰ ਤੇ ਕੀ ਬੋਲਣਾ ਹੈ?

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਸਪੀਕਰ ਸਾਹਿਬ, ਬਾਦਲ ਸਾਹਿਬ, ਸਾਡੇ ਬਾਰੇ ਕਿੰਨਾ ਕੁਝ ਕਹਿ ਗਏ, ਸਾਨੂੰ ਕੁਝ ਤਾਂ ਬੋਲਣ ਦਿਓ।

**ਮਾਨਯੋਗ ਸਪੀਕਰ:** ਮੈਂ ਕਿਹਾ ਜੀ, ਇਸ ਤੋਂ ਬਾਅਦ ਤੁਹਾਡੇ ਮੈਂਬਰ ਦੀ ਵਾਰੀ ਹੈ। ਉਨ੍ਹਾਂ ਦੀ ਬਜਾਏ ਤੁਸੀਂ ਬੋਲ ਲੈਣਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਸਪੀਕਰ ਸਾਹਿਬ, ਮੈਂ ਉਨ੍ਹਾਂ ਦੀ ਜਗ੍ਹਾ ਤੇ ਕਿਉਂ ਬੋਲਾਂ, ਮੈਂ ਆਪਣੀ ਕਪੈਸਟੀ ਵਿੱਚ ਬੋਲਣਾ ਹੈ।

**ਮਾਨਯੋਗ ਸਪੀਕਰ :** ਮੈਂ ਚਾਹੁੰਦਾ ਹਾਂ ਕਿ ਡਾਕਟਰ ਸਾਹਿਬ ਬਾਰੇ ਤੁਸੀਂ ਵੀ ਬੋਲੋ। ਮੈਂ ਟਾਈਮ ਜ਼ਰੂਰ ਦਿਆਂਗਾ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਧੰਨਵਾਦ ਜੀ।

**ਬੀਬੀ ਜਗੀਰ ਕੌਰ (ਭੁਲੱਥ) :** ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਮਹਾਨ ਸ਼ਖ਼ਸੀਅਤ ਦੇ ਜੀਵਨ ਦੇ ਸਬੰਧ ਵਿਚ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਪੰਜਾਬ ਦੇ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਦਾ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਭਾਰਤ ਸਰਕਾਰ ਦੀ ਸਹਾਇਤਾ ਨਾਲ ਵੀ ਅਤੇ ਆਪਣੀਆਂ ਰੀਝਾਂ ਨੂੰ ਪੂਰੀਆਂ ਕਰਨ ਵਾਸਤੇ ਅਤੇ ਡਾਕਟਰ ਅੰਬੇਦਕਰ ਜੀ ਨੂੰ ਨਮਸਕਾਰ ਕਰਨ ਵਾਸਤੇ ਉਨ੍ਹਾਂ ਦੇ ਜੀਵਨ ਨੂੰ ਲੋਕਾਂ

[ ਬੀਬੀ ਜਗੀਰ ਕੌਰ ]

ਵਿਚ ਸਹੀ ਰੂਪ ਵਿਚ ਪੇਸ਼ ਕਰਨ ਵਾਸਤੇ ਬਹੁਤ ਵੱਡੇ ਸਮਾਗਮ ਉਲੀਕੇ ਹਨ। ਸਭ ਤੋਂ ਪਹਿਲਾਂ ਮੈਂ ਦੱਸਣਾ ਚਾਹੁੰਦੀ ਹਾਂ ਕਿ ਯੂਨੀਵਰਸਿਟੀਆਂ ਵਿਚ ਬਹੁਤ ਵਧੀਆ ਕਾਨਫਰੰਸਾਂ ਡਾਕਟਰ ਸਾਹਿਬ ਸਬੰਧੀ ਹੋ ਰਹੀਆਂ ਹਨ। ਲੋਕਾਂ ਵਿਚ ਉਨ੍ਹਾਂ ਦੇ ਜੀਵਨ ਦੇ ਸਬੰਧ ਵਿਚ ਬਹੁਤ ਵੱਡੀਆਂ ਕਹਾਣੀਆਂ ਚਰਚਾ ਵਿੱਚ ਹਨ। ਡਾਕਟਰ ਅੰਬੇਦਕਰ ਜੀ ਦੀ ਜੀਵਨ ਕਹਾਣੀ ਸਦੀਆਂ ਤੋਂ ਦੱਬੇ-ਕੁਚਲੇ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਕੇ ਦੇਸ਼ ਉਸਾਰੀ ਵਿੱਚ ਉਨ੍ਹਾਂ ਦੇ ਸਕਾਰਾਤਮਕ ਯੋਗਦਾਨ ਨੂੰ ਹਾਸਲ ਕਰਨਾ ਹੀ ਹੈ। ਉਨ੍ਹਾਂ ਦਾ ਜਨਮ 14 ਅਪ੍ਰੈਲ, 1891 ਨੂੰ ਮਹਾਰਾਸ਼ਟਰ ਦੇ ਛੋਟੇ ਜਿਹੇ ਪਿੰਡ ਵਿੱਚ ਹੋਇਆ। ਉਨ੍ਹਾਂ ਦਾ ਜੀਵਨ ਬੜਾ ਸੰਘਰਸ਼ਮਈ ਰਿਹਾ ਹੈ। ਜਦੋਂ ਉਨ੍ਹਾਂ ਨੇ ਆਪਣੀ ਪੜ੍ਹਾਈ ਸ਼ੁਰੂ ਕੀਤੀ, ਉਸ ਵੇਲੇ ਵਿੱਚ ਦੱਬੇ-ਕੁਚਲੇ ਲੋਕਾਂ ਨੂੰ ਬਹੁਤ ਅਛੂਤ ਸਮਝ ਕੇ ਜਾਣਿਆ ਜਾਂਦਾ ਸੀ। ਇਥੋਂ ਤੱਕ ਕਿ ਸਕੂਲਾਂ ਵਿੱਚ ਪਾਣੀ ਪੀਣ ਦਾ ਪ੍ਰਬੰਧ ਦੂਜੇ ਲੋਕਾਂ ਲਈ ਵੱਖ ਅਤੇ ਦੱਬੇ-ਕੁਚਲੇ ਲੋਕਾਂ ਲਈ ਵੱਖ ਕੀਤਾ ਜਾਂਦਾ ਸੀ। ਜਦੋਂ ਕਿਤੇ ਘੜੇ ਵੱਖ ਰੱਖੇ ਹੁੰਦੇ ਸੀ ਤਾਂ ਬੜਾ ਦੁੱਖ ਲਗਦਾ ਸੀ। ਇਹ ਬੜੀ ਦਰਦਨਾਕ ਕਹਾਣੀ ਹੈ। ਪਹਿਲਾਂ ਉਹ ਲੋਕ ਪਾਣੀ ਪੀਂਦੇ ਸਨ ਜਿਹੜੇ ਅਛੂਤ ਅਤੇ ਦੱਬੇ-ਕੁਚਲੇ ਨਹੀਂ ਸਮਝੇ ਜਾਂਦੇ ਸਨ। ਜਦੋਂ ਦੱਬੇ-ਕੁਚਲੇ ਅਤੇ ਅਛੂਤ ਲੋਕਾਂ ਨੂੰ ਪਾਣੀ ਪਿਆਉਣ ਦਾ ਸਮਾਂ ਆਉਂਦਾ ਸੀ ਤਾਂ ਉਨ੍ਹਾਂ ਤੋਂ ਉਪਰ ਕਰਕੇ ਉਨ੍ਹਾਂ ਦੀ ਬੁੱਕ ਵਿੱਚ ਪਾਣੀ ਪਾਇਆ ਜਾਂਦਾ ਸੀ। ਉਹ ਘੜੇ ਨੂੰ ਹੱਥ ਨਹੀਂ ਲਗਾ ਸਕਦੇ ਸਨ। ਇਸ ਤਰ੍ਹਾਂ ਦਾ ਸਮਾਂ ਸੀ ਕਿ ਘੜੇ ਵਿਚੋਂ ਆਪ ਪਾਣੀ ਭਰ ਕੇ ਪੀਣਾ, ਇਹ ਉਨ੍ਹਾਂ ਵਾਸਤੇ ਇੱਕ ਮਨਾਹੀ ਸੀ। ਅਜਿਹੇ ਔਖੇ ਸਮਿਆਂ ਦੇ ਵਿਚੋਂ ਵੱਡੇ ਰੁਤਬੇ ਨੂੰ ਹਾਸਲ ਕਰਨਾ ਵੀ ਇੱਕ ਵੱਖਰੀ ਗੱਲ ਸੀ, ਬਹੁਤੀ ਵੱਡੀ ਵਿਦਿਆ ਪ੍ਰਾਪਤ ਕਰਨੀ ਵੀ ਬਹੁਤ ਔਖੀ ਸੀ। ਉਨ੍ਹਾਂ ਨੇ ਵੱਡੀਆਂ ਵੱਡੀਆਂ ਡਿਗਰੀਆਂ ਜਿਵੇਂ ਕਿ ਪੀ.ਐਚ.ਡੀ, ਡੀ.ਐਸ.ਸੀ, ਐਲ.ਐਲ.ਡੀ, ਡੀ.ਲਿਟ ਅਤੇ ਬਾਰ ਐਟ ਲਾਅ ਵਰਗੀਆਂ ਡਿਗਰੀਆਂ ਜਿਹੜੀਆਂ ਸਨ, ਉਹ ਯੂਰੋਪ ਅਤੇ ਅਮਰੀਕਾ ਜਾ ਕੇ ਪ੍ਰਾਪਤ ਕੀਤੀਆਂ। ਉਨ੍ਹਾਂ ਦੇ ਜੀਵਨ ਦੀ ਕਹਾਣੀ ਅਤੇ ਇੰਨੀ ਵੱਡੀ ਐਜੂਕੇਸ਼ਨ ਦੱਸਦੀ ਹੈ ਕਿ ਉਹ ਕਿੰਨੇ ਦੂਰਅੰਦੇਸ਼ੀ ਸਨ, ਕਿੰਨੇ ਵਿਦਵਾਨ ਸਨ, ਉਨ੍ਹਾਂ ਵਿੱਚ ਕਿੰਨੀ ਰੁਚੀ ਸੀ ਕਿ ਉਹ ਸਮਾਜ ਨੂੰ ਬਦਲ ਕੇ ਰੱਖ ਦੇਣ। ਉਨ੍ਹਾਂ ਦੇ ਜੀਵਨ ਵਿੱਚ ਇਹੋ ਜਿਹੀਆਂ ਜਿਹੜੀਆਂ ਭੇਦ-ਭਾਵ ਵਾਲੀਆਂ ਘਟਨਾਵਾਂ ਵਾਪਰੀਆਂ ਹਨ, ਉਨ੍ਹਾਂ ਘਟਨਾਵਾਂ ਨੇ ਉਨ੍ਹਾਂ ਦੇ ਦਿਮਾਗ ਅਤੇ ਵਿਚਾਰਧਾਰਾ ਉਪਰ ਇੰਨਾ ਗਹਿਰਾ ਪ੍ਰਭਾਵ ਪਾਇਆ ਕਿ ਉਨ੍ਹਾਂ ਨੇ ਪ੍ਰਣ ਕੀਤਾ ਕਿ ਮੈਂ ਇਹੋ ਜਿਹੀਆਂ ਸਮਾਜਕ ਬੁਰਾਈਆਂ ਨੂੰ ਜੜ੍ਹਾਂ ਤੋਂ ਖਤਮ ਕਰ ਦਿਆਂਗਾ। ਉਹ ਗਰੀਬ ਅਤੇ ਦੱਬੇ-ਕੁਚਲੇ

ਲੋਕਾਂ ਦੇ ਅਨੋਖੇ ਡਾਕਟਰ ਸਨ, ਜਿਨ੍ਹਾਂ ਨੇ ਭਾਰਤੀ ਸਮਾਜ ਦਾ ਵਿਸ਼ਲੇਸ਼ਣ ਹੀ ਨਹੀਂ ਕੀਤਾ ਸਗੋਂ ਰੋਗੀ ਸਮਾਜ ਦਾ ਢੁੱਕਵਾਂ ਇਲਾਜ ਲੱਭ ਕੇ ਉਨ੍ਹਾਂ ਨੇ ਦਵਾ-ਦਾਰੂ ਵੀ ਕੀਤੀ। ਉਨ੍ਹਾਂ ਨੇ ਜਦੋਂ ਸੰਵਿਧਾਨ ਉਲੀਕਿਆ, ਉਦੋਂ ਉਨ੍ਹਾਂ ਨੇ ਇਸੇ ਕਰਕੇ ਰਿਜ਼ਰਵੇਸ਼ਨ ਵੀ ਕੀਤੀ ਕਿ ਇਨ੍ਹਾਂ ਲੋਕਾਂ ਨੂੰ ਸੁਖਾਵੀਂ ਜ਼ਿੰਦਗੀ ਮਿਲੇ, ਚੰਗਾ ਜੀਵਨ ਮਿਲੇ, ਇਨ੍ਹਾਂ ਲੋਕਾਂ ਨੂੰ ਬਰਾਬਰੀ ਦਾ ਅਧਿਕਾਰ ਮਿਲੇ ਤੇ ਉਨ੍ਹਾਂ ਲੋਕਾਂ ਨੂੰ ਚੰਗਾ ਜੀਵਨ ਜਿਊਣ ਦੀ ਜਾਂਚ ਵੀ ਮਿਲੇ। ਬਾਬਾ ਸਾਹਿਬ ਦੀ ਸੋਚ ਅਤੇ ਉਨ੍ਹਾਂ ਦੇ ਯਤਨਾਂ ਸਦਕਾ ਹੀ ਸਾਰੇ ਭੇਦ-ਭਾਵ ਦੂਰ ਕਰਨ ਦੇ ਦਰਵਾਜ਼ੇ ਉਨ੍ਹਾਂ ਨੇ ਸੰਵਿਧਾਨ ਵਿੱਚ ਖੋਲ੍ਹੇ। ਆਮ ਤੌਰ ਤੇ ਮੈਂ ਜੋ ਸੁਣਦੀ ਹਾਂ, ਅਸੀਂ ਹਮੇਸ਼ਾਂ ਸਟੇਜ ਉੱਤੇ ਸੁਣਦੇ ਆ ਰਹੇ ਹਾਂ ਕਿ ਉਹ ਐਸ.ਸੀ. ਵਰਗ ਦੇ ਮਸੀਹੇ ਸਨ। ਜਦੋਂ ਮੈਂ ਉਨ੍ਹਾਂ ਦੇ ਇਤਿਹਾਸ ਨੂੰ ਪੜ੍ਹਿਆ, ਮੈਨੂੰ ਇਸ ਗੱਲ ਦਾ ਅਫ਼ਸੋਸ ਹੋਇਆ ਕਿ ਇਹ ਗੱਲ ਕਹਿਣੀ ਉਨ੍ਹਾਂ ਦੇ ਵਾਸਤੇ ਬੇਇਨਸਾਫੀ ਹੈ ਅਤੇ ਉਨ੍ਹਾਂ ਦੇ ਕੱਦ ਨੂੰ ਬਹੁਤ ਛੋਟਾ ਕਰਨਾ ਹੈ। ਉਨ੍ਹਾਂ ਨੇ ਇਕੱਲਾ ਦਲਿਤਾਂ ਵਾਸਤੇ ਹੀ ਨਹੀਂ ਸਗੋਂ ਦੱਬੇ-ਕੁੱਚਲੇ ਲੋਕਾਂ ਵਾਸਤੇ ਵੀ, ਚਾਹੇ ਔਰਤ ਵਰਗ ਸੀ ਜਾਂ ਕੋਈ ਵੀ ਹੋਰ ਕੋਈ ਪਛੜਿਆ ਵਰਗ ਸੀ ਜਿਸ ਨੂੰ ਸਮਾਜਿਕ ਬੁਰਾਈਆਂ ਦਾ ਸਾਹਮਣਾ ਕਰਨਾ ਪੈਂਦਾ ਸੀ, ਉਨ੍ਹਾਂ ਵਰਗਾਂ ਵਾਸਤੇ ਵੀ ਉਹ ਲੜੇ । ਜਿਸ ਕਾਰਨ ਉਹ ਆਧੁਨਿਕ ਯੁੱਗ ਦੇ ਮਸੀਹਾ ਮੰਨੇ ਜਾਣ ਲੱਗੇ। ਬਹੁਤ ਘੱਟ ਲੋਕ ਇਸ ਗੱਲ ਦਾ ਅਹਿਸਾਸ ਕਰਦੇ ਹਨ ਕਿ ਉਨ੍ਹਾਂ ਨੇ ਦੱਬੇ-ਕੁੱਚਲੇ ਲੋਕਾਂ ਵਾਸਤੇ ਅਤੇ ਖਾਸ ਕਰਕੇ ਔਰਤਾਂ ਵਾਸਤੇ ਕੀ ਕੁਝ ਕੀਤਾ ਹੈ।

ਮੈਂ ਇਸ ਦੇ ਵਿੱਚ ਜ਼ਿਕਰ ਕਰਾਂਗੀ ਕਿ ਔਰਤਾਂ ਦੀ ਇੰਪਾਵਰਮੈਂਟ ਦੀ ਗੱਲ ਤਾਂ ਸਾਰੇ ਕਰਦੇ ਹਨ ਪਰ ਜੋ ਅਧਿਕਾਰ ਉਨ੍ਹਾਂ ਨੇ ਦੇਣ ਦੀ ਗੱਲ ਕੀਤੀ, ਸ਼ਾਇਦ ਔਰਤਾਂ ਲਈ ਅੱਜ 25% ਜਾਂ 33% ਰਾਖਵਾਂਕਰਨ ਪੰਚਾਇਤੀ ਰਾਜ ਵਿੱਚ ਜਾਂ ਸ਼ਹਿਰੀ ਰਾਜ ਵਿੱਚ ਨਾ ਹੁੰਦਾ ਜੇਕਰ ਉਸ ਵੇਲੇ ਉਹ ਇਸ ਵਾਸਤੇ ਮਤੇ ਨਾ ਲੈ ਕੇ ਆਉਂਦੇ। ਇਹ ਰਾਖਵਾਂਕਰਨ ਉਨ੍ਹਾਂ ਦੇ ਕਰਕੇ ਲਾਗੂ ਹੋਇਆ ਹੈ। ਜਿਸ ਵੇਲੇ ਉਹ ਕਾਨੂੰਨ ਮੰਤਰੀ ਬਣੇ, ਉਹ ਹਿੰਦੂ ਕੋਡ ਬਿਲ ਲੈ ਕੇ ਆਏ ਤਾਂ ਉਨ੍ਹਾਂ ਨੂੰ ਇਹ ਸਾਹਮਣਾ ਕਰਨਾ ਪਿਆ ਕਿ ਸਾਰੀ ਜਿਹੜੀ ਪਾਰਲੀਮੈਂਟ ਸੀ, ਉਸ ਵਿਚੋਂ ਬਹੁਤੇ ਲੋਕਾਂ ਨੇ ਉਨ੍ਹਾਂ ਦੇ ਖਿਲਾਫ ਵੋਟ ਪਾਈ। ਇਹ ਇੱਕ ਬੜੀ ਤਰਸ ਵਾਲੀ ਗੱਲ ਹੈ ਕਿ ਔਰਤ ਜਾਤੀ ਹੀ ਉਸ ਵੇਲੇ ਆਪਣੇ ਅਧਿਕਾਰ ਤੋਂ ਨਾ ਜਾਗੀ, ਉਸ ਵੇਲੇ ਬਹੁਤੀਆਂ ਔਰਤਾਂ ਨੇ ਵੀ ਉਸ ਬਿਲ ਦੇ ਖਿਲਾਫ ਵੋਟ ਪਾਈ। ਉਨ੍ਹਾਂ ਦਾ ਮਨ ਔਰਤ ਵਰਗ ਨਾਲ ਹੁੰਦੀ ਬੇਇਨਸਾਫੀ ਲਈ ਵੀ ਦੁਖਿਆ। ਅੱਜ ਕੋਈ ਸਰਪੰਚੀ, ਪੰਚੀ, ਚੇਅਰਮੈਨ ਅਤੇ ਐਮ.ਐਲ.ਏ ਦੀ ਸੀਟ ਨਹੀਂ ਛੱਡ ਸਕਦਾ।

[ ਬੀਬੀ ਜਗੀਰ ਕੌਰ ]

ਲੇਕਿਨ ਡਾਕਟਰ ਅੰਬੇਦਕਰ ਜੀ ਨੇ ਉਦੋਂ ਕਾਨੂੰਨ ਮੰਤਰੀ ਜੀ ਦੀ ਕੁਰਸੀ ਛੱਡ ਦਿੱਤੀ ਸੀ ਕਿ ਜੇ ਦੱਬੇ-ਕੁਚਲਿਆਂ ਦੇ ਅਧਿਕਾਰਾਂ ਨੂੰ ਇਸ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ ਤਾਂ ਮੈਂ ਇਸ ਸਰਕਾਰ ਵਿੱਚ ਕਾਨੂੰਨ ਮੰਤਰੀ ਦੀ ਕੁਰਸੀ ਤੇ ਨਹੀਂ ਰਹਾਂਗਾ। ਜਦੋਂ ਸਾਲ 1942 ਤੋਂ 1946 ਤੱਕ ਉਹ ਵਾਇਸਰਾਏ ਕੌਂਸਲ ਦੇ ਵਿੱਚ ਕਿਰਤ ਮੰਤਰੀ ਬਣੇ, ਉਨ੍ਹਾਂ ਨੇ ਉਸ ਸਮੇਂ ਕਿਰਤੀਆਂ, ਵਿਸ਼ੇਸ਼ ਕਰਕੇ ਔਰਤਾਂ ਦੇ ਹੱਕ ਵਿੱਚ ਕੰਮ ਕੀਤੇ ਅਤੇ ਕਾਨੂੰਨ ਬਣਾਏ, ਉਨ੍ਹਾਂ ਨੇ ਬਹੁਤ ਸੁਧਾਰ ਕੀਤਾ। ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਅੰਬੇਦਕਰ ਜੀ ਨੇ ਬਹੁਤ ਨੇੜੇ ਤੋਂ ਦੇਖਿਆ ਹੋਇਆ ਸੀ ਅਤੇ ਉਨ੍ਹਾਂ ਦੀਆਂ ਝੁੱਗੀਆਂ-ਝੌਂਪੜੀਆਂ ਵਿੱਚ ਉਹ ਬਹੁਤਾ ਸਮਾਂ ਰਹੇ। ਉਨ੍ਹਾਂ ਨੇ ਇਹ ਸਭ ਹੰਢਾਇਆ ਵੀ ਸੀ। ਉਸ ਵੇਲੇ ਬਸਤੀਆਂ ਦੀ ਜੋ ਹਾਲਤ ਸੀ, ਉਸ ਨੂੰ ਦੇਖਦਿਆਂ ਹੋਇਆਂ, ਉਨ੍ਹਾਂ ਨੂੰ ਗਿਆਨ ਸੀ ਕਿ ਅਰਥ-ਸ਼ਾਸਤਰ ਦੀ ਕਿਸ ਤਰ੍ਹਾਂ ਵਰਤੋਂ ਕੀਤੀ ਜਾਣੀ ਹੈ। ਇਸ ਕਰਕੇ ਉਨ੍ਹਾਂ ਨੇ ਭਾਰਤੀ ਮਜ਼ਦੂਰਾਂ ਲਈ ਕਾਨੂੰਨ ਬਣਾਏ। ਜਿਵੇਂ ਕਿ ਹੁਣੇ ਸੀ.ਐਮ. ਸਾਹਿਬ ਕਹਿ ਕੇ ਗਏ ਹਨ ਕਿ ਉਨ੍ਹਾਂ ਨੇ ਮਜ਼ਦੂਰੀ ਦਾ ਸਮਾਂ ਜਿਹੜਾ ਕਿ ਪਹਿਲਾਂ 10 ਘੰਟੇ ਦਾ ਸੀ, ਉਸ ਨੂੰ ਘਟਾ ਕੇ 8 ਘੰਟੇ ਦਾ ਕੀਤਾ। ਇਸ ਦੇ ਨਾਲ ਜਿਹੜੀ ਔਰਤ ਸੀ, ਉਸ ਦੀ ਜ਼ਿੰਦਗੀ ਨੂੰ ਦੇਖਿਆ ਕਿ ਜੇਕਰ ਉਹ 10 ਘੰਟੇ ਦੀ ਜਗ੍ਹਾ 8 ਘੰਟੇ ਕੰਮ ਕਰੇਗੀ ਤਾਂ ਉਹ ਘਰ ਜਾ ਕੇ ਆਪਣੇ ਬੱਚੇ ਦੇਖ ਸਕਦੀ ਹੈ। ਉਹ ਆਪਣਾ ਘਰ ਦੇਖ ਸਕਦੀ ਹੈ, ਇਸ ਨਾਲ ਔਰਤ ਵਰਗ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ। ਉਨ੍ਹਾਂ ਨੇ ਇਹ ਵੀ ਦੇਖਿਆ ਕਿ ਜਿਹੜੇ ਮਜ਼ਦੂਰ ਅਤੇ ਕਿਰਤੀ ਚਾਹ ਦੇ ਬਾਗਾਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਕਰਨ ਦੀ ਲੋੜ ਹੈ, ਉਨ੍ਹਾਂ ਸਾਰਿਆਂ ਦੀਆਂ ਮੁਸ਼ਕਲਾਂ ਨੂੰ ਸਮਝ ਕੇ ਸਾਰੇ ਜ਼ਰੂਰੀ ਸੁਧਾਰ ਕੀਤੇ ਹਨ। ਔਰਤ ਨੂੰ ਜਣੇਪਾ ਛੁੱਟੀ ਜਿਹੜੀ ਕਿ ਅੱਜ ਵੀ ਚੱਲਦੀ ਆ ਰਹੀ ਹੈ, ਇਹ ਵੀ ਉਸ ਵੇਲੇ ਦੇ ਕਿਰਤ ਮੰਤਰੀ ਦੇ ਤੌਰ ਤੇ ਡਾਕਟਰ ਅੰਬੇਦਕਰ ਜੀ ਨੇ ਪਾਸ ਕੀਤੀ ਅਤੇ ਇਸ ਵਾਸਤੇ ਕਾਨੂੰਨ ਬਣਾਇਆ।

ਸਪੀਕਰ ਸਾਹਿਬ, 29 ਅਗਸਤ, 1947 ਨੂੰ ਭਾਰਤ ਦਾ ਸੰਵਿਧਾਨ ਤਿਆਰ ਹੋਇਆ। ਉਸ ਸੰਵਿਧਾਨ ਦਾ ਜਿਹੜਾ ਖਰੜਾ ਬਣਨਾ ਸੀ, ਉਸ ਕਮੇਟੀ ਦੇ ਉਹ ਚੇਅਰਮੈਨ ਬਣੇ ਜੋ ਕਿ 4 ਨਵੰਬਰ, 1947 ਨੂੰ ਪੇਸ਼ ਕੀਤਾ ਗਿਆ ਤੇ 26 ਨਵੰਬਰ, 1947 ਨੂੰ ਸੰਵਿਧਾਨ ਸਭਾ ਨੇ ਇਸ ਨੂੰ ਮਨਜ਼ੂਰ ਕੀਤਾ। ਇਸ ਸੰਵਿਧਾਨ ਵਿੱਚ ਦਲਿਤਾਂ ਦੇ ਨਾਲ-ਨਾਲ, ਵਿਤਕਰੇ ਦੇ ਸ਼ਿਕਾਰ ਅਤੇ ਸਮੁੱਚੀ ਇਸਤਰੀ ਜਾਤੀ ਦਾ ਵੀ ਖਿਆਲ ਰੱਖਿਆ ਗਿਆ ਸੀ। ਉਨ੍ਹਾਂ ਨੇ ਦਿਖਾ ਦਿੱਤਾ ਕਿ ਉਹ ਕੇਵਲ ਦਲਿਤਾਂ ਦੇ ਹੀ ਨਹੀਂ ਸਗੋਂ ਦੱਬੇ-ਕੁਚਲੇ ਲੋਕਾਂ, ਭਾਵੇਂ ਕੋਈ

ਔਰਤ ਹੈ ਜਾਂ ਕੋਈ ਵੀ ਵਰਗ ਹੈ, ਉਨ੍ਹਾਂ ਲੋਕਾਂ ਦੇ ਉਹ ਮਸੀਹਾ ਹਨ। ਸੰਨ 1947 ਨੂੰ ਦੇਸ਼ ਆਜ਼ਾਦ ਹੋ ਗਿਆ, ਉਹ ਕਾਨੂੰਨ ਮੰਤਰੀ ਬਣੇ, ਹਿੰਦੂ ਕੋਡ ਬਿੱਲ ਲਿਆਉਣ ਕਰਕੇ ਉਨ੍ਹਾਂ ਨੂੰ ਕਾਨੂੰਨ ਮੰਤਰੀ ਦੇ ਤੌਰ ਤੇ ਅਸਤੀਫਾ ਵੀ ਦੇਣਾ ਪਿਆ। ਮੈਂ ਸਮਝਦੀ ਹਾਂ ਕਿ ਅੱਜ ਅਸੀਂ ਗੱਲ ਕਰਦੇ ਹਾਂ ਕਿ ਦੇਸ਼ ਨੇ ਉਨ੍ਹਾਂ ਦੇ ਸੁਪਨੇ ਪੂਰੇ ਕਰਨ ਲਈ ਬਹੁਤ ਕੁਝ ਕੀਤਾ ਹੈ। ਮੈਂ ਔਰਤਾਂ ਦੀ ਗੱਲ ਜ਼ਰੂਰ ਕਰਨੀ ਚਾਹੁੰਦੀ ਹਾਂ ਕਿ ਅੱਜ ਦੀ ਜਿਹੜੀ ਔਰਤ ਹੈ, ਡਾਕਟਰ ਅੰਬੇਦਕਰ ਸਾਹਿਬ ਦੇ ਜਨਮ ਨੂੰ 125 ਸਾਲ ਹੋ ਗਏ ਹਨ, ਅਸੀਂ ਉਨ੍ਹਾਂ ਦੀ 125ਵੀਂ ਜਨਮ ਵਰ੍ਹੇਗੰਢ ਮਨਾ ਰਹੇ ਹਾਂ। ਅੱਜ ਵੀ ਔਰਤ ਦਾ ਜੀਵਨ ਕਿੱਥੇ ਖੜ੍ਹਾ ਹੈ? ਜੇ ਅੱਜ ਅਸੀਂ ਸਾਲ 2011 ਦੇ ਅੰਕੜੇ ਦੇਖੀਏ ਤਾਂ ਦੇਸ਼ ਦੀਆਂ 40 ਕਰੋੜ ਔਰਤਾਂ ਜਿਹੜੀਆਂ ਪਿੰਡਾਂ ਵਿੱਚ ਕੰਮ ਕਰਦੀਆਂ ਹਨ, ਉਨ੍ਹਾਂ ਵਿੱਚੋਂ 60 ਪ੍ਰਤੀਸ਼ਤ ਔਰਤਾਂ ਖੇਤੀਬਾੜੀ ਦਾ ਕੰਮ ਕਰਦੀਆਂ ਹਨ। ਉਨ੍ਹਾਂ ਦਾ ਸੁਪਨਾ ਸੀ ਕਿ ਦੇਸ਼ ਦੀ ਹਰ ਔਰਤ ਸਮਾਜਕ ਬਰਾਬਰੀ ਲਵੇ, ਉਸ ਦੇ ਅਧਿਕਾਰ ਬਰਾਬਰ ਹੋਣ, ਉਸ ਨੂੰ ਵੋਟ ਪਾਉਣ ਦਾ ਅਧਿਕਾਰ ਹੋਵੇ, ਉਸ ਨੂੰ ਬਰਾਬਰ ਦੀ ਮਜ਼ਦੂਰੀ ਮਿਲੇ ਪਰ ਬੜਾ ਅਫ਼ਸੋਸ ਹੈ ਕਿ ਦੇਸ਼ ਦੀ 9 ਪ੍ਰਤੀਸ਼ਤ ਔਰਤ ਹੀ ਹੈ, ਜਿਨ੍ਹਾਂ ਦੇ ਨਾਂ ਤੇ ਅੱਜ ਦੇ ਸਮੇਂ ਵਿੱਚ ਜ਼ਮੀਨ ਹੈ। ਕੀ ਅਸੀਂ ਇਹ ਡਾਕਟਰ ਅੰਬੇਦਕਰ ਜੀ ਦੇ ਸੁਪਨੇ ਪੂਰੇ ਕਰ ਰਹੇ ਹਾਂ? ਕਾਂਗਰਸ ਸਰਕਾਰ ਵੀ ਬੜਾ ਲੰਬਾ ਸਮਾਂ ਰਹੀ ਹੈ। ਕਮ-ਜ਼-ਕਮ ਇਹ ਜਿਹੜੀਆਂ ਗਿਰਾਵਟਾਂ ਆਈਆਂ ਹਨ, ਇਨ੍ਹਾਂ ਦਾ ਕੀ ਕਾਰਨ ਸੀ? ਹਾਲੇ ਤੱਕ ਇੰਨੀਆਂ ਔਰਤਾਂ ਗੈਰ-ਜ਼ਮੀਨੀ ਅਤੇ ਗੈਰ-ਮਾਲਕ ਹੀ ਹਨ। ਜਦੋਂ ਕਿ ਇਨ੍ਹਾਂ ਵਿੱਚੋਂ ਅੱਧੀਆਂ ਔਰਤਾਂ ਖੇਤਾਂ ਵਿੱਚ ਕੰਮ ਕਰਦੀਆਂ ਹਨ ਅਤੇ ਉਹ ਬਿਨਾਂ ਤਨਖਾਹ ਤੋਂ ਕੰਮ ਕਰਦੀਆਂ ਹਨ। ਉਨ੍ਹਾਂ ਦੀ ਤਨਖਾਹ ਵੀ ਇਕਨਾਮੀਕਲ ਨਹੀਂ ਗਿਣੀ ਜਾਂਦੀ। ਔਰਤ ਨੂੰ ਮਰਦ ਦੇ ਮੁਕਾਬਲੇ 75 ਪ੍ਰਤੀਸ਼ਤ ਤਨਖਾਹ ਦਿੱਤੀ ਜਾਂਦੀ ਹੈ। ਇਨ੍ਹਾਂ ਵਿੱਚ ਫਿਰ ਐਸ.ਸੀ. ਬੀ.ਸੀ. ਦੀ ਗੱਲ ਆਉਂਦੀ ਹੈ। ਜੇਕਰ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਔਰਤਾਂ ਵਿਚੋਂ 80 ਪ੍ਰਤੀਸ਼ਤ ਔਰਤਾਂ ਐਸ.ਸੀ. ਬੀ.ਸੀ. ਹਨ, ਜਿਹੜੀਆਂ ਖੇਤਾਂ ਵਿੱਚ ਕੰਮ ਕਰਦੀਆਂ ਹਨ। ਜੇਕਰ ਖੇਤਾਂ ਵਿੱਚ ਕੰਮ ਕਰਦੀਆਂ 80 ਪ੍ਰਤੀਸ਼ਤ ਔਰਤਾਂ ਕੇਵਲ ਕੰਮ ਕਰਕੇ ਹੀ ਰੋਟੀ ਖਾਂਦੀਆਂ ਹਨ, ਉਨ੍ਹਾਂ ਨੂੰ ਦਿਹਾੜੀ ਵੀ ਇੱਕ ਰੁਪਏ ਵਿੱਚੋਂ 75 ਪੈਸੇ ਮਿਲੇ ਤਾਂ ਉਨ੍ਹਾਂ ਨੂੰ ਬਰਾਬਰੀ ਦਾ ਅਧਿਕਾਰ ਕਿੱਥੇ ਹੈ? ਕੀ ਅੱਜ ਤੱਕ ਕਿਸੇ ਸਰਕਾਰ ਨੇ ਬਰਾਬਰੀ ਦਾ ਅਧਿਕਾਰ ਲਾਗੂ ਕੀਤਾ ਹੈ? ਸਾਲ 2011 ਦੇ ਨੈਸ਼ਨਲ ਸਰਵੇ ਅਨੁਸਾਰ 9.3% ਔਰਤਾਂ ਸ਼ਹਿਰਾਂ ਵਿੱਚ ਅਤੇ 2.2% ਔਰਤਾਂ ਪੇਂਡੂ ਖੇਤਰ ਵਿੱਚ ਸਰਕਾਰੀ ਨੌਕਰੀ/ਪੱਕੀ ਤਨਖਾਹ

[ ਬੀਬੀ ਜਗੀਰ ਕੌਰ ]

ਤੇ ਕੰਮ ਕਰ ਰਹੀਆਂ ਹਨ। ਇਸ ਤੋਂ ਇਲਾਵਾ ਸ਼ਹਿਰਾਂ ਵਿੱਚ 9% ਔਰਤਾਂ ਅਤੇ ਪਿੰਡਾਂ ਵਿੱਚ 22% ਔਰਤਾਂ ਆਪਣੇ ਕਾਰੋਬਾਰ ਕਰਦੀਆਂ ਹਨ, ਆਪਣਾ ਕੰਮ ਕਰਦੀਆਂ ਹਨ। ਅੱਜ ਔਰਤ ਦੀ ਇਕਾਨਾਮਿਕ ਸਥਿਤੀ ਕਿੰਨੀ ਪੱਛੜੀ ਹੋਈ ਹੈ ਤੇ ਡਾਕਟਰ ਅੰਬੇਦਕਰ ਜੀ ਦਾ ਸੁਪਨਾ ਤਾਂ ਹੀ ਪੂਰਾ ਹੋ ਸਕੇਗਾ ਜੇ ਅਸੀਂ ਸਿੰਸੀਅਰਲੀ ਕੰਮ ਕਰਾਂਗੇ ਤੇ ਡਾਕਟਰ ਅੰਬੇਦਕਰ ਜੀ ਨੇ ਦੱਬੇ-ਕੁਚਲੇ ਲੋਕਾਂ ਨੂੰ, ਔਰਤਾਂ ਨੂੰ ਸਮਾਜ ਵਿੱਚ ਉੱਚਾ ਚੁੱਕਣ ਵਾਸਤੇ ਜੋ ਸਾਨੂੰ ਆਦੇਸ਼ ਦਿੱਤੇ ਹਨ, ਜੋ ਦਿਸ਼ਾ-ਨਿਰਦੇਸ਼ ਦਿੱਤੇ ਹਨ, ਉਨ੍ਹਾਂ ਨੂੰ ਲਾਗੂ ਕਰਾਂਗੇ। ਹੁਣ ਪਿੰਡਾਂ ਵਿੱਚ 62% ਔਰਤਾਂ ਕੋਲ ਅਤੇ ਸ਼ਹਿਰਾਂ ਵਿੱਚ 78% ਔਰਤਾਂ ਕੋਲ ਘਰੇਲੂ ਕੰਮ ਤੋਂ ਇਲਾਵਾ ਹੋਰ ਕੋਈ ਆਰਥਿਕ ਕੰਮ ਨਹੀਂ ਹੈ। ਤੁਸੀਂ ਦੇਖੋ ਕਿ ਇਕਨਾਮੀਕਲੀ ਅੱਜ ਔਰਤ ਦੀ ਸਥਿਤੀ ਕਿੱਥੇ ਖੜ੍ਹੀ ਹੈ ? ਤੁਸੀਂ ਦੇਖੋ ਕਿ ਅੱਜ 33% ਔਰਤਾਂ ਮੈਂਬਰ ਪੰਚਾਇਤ, ਸਰਪੰਚ ਤੇ ਪੰਚ ਬਣ ਗਈਆਂ ਹਨ ਤੇ ਜੇ ਪਾਰਲੀਮੈਂਟ ਵਿੱਚ ਦੇਖੀਏ ਤਾਂ ਅੱਜ ਔਰਤਾਂ ਦਾ 11-12% ਹਿੱਸਾ ਹੈ। ਅਸੀਂ ਕਹਿੰਦੇ ਹਾਂ ਕਿ ਇਸਤਰੀ ਪੁਲਾੜ ਵਿੱਚ ਪਹੁੰਚ ਗਈ ਹੈ, ਹਵਾਈ ਜਹਾਜ਼ ਵਿੱਚ ਘੁੰਮ ਰਹੀ ਹੈ, ਐਜੂਕੇਸ਼ਨ ਵਿੱਚ ਵੀ ਔਰਤ ਕਿਤੇ ਜ਼ਿਆਦਾ ਅੱਗੇ ਵੱਧ ਗਈ ਹੈ। ਸਕੂਲਾਂ-ਕਾਲਜਾਂ ਵਿੱਚ ਔਰਤਾਂ ਬਹੁਤ ਅੱਗੇ ਪਹੁੰਚ ਚੁੱਕੀਆਂ ਹਨ। ਡਾਕਟਰ ਅੰਬੇਦਕਰ ਜੀ ਦਾ ਇਹੀ ਸੁਪਨਾ ਸੀ। ਜੇ ਕਿਸੇ ਨੂੰ ਪੋਲੀਓ ਹੋਵੇ ਜਾਂ ਅਧਰੰਗ ਹੋਵੇ ਤਾਂ ਮਨੁੱਖ ਕੰਮ ਨਹੀਂ ਕਰ ਸਕਦਾ ਤੇ ਜਿਹੜੇ ਸਮਾਜ ਦਾ ਅੱਧਾ ਹਿੱਸਾ ਔਰਤਾਂ ਹਨ ਤੇ ਜੇ ਸਮਾਜ ਦਾ ਇਹ 50% ਹਿੱਸਾ ਅਪੰਗ ਹੋ ਜਾਵੇ ਭਾਵ ਜੇ ਔਰਤਾਂ ਜੋ ਕਿ ਸਮਾਜ ਦਾ ਅੱਧਾ ਹਿੱਸਾ ਹਨ, ਅਪੰਗ ਹੋ ਜਾਵੇਗਾ ਤਾਂ ਦੱਸੋ ਫਿਰ ਸਮਾਜ ਕਿਵੇਂ ਚੱਲ ਸਕਦਾ ਹੈ?

ਸਪੀਕਰ ਸਾਹਿਬ, ਮੈਂ ਡਾਕਟਰ ਅੰਬੇਦਕਰ ਜੀ ਦੀ ਜੀਵਨ ਦੀ ਕਹਾਣੀ ਨੂੰ ਇਨ੍ਹਾਂ ਸ਼ਬਦਾਂ ਨਾਲ ਖਤਮ ਨਹੀਂ ਕਰ ਸਕਦੀ ਕਿ ਉਨ੍ਹਾਂ ਨੇ ਕੇਵਲ ਔਰਤਾਂ ਲਈ ਕੰਮ ਕੀਤਾ। ਸਾਨੂੰ ਬਹੁਤ ਕੁਝ ਸੋਚਣਾ ਪਵੇਗਾ ਕਿ ਉਨ੍ਹਾਂ ਨੇ ਸਾਡੇ ਵਾਸਤੇ ਕੀ-ਕੀ ਕੰਮ ਕੀਤੇ, ਸਾਨੂੰ ਕੀ ਦਿਸ਼ਾ ਨਿਰਦੇਸ਼ ਦਿੱਤੇ। ਮੈਂ ਅੱਜ ਇਸ ਸਟੇਜ ਤੋਂ ਸਾਰੀਆਂ ਪਾਰਟੀਆਂ ਨੂੰ ਅਪੀਲ ਕਰਾਂਗੀ, ਮੈਂ ਅੱਜ ਔਰਤਾਂ ਵਿੱਚ ਬਹੁਤ ਵਿਚਰ ਰਹੀ ਹਾਂ, ਮੈਨੂੰ ਔਰਤਾਂ ਦੀ ਜ਼ਿੰਦਗੀ ਵੇਖਣ ਨੂੰ ਮਿਲੀ ਹੈ ਤੇ ਘਰ-ਘਰ ਦੀ ਕਹਾਣੀ ਸੁਣਨ ਨੂੰ ਮਿਲਦੀ ਹੈ। ਮੈਂ ਪਿੰਡਾਂ ਵਿੱਚ ਘੁੰਮਦੀ ਹਾਂ, ਸ਼ਹਿਰਾਂ ਵਿੱਚ ਘੁੰਮਦੀ ਹਾਂ ਤੇ ਮੈਂ ਦੇਖਿਆ ਹੈ ਕਿ ਅੱਜ ਜਿੰਨੀ ਔਰਤ ਜਾਗਰੂਕ ਹੈ ਤੇ ਉਹ ਨਿਸ਼ਕਾਮ ਹੋ ਕੇ ਸੇਵਾ ਕਰਨੀ ਚਾਹੁੰਦੀ ਹੈ। ਮੈਂ ਸਮਝਦੀ ਹਾਂ ਕਿ ਔਰਤਾਂ ਨੇ ਭਾਵੇਂ ਡਾਕਟਰ ਅੰਬੇਦਕਰ ਜੀ ਦਾ ਸੁਪਨਾ ਪੂਰਾ ਕਰਨ ਦੇ ਯਤਨ ਕੀਤੇ ਹਨ ਪਰ ਸਮਾਜ ਵੱਲੋਂ ਪੁਲੀਟੀਕਲ ਪਾਰਟੀਆਂ ਵੱਲੋਂ ਅੱਜ ਵੀ ਔਰਤਾਂ ਨਾਲ ਵਿਤਕਰਾ

ਕੀਤਾ ਜਾਂਦਾ ਹੈ। ਮੈਂ ਸਾਰੀਆਂ ਪਾਰਟੀਆਂ ਨੂੰ ਭਾਵੇਂ ਉਹ ਕਾਂਗਰਸ ਹੈ, ਬੀ.ਜੇ.ਪੀ. ਹੈ, ਭਾਵੇਂ ਅਕਾਲੀ ਦਲ ਹੈ, ਮੈਂ ਸਾਰਿਆਂ ਨੂੰ ਅਪੀਲ ਕਰਾਂਗੀ ਕਿ ਜੇ ਔਰਤ ਜਾਗਰੂਕ ਹੋਵੇਗੀ ਅਤੇ ਪੜ੍ਹ-ਲਿਖ ਜਾਵੇਗੀ ਤਾਂ ਹੀ ਦੇਸ਼ ਤਰੱਕੀ ਕਰੇਗਾ। ਜੇ ਔਰਤ ਨਾਲ ਵਿਤਕਰਾ ਬੰਦ ਕਰਾਂਗੇ, ਔਰਤ ਅਜ਼ਾਦ ਹੋਵੇਗੀ ਅਤੇ ਉਸ ਨੂੰ ਹਰ ਪੱਖ ਤੋਂ ਉੱਚਾ ਚੁੱਕਣ ਦੀ ਕੋਸ਼ਿਸ਼ ਕਰਾਂਗੇ ਤਾਂ ਹੀ ਦੇਸ਼ ਤਰੱਕੀ ਕਰੇਗਾ। ਜੇ ਦੇਸ਼ ਦਾ ਅੱਧਾ ਹਿੱਸਾ ਡੈੱਡ ਹੋਵੇ ਤਾਂ ਦੇਸ਼ ਕਦੇ ਤਰੱਕੀ ਨਹੀਂ ਕਰ ਸਕਦਾ। ਮੈਂ ਸਾਰੀਆਂ ਪਾਰਟੀਆਂ ਤੋਂ ਅੱਜ ਮੰਗ ਵੀ ਕਰਾਂਗੀ ਤੇ ਪੁਰਜ਼ੋਰ ਅਪੀਲ ਵੀ ਕਰਾਂਗੀ ਕਿ ਔਰਤ ਨੂੰ ਬਰਾਬਰੀ ਦਾ ਅਧਿਕਾਰ ਦੇ ਕੇ ਉਨ੍ਹਾਂ ਦਾ ਮਾਣ-ਸਤਿਕਾਰ ਕਰੋ ਤਾਂ ਜੋ ਡਾਕਟਰ ਅੰਬੇਦਕਰ ਜੀ ਦਾ ਸੁਪਨਾ ਤੇ ਸੰਵਿਧਾਨ ਦੇ ਅਧਿਕਾਰਾਂ ਨੂੰ ਅਸੀਂ ਪੂਰਾ ਕਰ ਸਕੀਏ। ਸਪੀਕਰ ਸਾਹਿਬ, ਸੋ, ਬਹੁਤਾ ਕੁਝ ਨਾ ਕਹਿੰਦੀ ਹੋਈ ਮੈਂ ਤੁਹਾਡਾ ਧੰਨਵਾਦ ਕਰਦੀ ਹਾਂ ਤੇ ਉਨ੍ਹਾਂ ਨੂੰ 125ਵੇਂ ਜਨਮ ਦਿਹਾੜੇ ਤੇ ਸਤਿਕਾਰ ਭੇਂਟ ਕਰਦੀ ਹਾਂ।

(ਇਸ ਸਮੇਂ ਸਰਦਾਰ ਬਲਵਿੰਦਰ ਸਿੰਘ ਬੈਂਸ, ਅਜ਼ਾਦ ਮੈਂਬਰ ਸਦਨ ਵਿੱਚ ਦਾਖਲ ਹੋਏ। )

**ਮਾਨਯੋਗ ਸਪੀਕਰ:** ਜਸਟਿਸ ਨਿਰਮਲ ਸਿੰਘ।

**ਜਸਟਿਸ ਨਿਰਮਲ ਸਿੰਘ (ਬਸੀ ਪਠਾਣਾ, ਐਸ.ਸੀ.):** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਆਪ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਬੀ.ਆਰ. ਅੰਬੇਦਕਰ ਦੇ 125ਵੀਂ ਜਨਮ ਵਰ੍ਹੇ ਗੰਢ ਤੇ ਇਸ ਅਸੈਂਬਲੀ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ । ਇਸੇ ਕਾਰਨ ਉਨ੍ਹਾਂ ਦੀ ਫਿਲਾਸਫੀ ਤੇ ਬੋਲਣ ਦਾ ਮੈਨੂੰ ਮੌਕਾ ਮਿਲਿਆ ਹੈ। ਬਾਬਾ ਸਾਹਿਬ ਦੀ ਅਸਲੀ ਫਿਲਾਸਫੀ ਸੀ- Equality, Liberty and Fraternity. ਸਮਾਨਤਾ, ਅਜ਼ਾਦੀ ਅਤੇ ਸਹੀ ਮਾਅਨਿਆਂ ਵਿੱਚ ਭਾਈਚਾਰਕ ਸਾਂਝ। ਉਹ Equality, Liberty and Fraternity ਦੇ ਮਸੀਹਾ ਸਨ। ਉਨ੍ਹਾਂ ਦਾ ਜਨਮ 14 ਅਪ੍ਰੈਲ, 1891 ਨੂੰ ਮੱਧ ਪ੍ਰਦੇਸ਼ ਵਿੱਚ ਇੱਕ ਸੂਬੇਦਾਰ ਦੇ ਘਰ ਹੋਇਆ । ਉਸ ਸਮੇਂ ਜਿਸ ਸ਼੍ਰੇਣੀ ਵਿੱਚ ਉਨ੍ਹਾਂ ਦਾ ਜਨਮ ਹੋਇਆ, ਉਹ ਹਿੰਦੂਆਂ ਵਿੱਚ ਮਾਹਰ ਜਾਤੀ ਹੈ, ਜੋ ਮਹਾਂਰਾਸ਼ਟਰ ਵਿੱਚ ਸਭ ਤੋਂ ਨੀਵੀਂ ਜਾਤੀ ਗਿਣੀ ਜਾਂਦੀ ਹੈ, ਉਸ ਕਾਸਟ ਵਿੱਚ ਡਾਕਟਰ ਸਾਹਿਬ ਦਾ ਜਨਮ ਹੋਇਆ। ਜਨਮ ਤੋਂ ਬਾਅਦ ਉਹ ਸਕੂਲ ਗਏ ਤੇ ਉਥੇ ਵੀ ਸਕੂਲ ਵਿੱਚ ਉਨ੍ਹਾਂ ਨਾਲ ਹਰ ਤਰ੍ਹਾਂ ਦਾ ਡਿਸਕਰੀਮੀਨੇਸ਼ਨ ਕੀਤਾ

[ ਜਸਟਿਸ ਨਿਰਮਲ ਸਿੰਘ ]

ਗਿਆ । ਜਿਵੇਂ ਸੈਪਰੇਟ ਬਿਠਾਉਣਾ, ਟੀਚਰ ਨੇ ਉਨ੍ਹਾਂ ਨੂੰ ਸੈਪਰੇਟ ਰੱਖਣਾ, ਦੂਰ ਰੱਖਣਾ ਤੇ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਉਨ੍ਹਾਂ ਦੇ ਮਨ ਤੇ ਇੱਕ imprint ਸੀ । ਪਰੰਤੂ ਉਨ੍ਹਾਂ ਦੀ ਆਪਣੀ ਲਿਆਕਤ ਸੀ ਤੇ ਆਪਣੀ ਲਿਆਕਤ ਨਾਲ ਉਨ੍ਹਾਂ ਨੇ ਬੰਬੇ ਦੇ ਇੱਕ ਬਹੁਤ ਹੀ ਪ੍ਰੈਸਟਿਜੀਅਸ ਕਾਲਜ ਤੋਂ ਗਰੈਜੂਏਸ਼ਨ ਕੀਤੀ ਤੇ ਨਾਲ ਹੀ, after doing graduation from Bombay University he received Masters and Ph.D. Degree from the prestigious University of Columbia in America and M.Sc and D.Sc Degree from the reputed and prestigious London University, London. Besides this, he obtained Bar-at-Law degree from Gray's Inn, Great Britain. Although he had specialized in Economics and law, he also studied history, anthropology, sociology, physiology, psychology and political science and developed the interdisciplinary perspective for a proper understanding and analysis of the dalits in India. ਇਹ ਠੀਕ ਹੈ ਕਿ ਉਨ੍ਹਾਂ ਨੂੰ ਅੱਜ ਵੀ ਦਲਿਤਾਂ ਦਾ ਮਸੀਹਾ ਕਿਹਾ ਜਾਂਦਾ ਹੈ । ਉਨ੍ਹਾਂ ਨੇ ਦਲਿਤ ਸਮਾਜ ਲਈ ਬਹੁਤ ਕੰਮ ਕੀਤਾ । ਜਿਨ੍ਹਾਂ ਤੋਂ ਉਨ੍ਹਾਂ ਨੇ ਪ੍ਰੇਰਨਾ ਲਈ, ਜਿੰਨਾ ਉਨ੍ਹਾਂ ਨੇ ਉਸ ਸਮੇਂ ਦਾ ਲਿਟਰੇਚਰ ਪੜ੍ਹਿਆ ਤੇ ਇਸ ਸਮਾਜ ਵਿੱਚ ਉਨ੍ਹਾਂ ਨੂੰ ਉੱਚਾ ਚੁੱਕਣ ਲਈ ਪੂਰੀ ਪੂਰੀ ਕੋਸ਼ਿਸ਼ ਕੀਤੀ । ਜ਼ਿੰਦਗੀ ਦਾ ਉਨ੍ਹਾਂ ਦਾ ਇੱਕੋ ਮਿਸ਼ਨ ਸੀ ਕਿ ਸਾਰੇ ਸਮਾਜ ਵਿੱਚ ਜਿੰਨੇ ਪ੍ਰਾਣੀ ਹਨ, ਉਨ੍ਹਾਂ ਨੂੰ equality ਮਿਲੇ, ਬਰਾਬਰਤਾ ਦਾ ਹੱਕ ਮਿਲੇ । ਉਸੇ ਅਧੀਨ ਡਾਕਟਰ ਸਾਹਿਬ ਨੇ ਆਪਣੀ ਜ਼ਿੰਦਗੀ ਦੀ ਸ਼ੁਰੂਆਤ ਪੁਲੀਟੀਕਲ ਲੀਡਰ ਦੇ ਤੌਰ ਤੇ ਕੀਤੀ । ਉਨ੍ਹਾਂ ਨੇ ਲੇਬਰ ਪਾਰਟੀ ਬਣਾਈ। ਫਿਰ ਉਨ੍ਹਾਂ ਨੂੰ ਫਸਟ ਰਾਊਂਡ ਟੇਬਲ ਕਾਨਫਰੰਸ ਵਿੱਚ ਸੱਦਾ ਮਿਲਿਆ । ਉਨ੍ਹਾਂ ਨੇ ਫਸਟ ਰਾਊਂਡ ਟੇਬਲ ਕਾਨਫਰੰਸ ਵਿੱਚ ਆਪਣੀਆਂ ਪਰਪੋਜ਼ਲਾਂ ਰੱਖੀਆਂ । ਮਹਾਤਮਾ ਗਾਂਧੀ ਜੀ ਨੇ ਉਨ੍ਹਾਂ ਦੀ ਬੜੀ ਪਰੇਜ਼ ਕੀਤੀ ਕਿ ਇਸ ਤੋਂ ਵੱਡਾ ਸਿਆਣਾ ਤੇ ਇੰਟਲੈਕਚੂਅਲ ਕੋਈ ਨਹੀਂ ਹੋ ਸਕਦਾ । ਮਹਾਤਮਾ ਗਾਂਧੀ ਜੀ ਨੇ ਫਸਟ ਰਾਊਂਡ ਟੇਬਲ ਕਾਨਫਰੰਸ ਵਿੱਚ ਪਾਰਟੀਸੀਪੇਟ ਨਹੀਂ ਕੀਤਾ ਤੇ ਨਾ ਹੀ ਤੀਜੀ ਕਾਨਫਰੰਸ ਵਿੱਚ ਪਾਰਟੀਸੀਪੇਟ ਕੀਤਾ । ਪਰ ਜਿਹੜੀ ਸੈਕਿੰਡ ਰਾਊਂਡ ਟੇਬਲ ਕਾਨਫਰੰਸ ਹੋਈ, ਉਸ ਵਿੱਚ ਮਹਾਤਮਾ ਗਾਂਧੀ ਜੀ ਨੇ ਪਾਰਟੀਸੀਪੇਟ ਕੀਤਾ ਸੀ ।

ਡਾਕਟਰ ਸਾਹਿਬ ਨੇ ਅੰਗਰੇਜ਼ਾਂ ਨੂੰ ਸੈਪਰੇਟ ਇਲੈਕਟੋਰੇਟ ਲਈ ਮਨਾ ਲਿਆ ਸੀ। ਮਹਾਤਮਾ ਗਾਂਧੀ ਜੀ ਨੇ ਇਸ ਪਰਪੋਜ਼ਲ ਨੂੰ ਅਪੋਜ਼ ਕਰਨ ਵਾਸਤੇ ਰਾਊਂਡ ਟੇਬਲ ਕਾਨਫਰੰਸ ਦਾ ਬਾਈਕਾਟ ਕਰ ਦਿੱਤਾ ਅਤੇ ਇੰਗਲੈਂਡ ਛੱਡ ਕੇ ਇੰਡੀਆ ਆ ਗਏ ਤੇ ਪੂਨਾ ਵਿਖੇ ਮਰਨ ਵਰਤ ਰੱਖ ਲਿਆ । ਡਾਕਟਰ ਸਾਹਿਬ ਤੇ ਬੜਾ ਪ੍ਰੈਸ਼ਰ ਪਿਆ । ਜਦੋਂ ਉਨ੍ਹਾਂ ਤੇ ਪ੍ਰੈਸ਼ਰ ਪਾਇਆ ਗਿਆ ਤਾਂ ਡਾਕਟਰ ਸਾਹਿਬ ਨੇ ਨੈਤਿਕ ਤੌਰ ਤੇ ਨਹੀਂ ਪਰੰਤੂ ਉਨ੍ਹਾਂ ਦੇ ਦਿਲ ਵਿੱਚ ਇਹ ਗੱਲ ਸੀ ਕਿ ਜੇ ਇਹ ਗੱਲ ਨਾ ਮੰਨੀ ਤਾਂ ਮੇਰਾ ਸਮਾਜ, ਜਿਹੜਾ ਬਿਖਰਿਆ ਹੋਇਆ ਹੈ, ਇਸ ਦਾ ਜਾਨੀ ਤੇ ਮਾਲੀ ਨੁਕਸਾਨ ਜ਼ਰੂਰ ਹੋਵੇਗਾ । ਇਸ ਦੇ ਤਹਿਤ ਹੀ ਪੂਨਾ ਪੈਕਟ ਦੀ ਗੱਲ ਹੋਈ ਹੈ । 1935 ਵਿੱਚ ਪੂਨਾ ਪੈਕਟ ਮਹਾਤਮਾ ਗਾਂਧੀ ਜੀ ਤੇ ਡਾਕਟਰ ਭੀਮ ਰਾਓ ਅੰਬੇਦਕਰ ਜੀ ਦੇ ਦਰਮਿਆਨ ਹੋਇਆ । ਭਾਵੇਂ ਇਹ ਦੋ ਸਮਾਜਾਂ ਦੀ ਗੱਲ ਕਹਿ ਲਈਏ ਤਾਂ ਉਸ ਪੈਕਟ ਦੇ ਅਧੀਨ ਡਾਕਟਰ ਸਾਹਿਬ ਨੂੰ, ਇਸ ਸਮਾਜ ਨੂੰ ਸੈਂਟਰਲ ਅਸੰਬਲੀ, ਸਟੇਟ ਅਸੰਬਲੀ, ਐਜੂਕੇਸ਼ਨਲ ਇੰਸਟੀਚਿਊਸ਼ਨਜ਼, ਸਰਵਿਸਿਜ਼ ਵਿੱਚ ਰਿਜ਼ਰਵੇਸ਼ਨ ਤਾਂ ਮਿਲ ਗਈ ਪ੍ਰੰਤੂ ਰਾਈਟ ਆਫ ਗਵਰਨੈਂਸ ਇਸ ਸਮਾਜ ਨੇ ਖੋਹ ਲਿਆ। ਜੋ ਅਸੀਂ ਡਾਕਟਰ ਸਾਹਿਬ ਦੀਆਂ ਲਿਖਤਾਂ ਪੜ੍ਹਦੇ ਹਾਂ, ਉਨ੍ਹਾਂ ਦੀ ਇੱਕ ਹੱਥ ਲਿਖਤ ਹੈ। ਉਸ ਨੂੰ ਪੜ੍ਹੀਏ ਤਾਂ ਉਹ ਕਹਿੰਦੇ ਹਨ ਕਿ Puna Pact is the greatest blunder of my life. ਉਨ੍ਹਾਂ ਨੇ ਪੂਨਾ ਪੈਕਟ ਨੂੰ ਆਪਣੀ ਜ਼ਿੰਦਗੀ ਦੀ ਸਭ ਤੋਂ ਵੱਡੀ ਭੁੱਲ ਮੰਨਿਆ ਹੈ। ਉਸ ਦੇ ਅਧੀਨ ਹੀ ਉਨ੍ਹਾਂ ਨੇ ਸੰਵਿਧਾਨ ਬਣਾਇਆ। ਇਥੇ ਪਹਿਲਾਂ ਮੇਰੇ ਬਰਦਰਜ਼ ਨੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਡਾਕਟਰ ਸਾਹਿਬ ਨੂੰ ਸੰਵਿਧਾਨ ਬਣਾਉਣ ਲਈ ਪੇਸ਼ਕਸ਼ ਕੀਤੀ ਗਈ ਸੀ। ਕਾਂਗਰਸ ਪਾਰਟੀ ਦੇ ਉਸ ਟਾਈਮ ਦੇ ਪ੍ਰਧਾਨ ਮੰਤਰੀ ਅਤੇ ਹੋਮ ਮਨਿਸਟਰ, ਪੰਡਤ ਜਵਾਹਰ ਲਾਲ ਨਹਿਰੂ ਜੀ ਅਤੇ ਪਟੇਲ ਜੀ ਚਾਹੁੰਦੇ ਸੀ ਕਿ ਇੱਕ ਯੂਰਪੀਅਨ ਕੋਲੋਂ ਕਾਂਸਟੀਚਿਊਸ਼ਨ ਡਰਾਫਟ ਕਰਵਾਇਆ ਜਾਵੇ ਪ੍ਰੰਤੂ ਮਹਾਤਮਾ ਜੀ ਤੇ ਡਾਕਟਰ ਸਾਹਿਬ ਭਾਵੇਂ ਇੱਕ ਦੂਜੇ ਦੇ ਵਿਰੋਧੀ ਸਨ, ਉਨ੍ਹਾਂ ਦਾ ਵਿਰੋਧ ਕਈ ਗੱਲਾਂ ਤੋਂ ਸੀ। ਉਨ੍ਹਾਂ ਦੀ ਆਪਸੀ ਸੋਚ ਦਾ ਫਰਕ ਸੀ ਪ੍ਰੰਤੂ ਡਰਾਫਟਿੰਗ ਕਮੇਟੀ ਵਿੱਚ ਗਾਂਧੀ ਜੀ ਦੀ ਇੰਟਰਵੈਨਸ਼ਨ ਸੀ ਅਤੇ ਡਾਕਟਰ ਸਾਹਿਬ ਨੂੰ ਮਨਾਇਆ ਗਿਆ ਕਿ ਤੁਸੀਂ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਬਣੋ। ਉਨ੍ਹਾਂ ਦਾ ਵਿਰੋਧ ਅਨਟਚੇਬਿਲਟੀ (untouchability) ਤੇ ਸੀ। ਮਹਾਤਮਾ ਗਾਂਧੀ ਜੀ ਚਾਹੁੰਦੇ ਸੀ ਕਿ ਹਿੰਦੁਸਤਾਨ ਵਿਚੋਂ ਅਨਟਚੇਬਿਲਟੀ ਖਤਮ ਹੋ ਜਾਵੇ। ਡਾਕਟਰ ਸਾਹਿਬ ਚਾਹੁੰਦੇ ਸੀ ਕਿ ਜਦੋਂ ਤੱਕ ਕਾਸਟਲੈੱਸ

[ ਜਸਟਿਸ ਨਿਰਮਲ ਸਿੰਘ ]

ਸੁਸਾਇਟੀ ਨਹੀਂ ਹੁੰਦੀ, ਤੁਸੀਂ ਉਦੋਂ ਤੱਕ ਅਨਟਚੇਬਿਲਟੀ ਖਤਮ ਨਹੀਂ ਕਰ ਸਕਦੇ।

*3.02 ਵਜੇ ਬਾਅਦ ਦੁਪਹਿਰ। (*ਇਸ ਸਮੇਂ ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਡਾਕਟਰ ਸਾਹਿਬ ਨੇ ਸੰਵਿਧਾਨ ਡਰਾਫਟ ਕੀਤਾ, ਕਾਂਸਟੀਚਿਊਂਸਟ ਅਸੰਬਲੀ ਨੇ ਉਸ ਦੀ ਇੱਕ ਇੱਕ ਕਲਾਜ਼ ਅਪਰੂਵ ਕੀਤੀ। ਉਸ ਦੇ ਵਿੱਚ ਅਨਟਚੇਬਿਲਟੀ ਇੱਕ offence ਬਣਾਇਆ ਗਿਆ ਪ੍ਰੰਤੂ ਬੜੇ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ 70 ਸਾਲ ਹੋ ਗਏ ਹਨ, ਅਨਟਚੇਬਿਲਟੀ ਨਾ ਤਾਂ ਪਹਿਲਾਂ ਖਤਮ ਹੋਈ ਹੈ ਅਤੇ ਨਾ ਹੁਣ ਖਤਮ ਹੋਈ ਹੈ। ਅਸੀਂ ਖੁਸ਼ਕਿਸਮਤ ਹਾਂ ਕਿ ਅਸੀਂ ਪੰਜਾਬ ਵਿੱਚ ਪੈਦਾ ਹੋਏ ਹਾਂ। ਪੰਜਾਬ ਗੁਰੂਆਂ ਦੀ ਧਰਤੀ ਹੈ। ਇਸ ਧਰਤੀ ਵਿੱਚ ਗੁਰੂਆਂ ਦਾ ਅਸਰ ਹੈ। ਇਥੇ ਕਾਸਟਿਜ਼ਿਮ ਦਾ ਅਸਰ ਬਹੁਤ ਘੱਟ ਹੈ। ਇਕੱਲਾ ਘੱਟ ਹੀ ਨਹੀਂ, ਸਗੋਂ ਕਾਸਟਿਜ਼ਿਮ ਦਾ ਅਸਰ ਇੱਥੇ ਬਿਲਕੁਲ ਹੀ ਨਹੀਂ ਹੈ। ਇਥੇ ਡਿਸਕ੍ਰਿਮੀਨੇਸ਼ਨ ਜ਼ਰੂਰ ਹੈ ਪਰ ਗੁਰੂਆਂ ਦੀ ਮਿਹਰਬਾਨੀ ਕਰਕੇ ਇਥੇ ਕਾਸਟਿਜ਼ਿਮ ਨਹੀਂ ਹੈ।

ਸਭਾਪਤੀ ਸਾਹਿਬ, ਮੇਰੇ ਕੋਲ ਕੁਝ ਅੰਕੜੇ ਹਨ। ਪਿੱਛੇ ਜਿਹੇ ਹੀ ਇਹ ਅਖਬਾਰਾਂ ਵਿੱਚ ਪਬਲਿਸ਼ ਹੋਏ ਹਨ, ਉਸ ਦੇ ਵਿੱਚ ਦੱਸਿਆ ਗਿਆ ਹੈ ਕਿ ਕਈ ਸਟੇਟਾਂ ਦੇ ਵਿੱਚ ਅੱਜ ਵੀ ਬੱਚੇ ਕਲਾਸਾਂ ਵਿੱਚ ਕਾਸਟਵਾਈਜ਼ ਬੈਠਦੇ ਹਨ। ਆਪਣੇ ਪੰਜਾਬ ਵਿੱਚ ਜਾਂ ਹਰਿਆਣੇ ਵਿੱਚ ਤਾਂ ਇਹੋ ਜਿਹੀ ਕੋਈ ਗੱਲ ਨਹੀਂ ਵਾਪਰੀ। ਪਰ ਦੂਜੀਆਂ ਕੁਝ ਸਟੇਟਾਂ ਵਿੱਚ ਬੱਚਿਆਂ ਨੂੰ ਅਲਫਾਬੈਟੀਕਲੀ ਨਹੀਂ ਬਿਠਾਉਂਦੇ ਅਤੇ ਨਾ ਹੀ ਮੈਰਿਟ ਤੇ ਬਿਠਾਉਂਦੇ ਹਨ। ਸਗੋਂ ਉਥੇ ਫਰੰਟ ਰੋਅ ਵਿੱਚ ਅਪਰਕਾਸਟ ਦੇ ਬੱਚੇ, ਫਿਰ ਬੈਕਵਰਡ ਕਲਾਸ ਅਤੇ ਜਿਹੜੇ ਸ਼ਡਿਊਲਡ ਕਾਸਟ ਨਾਲ ਸਬੰਧਤ ਹੁੰਦੇ ਹਨ, ਉਹ ਅੱਜ ਵੀ ਪਿੱਛੇ ਬਿਠਾਏ ਜਾਂਦੇ ਹਨ। ਸਕੂਲਾਂ ਵਿੱਚ ਟੈਗ ਵੀ ਲਗਾਏ ਜਾਂਦੇ ਹਨ।

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ਤੁਸੀਂ ਬਾਹਰਲੇ ਸੂਬਿਆਂ ਦੀ ਗੱਲ ਨਾ ਕਰੋ। ਪੰਜਾਬ ਦੇ ਵਿੱਚ ਜਗਰਾਓਂ ਕਾਲਜ ਦੇ ਵਿੱਚ ਬਾਹਰ ਅੰਗੂਠੇ ਛਾਪ ਲੱਗਿਆ ਹੋਇਆ ਹੈ ਕਿ ਐਸ.ਸੀ. ਬੱਚੇ ਇਥੇ ਹਾਜ਼ਰੀ ਲਗਾ ਕੇ ਜਾਓ ਅਤੇ ਬਾਕੀ ਬੱਚੇ ਸਿੱਧੇ ਲੰਘ ਜਾਵੋ।

ਇਥੇ ਤੁਹਾਡੀ ਸਰਕਾਰ ਵਿੱਚ ਵੀ ਪੂਰੀ ਡਿਸਕ੍ਰਿਮੀਨੇਸ਼ਨ ਹੈ।

**ਜਸਟਿਸ ਨਿਰਮਲ ਸਿੰਘ :** ਲੀਡਰ ਆਫ ਦਿ ਆਪੋਜੀਸ਼ਨ ਨੂੰ ਮੈਂ ਦੱਸਣਾ ਚਾਹਾਂਗਾ ...(ਵਿਘਨ)...

**ਸ਼੍ਰੀ ਐਸ.ਆਰ. ਕਲੇਰ :** ਤੁਸੀਂ ਕਿਹੜੇ ਕਾਲਜ ਦੀ ਗੱਲ ਕਰਦੇ ਹੋ? ....(ਵਿਘਨ)...

**ਸਰਦਾਰ ਚਰਨਜੀਤ ਸਿੰਘ ਚੰਨੀ :** ਕੋਈ ਇੱਕ ਅਖਬਾਰ ਨਹੀਂ, ਸਾਰੀਆਂ ਅਖਬਾਰਾਂ ਵਿੱਚ ਇਹ ਮਾਮਲਾ ਆਇਆ ਹੈ। ...(ਵਿਘਨ)... ਸਾਰੇ ਅਖਬਾਰਾਂ ਵਿੱਚ ਆਇਆ ਹੈ। ਮੈਂ ਤੁਹਾਨੂੰ ਸਵੇਰੇ ਅਖਬਾਰ ਲਿਆ ਕੇ ਦੇ ਦੇਵਾਂਗਾ।

**ਸ਼੍ਰੀ ਸਭਾਪਤੀ :** ਚੰਨੀ ਸਾਹਿਬ, ਬੈਠੋ। ਤੁਹਾਡੀ ਆ ਗਈ ਗੱਲ। ਹਾਂ ਜੀ, ਜੱਜ ਸਾਹਿਬ।

**ਜਸਟਿਸ ਨਿਰਮਲ ਸਿੰਘ :** ਇਸ ਦੀ ਐਕਸਪਲੇਨੇਸ਼ਨ ਮੈਂ ਹੀ ਦੇ ਦਿੰਦਾ ਹਾਂ ਕਿ ਉਹ ਕਿਉਂ ਹੋਇਆ ਸੀ। ਉਨ੍ਹਾਂ ਦੀ ਹਾਜ਼ਰੀ ਲਗਾਉਣੀ ਕਿਉਂ ਜ਼ਰੂਰੀ ਹੋ ਗਈ ਸੀ, ਉਸ ਦੇ ਵਿੱਚ ਮੈਂ ਨਹੀਂ ਸਮਝਦਾ ਕਿ ਕੋਈ ਡਿਸਕ੍ਰਿਮੀਨੇਸ਼ਨ ਸੀ। ਸਾਰੇ ਕਾਲਜਾਂ ਵਿੱਚ ਸਾਡੇ ਬੱਚਿਆਂ ਦੀ ਫਰਜ਼ੀ ਐਡਮਿਸ਼ਨ ਹੋ ਰਹੀ ਸੀ। ਜਿਹੜਾ ਐਸ.ਸੀ. ਪੋਸਟ ਮੈਟਰਿਕ ਸਕਾਲਰਸ਼ਿੱਪ ਹੈ, ਉਹ ਪ੍ਰਾਪਤ ਕਰਨ ਵਾਸਤੇ ਪ੍ਰਾਈਵੇਟ ਇੰਸਟੀਚਿਊਸ਼ਨ ਫੇਕ ਐਡਮਿਸ਼ਨਜ਼ ਕਰ ਰਹੇ ਸੀ। ਇਸ ਕਰਕੇ ਉਥੇ ਉਨ੍ਹਾਂ ਦੀ ਮਜਬੂਰੀ ਸੀ ਪਰ ਸਰਕਾਰ ਨੇ ਵੀ ਇਹ ਡਿਸੀਜ਼ਨ ਲੈ ਲਿਆ ਹੈ ਅਤੇ ਉਸ ਇੰਸਟੀਚਿਊਸ਼ਨ ਨੇ ਵੀ ਹੁਣ ਇਹ ਡਿਸੀਜ਼ਨ ਲੈ ਲਿਆ ਹੈ ਕਿ ਸਾਰੇ ਬੱਚਿਆਂ ਦੀ ਬਾਇਓਮੀਟ੍ਰਿਕ ਅਟੈਂਡੈਂਸ ਲੱਗੇਗੀ। ਇਹ ਫੇਕ ਐਡਮਿਸ਼ਨਜ਼ ਨੂੰ ਰੋਕਣ ਕਰਕੇ ਸੀ । ਮੈਂ ਤੁਹਾਨੂੰ ਦੱਸਣ ਲੱਗਿਆ ਸੀ ਕਿ ਡਿਫਰੈਂਟ ਸਟੇਟਸ ਵਿੱਚ ਕੀ ਸਥਿਤੀ ਹੈ। "It was on July 11 that a Dalit family of Balu Sarvaiya was flogged by Gau Raksha Group for allegedly skinning the cow in Gujrat's Una village near Gir in Somnath district. This is not the first incidence of atrocities on Dalits. The suicide by a 26th years old Ph.D. student Rohith Vemula inside the campus of Hyderabad Central University has been a result of caste based discrimination. Earlier on November

[ Justice Nirmal Singh ]

15, 2015, the Hindu reported, that a Dalit boy of Class II was forced to remove excreta in school. The teacher also allegedly abused him using caste names. The Indian Express on November 4, 2015 has carried a report on the front page, "Keeping Dalits Out." under the caption 'Caste on wrist', green for dalits, red for Theveras'. Again on November 5, 2015 it reported that in Gujrat, there are separate Anganwadis for different castes. It is also reported that 12 years old Dalit boy in Jodhpur was beaten up by the teacher for allegedly taking a plate from a stack meant for upper caste. Four months back, The Hindu had carried a report on Dalits not being allowed to fetch water from a public pond."

Sir, this is happening in other places. We are lucky that we are born in Punjab. ਜਿਥੋਂ ਤੱਕ ਡਾਕਟਰ ਸਾਹਿਬ ਦਾ ਸੁਪਨਾ ਸੀ, equality ਉਨ੍ਹਾਂ ਦੀ ਫਿਲਾਸਫੀ ਸੀ, ਅਸੀਂ 70 ਸਾਲ ਤੋਂ ਬਾਅਦ ਵੀ ਉਨ੍ਹਾਂ ਦਾ ਸੁਪਨਾ ਪੂਰਾ ਨਹੀਂ ਕਰ ਸਕੇ। ਦੂਸਰਾ ਮੈਂ ਕਹਿਣਾ ਚਾਹੁੰਦਾ ਹਾਂ ਕਿ ....

**ਸਰਦਾਰ ਬਲਵਿੰਦਰ ਸਿੰਘ ਬੈਂਸ:** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਉਨ੍ਹਾਂ ਨੂੰ ਸੁਣ ਲਵੋ। ਪਹਿਲਾਂ ਉਨ੍ਹਾਂ ਨੂੰ ਵਾਈਂਡ ਅੱਪ ਕਰ ਲੈਣ ਦਿਉ। (ਵਿਘਨ) ਚਲੋ, ਤੁਸੀਂ ਦੱਸੋ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਜਿਹੜਾ ਤੁਸੀਂ ਆਖਿਆ ਕਿ ਉਨ੍ਹਾਂ ਦਾ ਜਿਹੜਾ ਸੁਪਨਾ ਸੀ ਉਹ ਅਸੀਂ ਪੂਰਾ ਨਹੀਂ ਕਰ ਸਕੇ। ਇਹ ਸੱਚ ਬੋਲਿਆ ਹੈ, ਮੈਂ ਤੁਹਾਡੀ ਤਾਰੀਫ ਕਰਦਾ ਹਾਂ। ਇਹ ਤੁਹਾਡੇ ਸਾਹਮਣੇ ਇੱਕ ਬੰਦੇ ਨੂੰ ਸਪੀਕਰ ਸਾਹਿਬ ਨੇ ਕਿਹਾ ਸੀ ਤੇ ਦੂਜੇ ਬੰਦੇ ਨੂੰ ਨਾਲ ਚੁੱਕ ਕੇ ਲੈ ਗਏ, ਮੈਂ ਤੁਹਾਨੂੰ ਸਾਰੇ ਐਮ.ਐਲ.ਏਜ਼ ਸਾਹਿਬਾਨ ਨੂੰ ਪੁੱਛਦਾ ਹਾਂ ..

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਬੈਠੋ। ਇਸ ਗੱਲ ਨਾਲ ਆਪਣਾ ਮਤਾ ਕੋਈ ਸਬੰਧ ਨਹੀਂ ਰੱਖਦਾ ।

**ਸਰਦਾਰ ਬਲਵਿੰਦਰ ਸਿੰਘ ਬੈਂਸ:** ਚੇਅਰਮੈਨ ਸਾਹਿਬ, ਬੈਠੋ ਨਹੀਂ, ਤੁਸੀਂ ਮੈਨੂੰ ਦੱਸ ਦਿਉ।

**ਸ਼੍ਰੀ ਸਭਾਪਤੀ:** ਬੈਂਸ ਸਾਹਿਬ, ਪਲੀਜ਼। ਅੱਗੇ ਆਪਾਂ ਬਹੁਤ ਜ਼ੋਰ ਲਗਾ ਲਿਆ ਹੈ, ਪਲੀਜ਼ ਬੈਠੋ। (ਵਿਘਨ) ਬੈਠੋ ਜੀ, ਤੁਹਾਡਾ ਬੜਾ ਸਤਿਕਾਰ ਹੈ, ਹੁਣ ਤੁਸੀਂ ਬਹਿ ਜਾਉ। ਉਨ੍ਹਾਂ ਨੂੰ, ਜੱਜ ਸਾਹਿਬ ਨੂੰ ਆਪਣੀ ਗੱਲ ਕਰਨ ਦਿਉ। ਇਸ ਬਹਿਸ ਨਾਲ ਉਸ ਗੱਲ ਦਾ ਕੋਈ ਰਿਲੇਸ਼ਨ ਨਹੀਂ ਹੈ, ਪਲੀਜ਼ ਬੈਠ ਜਾਓ। ਹਾਂ ਜੀ, ਜੱਜ ਸਾਹਿਬ।

**ਜਸਟਿਸ ਨਿਰਮਲ ਸਿੰਘ:** ਮੈਂ ਨਾ ਤੁਹਾਡੀ ਗੱਲ ਕਰ ਰਿਹਾ ਹਾਂ ਨਾ ਉਨ੍ਹਾਂ ਦੀ ਗੱਲ ਕਰ ਰਿਹਾ ਹਾਂ ਅਤੇ ਨਾ ਹੀ ਇੱਧਰ ਦੀ ਗੱਲ ਕਰ ਰਿਹਾ ਹਾਂ, ਨਾ ਬੀ.ਜੇ.ਪੀ. ਦੀ ਗੱਲ ਕਰ ਰਿਹਾ ਹਾਂ। ਮੈਂ ਸਿਰਫ ਤੇ ਸਿਰਫ ਡਾਕਟਰ ਅੰਬੇਦਕਰ ਦੀ ਫਿਲਾਸਫੀ ਦੀ ਗੱਲ ਕਰ ਰਿਹਾ ਹਾਂ...

**ਸਰਦਾਰ ਬਲਵਿੰਦਰ ਸਿੰਘ ਬੈਂਸ:** ਕੀ ਇਸ ਤਰ੍ਹਾਂ ਅੱਜ ਅਸੀਂ ਉਨ੍ਹਾਂ ਨੂੰ ਸਰਧਾਂਜਲੀ ਭੇਂਟ ਕਰਨ ਆਏ ਹਾਂ ...(ਵਿਘਨ)

**ਸ਼੍ਰੀ ਸਭਾਪਤੀ :** ਬੈਂਸ ਸਾਹਿਬ, ਤੁਸੀਂ ਬੈਠ ਜਾਉ।ਤੁਸੀਂ ਸੁਣੋ।

**ਜਸਟਿਸ ਨਿਰਮਲ ਸਿੰਘ:** ਡਿਸੀਪਲਿਨ ਮੇਨਟੇਨ ਕਰਨਾ, ਸਪੀਕਰ ਦੀ ਰਿਸਪੈਕਟ ਕਰਨਾ ਵੀ ਹਰ ਮੈਂਬਰ ਦਾ ਫਰਜ਼ ਬਣਦਾ ਹੈ। ਜਦੋਂ ਰੂਲਜ਼ ਬਣਿਆ ਹੈ ਕਿ ਜੇ ਸਪੀਕਰ ਆਪਣੀ ਚੇਅਰ ਉਤੇ ਖੜ੍ਹਾ ਹੋ ਜਾਵੇ ਤੇ ਨੇਮ ਲੈ ਲਵੇ ਤਾਂ ਬੈਠਣਾ ਵੀ ਸਾਡਾ ਫਰਜ਼ ਬਣਦਾ ਹੈ।

(ਇਸ ਸਮੇਂ ਅਜ਼ਾਦ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਜਸਟਿਸ ਨਿਰਮਲ ਸਿੰਘ:** ਜਿਥੇ ਸਾਨੂੰ ਰਾਈਟ ਆਫ ਫਰੀਡਮ ਦਿੱਤਾ ਹੈ..

**ਸਰਦਾਰ ਬਲਵਿੰਦਰ ਸਿੰਘ ਬੈਂਸ:** ਚੇਅਰਮੈਨ ਸਾਹਿਬ,...

**ਸ਼੍ਰੀ ਸਭਾਪਤੀ:** ਬੈਂਸ ਸਾਹਿਬ ਬੈਠ ਜਾਉ। ਹਾਂ ਜੀ, ਜੱਜ ਸਾਹਿਬ।

**(ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਬੈਠੇ ਬੈਠੇ) :** ਅੱਜ ਸਪੀਕਰ ਸਾਹਿਬ ਹੋਮ ਮਨਿਸਟਰ ਬਣ ਗਏ ਹਨ।)

**Justice Nirmal Singh:** We are not making issue on this point. ਡਾਕਟਰ ਸਾਹਿਬ, ਇਕੱਲੇ ਦਲਿਤਾਂ ਦੇ ਮਸੀਹਾ ਨਹੀਂ ਸਨ, ਉਹ ਹਰ ਵਰਗ ਦੇ ਮਸੀਹਾ ਸਨ। ਉਨ੍ਹਾਂ ਦੀ ਸੋਚ ਜਿਹੜੀ ਸੀ, ਜਿਹੜੇ ਦੋ ਚੈਪਟਰ ਸੰਵਿਧਾਨ ਦੇ ਫੰਡਾਮੈਂਟਲ ਰਾਈਟ ਤੇ ਡਾਇਰੈਕਟਿਵ ਪ੍ਰਿੰਸੀਪਲ ਦੇ ਹਨ, ਉਨ੍ਹਾਂ ਦੀ ਸਾਰੀ ਫਿਲਾਸਫੀ ਉਨ੍ਹਾਂ ਵਿੱਚੋਂ ਮਿਲਦੀ ਹੈ। ਜਿਥੋਂ ਤੱਕ ਵੂਮੈਨ ਇੰਪਾਵਰਮੈਂਟ, ਵੂਮੈਨਜ਼ ਦੇ ਰਾਈਟਸ ਦੀ ਗੱਲ ਹੈ, ਉਹ ਇੰਨੇ ਪ੍ਰਿੰਸੀਪਲਡ ਆਦਮੀ ਸੀ, ਉਨ੍ਹਾਂ ਦੇ ਇੰਨੇ ਪ੍ਰਿੰਸੀਪਲ ਸੀ ਕਿ ਉਨ੍ਹਾਂ ਨੇ ਹਿੰਦੂ ਕੋਡ ਬਿਲ ਲਿਆ ਕੇ ਔਰਤਾਂ ਨੂੰ ਜਾਇਦਾਦ ਦਾ ਹੱਕ ਦੇਣ ਦਾ ਬਿਲ ਕੈਬਨਿਟ ਤੋਂ ਅਪਰੂਵ ਕਰਵਾਇਆ। ਉਹ 15 ਮੈਂਬਰੀ ਕੈਬਨਿਟ ਸੀ ਜਿਸ ਵਿੱਚ 12 ਮੈਂਬਰ ਇੰਡੀਅਨ ਨੈਸ਼ਨਲ ਕਾਂਗਰਸ ਦੇ ਅਤੇ ਤਿੰਨ ਨਾਨ-ਕਾਂਗਰਸੀ ਜਿਹੜੇ ਮਨਿਸਟਰ ਸਨ, ਉਹ ਸ਼ਿਆਮਾ ਪ੍ਰਸਾਦ ਮੁਖਰਜੀ ਸੀ, ਸਰਦਾਰ ਬਲਦੇਵ ਸਿੰਘ ਜੀ, ਡਿਫੈਂਸ ਮਨਿਸਟਰ ਪੰਜਾਬ ਵਿੱਚੋਂ ਸਨ ਅਤੇ ਡਾਕਟਰ ਬੀ.ਆਰ.ਅੰਬੇਦਕਰ ਜੀ ਸਨ, ਇਹ ਤਿੰਨੋਂ ਮਨਿਸਟਰ ਸੀ । ਕੈਬਨਿਟ ਨੇ ਤਾਂ ਪਾਸ ਕੀਤਾ ਸੀ ਪਰੰਤੂ ਕੈਬਨਿਟ ਦੇ ਮੈਂਬਰ ਜਿਹੜੇ ਸੀ, ਜਦੋਂ ਪਾਰਲੀਮੈਂਟ ਵਿੱਚ ਟੇਬਲ ਹੋਇਆ ਤਾਂ ਉਨ੍ਹਾਂ ਨੇ ਆਪੋਜ਼ ਕੀਤਾ ਤੇ ਇਥੋਂ ਤੱਕ ਕਿ ਸ਼ਿਆਮਾ ਪ੍ਰਸਾਦ ਮੁਖਰਜੀ ਜਿਹੜੇ ਕਿ ਹਿੰਦੂ ਮਹਾਂ ਸਭਾ ਨੂੰ ਰਿਪਰਜੈਂਟ ਕਰਦੇ ਸਨ, ਉਨ੍ਹਾਂ ਨੇ ਕਿਹਾ ਕਿ It would shudder the magnificent structure of Hindu culture. ਕੀ ਔਰਤਾਂ ਨੂੰ ਉਨ੍ਹਾਂ ਦੀ ਜਾਇਦਾਦ ਵਿੱਚ ਹੱਕ ਦੇਣਾ, ਹਿੰਦੂ ਸੁਸਾਇਟੀ ਨੂੰ ਕੋਈ ਇਫੈਕਟ ਕਰਦਾ ਸੀ? ਭਾਵੇਂ ਕਾਂਸਟੀਚਿਊਸ਼ਨ ਜਿਹੜਾ ਡਾਕਟਰ ਅੰਬੇਦਕਰ ਜੀ ਨੇ ਬੜੀ ਮਿਹਨਤ ਨਾਲ ਲਿਖਿਆ ਸੀ, ਇੱਕ ਇੱਕ ਕਲਾਜ਼ ਲਿਖੀ ਸੀ, ਇਹ ਕੁਲੈਕਟਿਵ ਰਿਸਪਾਂਸੀਬਿਲਟੀ ਸੀ । ਜਦੋਂ ਕੋਈ ਬਿਲ ਅਸੈਂਬਲੀ ਵਿੱਚ ਆ ਜਾਵੇ ਅਤੇ ਫੇਲ੍ਹ ਹੋ ਜਾਵੇ ਤਾਂ ਉਹ ਸਰਕਾਰ ਫੇਲ੍ਹ ਹੁੰਦੀ ਹੈ ਪਰੰਤੂ ਇਸ ਸਿਧਾਂਤ ਉਤੇ ਡਾਕਟਰ ਸਾਹਿਬ ਨੇ ਪ੍ਰਿੰਸੀਪਲੀ ਆਪਣੇ ਪਦ ਤੋਂ ਲਾਅ ਮਨਿਸਟਰ ਹੁੰਦੇ ਹੋਏ ਅਸਤੀਫਾ ਦੇ ਦਿੱਤਾ। ਉਹ ਔਰਤਾਂ ਦੇ ਹੱਕਾਂ ਸਬੰਧੀ ਇੰਨੇ ਸੁਚੇਤ ਸੀ। ਇਕੱਲਾ ਉਨ੍ਹਾਂ ਨੇ ਔਰਤਾਂ ਦੀ ਗੱਲ ਨਹੀਂ ਕੀਤੀ, ਮਾਇਨਾਰਟੀਜ਼, ਸਿੱਖ being in minority, ਉਨ੍ਹਾਂ ਦੀ ਪ੍ਰੋਟੈਕਸ਼ਨ ਵਾਸਤੇ ਪ੍ਰੋਵੀਜ਼ਨ, ਮੁਸਲਮਾਨ, ਪਾਰਸੀ ਸਾਰਿਆਂ ਦੀ ਪ੍ਰੋਟੈਕਸ਼ਨ ਲਈ ਪ੍ਰੋਵੀਜ਼ਨ ਸੰਵਿਧਾਨ ਵਿੱਚ ਇਨਕਾਰਪੋਰੇਟ ਕੀਤੀ। ਜਿਥੋਂ ਤੱਕ ਡਾਕਟਰ ਸਾਹਿਬ ਦੇ ਫਲਸਫੇ ਦੀ ਗੱਲ ਹੈ, ਅਸੀਂ ਸਾਰੇ ਇੱਧਰ ਵੀ ਅਤੇ ਉਧਰ ਵੀ ਬਹੁਤ ਵਿਚਾਰਾਂ ਕਰਦੇ ਹਾਂ ਪਰ ਮੈਂ ਸਮਝਦਾ ਹਾਂ ਕਿ ਅਸੀਂ ਡਾਕਟਰ ਸਾਹਿਬ ਦੇ ਫਲਸਫੇ ਤੇ ਚੱਲਣ ਦੀ

ਬਿਲਕੁਲ ਵੀ ਕੋਈ ਕੋਸ਼ਿਸ਼ ਨਹੀਂ ਕਰਦੇ। ਅੱਜ ਭਾਵੇਂ ਬਿਊਰੋਕ੍ਰੇਸੀ ਹੈ, ਭਾਵੇਂ ਜੁਡੀਸ਼ਰੀ ਹੈ ਜਾਂ ਅਸੈਂਬਲੀ ਹੈ ਜਾਂ ਕਿਤੇ ਹੋਰ, ਸਾਨੂੰ ਡਾਕਟਰ ਸਾਹਿਬ ਰੀਪ੍ਰੈਜੈਂਟੇਸ਼ਨ ਦਿਵਾ ਕੇ ਗਏ ਹਨ। ਉਨ੍ਹਾਂ ਦੀ ਮਿਹਰਬਾਨੀ ਸਦਕਾ ਸੀਟਾਂ ਰਿਜ਼ਰਵ ਹੋਈਆਂ। ਸਰਵਿਸ ਵਿੱਚ ਵੀ ਹੋ ਗਈਆਂ ਪਰ ਸਾਡੇ ਕੋਲ ਗਵਰਨੈਂਸ ਦਾ ਰਾਈਟ ਨਹੀਂ ਹੈ। ਸੈਂਟਰ ਵਿੱਚ ਵੀ ਅਤੇ ਸਟੇਟਾਂ ਵਿੱਚ ਵੀ ਗਵਰਨੈਂਸ ਦਾ ਰਾਈਟ ਨਹੀਂ ਮਿਲਿਆ। ਬਾਬਾ ਸਾਹਿਬ ਦਾ ਇੱਕੋ ਸੁਪਨਾ ਸੀ ਕਿ ਇਹ ਲੋਕ ਵੀ ਗਵਰਨੈਂਸ ਵਿੱਚ ਪਾਰਟੀਸੀਪੇਟ ਕਰਨ ਪਰੰਤੂ 70 ਸਾਲਾਂ ਵਿੱਚ ਗਵਰਨੈਂਸ ਵਿੱਚ ਰਾਈਟ ਨਹੀਂ ਮਿਲਿਆ। ਸਹੀ ਮਾਅਨਿਆਂ ਵਿੱਚ ਇਨ੍ਹਾਂ ਨੂੰ ਰਾਈਟ ਨਹੀਂ ਮਿਲਿਆ। ਬਾਬਾ ਸਾਹਿਬ ਦਾ ਸੁਪਨਾ ਸਾਕਾਰ ਨਹੀਂ ਹੋਇਆ।

**ਸਰਦਾਰ ਜਗਮੋਹਨ ਸਿੰਘ ਕੰਗ :** ਪੁਆਇੰਟ ਆਫ ਆਰਡਰ ਜੀ। ਜ਼ਰਾ ਮੈਂਬਰ ਸਾਹਿਬ ਐਕਸਪਲੇਨ ਕਰ ਦੇਣ ਕਿ ਕਿਵੇਂ ਗਵਰਨੈਂਸ ਦਾ ਰਾਈਟ ਨਹੀਂ ਮਿਲਿਆ? ਇਨ੍ਹਾਂ ਲੋਕਾਂ ਵਿੱਚੋਂ ਕਾਫ਼ੀ ਆਈ.ਏ.ਐਸ. ਲੱਗੇ ਹੋਏ ਹਨ, ਕਾਫ਼ੀ ਆਈ.ਪੀ.ਐਸ. ਲੱਗੇ ਹੋਏ ਹਨ ਅਤੇ ਜ਼ੁਡੀਸ਼ਰੀ ਵਿੱਚ ਵੀ ਕਿੰਨੇ ਹੀ ਲੱਗੇ ਹੋਏ ਹਨ, ਹੋਰ ਕੀ ਮਿਲਣਾ ਚਾਹੀਦਾ ਸੀ ਜਿਹੜਾ ਨਹੀਂ ਮਿਲਿਆ?

**ਜਸਟਿਸ ਨਿਰਮਲ ਸਿੰਘ :** ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਲ 1991 ਵਿੱਚ ਜਦੋਂ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਆਈ ਸੀ, ਉਸ ਤੋਂ ਬਾਅਦ ਹੋਣਾ ਸ਼ੁਰੂ ਹੋ ਗਿਆ ਹੈ। ਉਹ ਐਲ.ਪੀ.ਜੀ. ਭਾਵ ਲਿਬਰੇਲਾਈਜ਼ੇਸ਼ਨ, ਪ੍ਰਾਈਵੇਟੇਸ਼ਨ ਅਤੇ ਗਲੋਬੇਲਾਈਜ਼ੇਸ਼ਨ ਦਾ ਨਵਾਂ ਫਾਰਮੂਲਾ ਲੈ ਕੇ ਆਏ ਸਨ। ਅੱਜ ਸਾਰੀਆਂ ਸਰਵਿਸਿਜ਼ ਵਿੱਚ ਪਹਿਲਾਂ ਕੰਟ੍ਰੈਕਟ ਸਿਸਟਮ ਆਇਆ, ਡਾਕਟਰ ਮਨਮੋਹਨ ਸਿੰਘ ਕਹਿੰਦੇ ਕਿ ਰੈਗੂਲਰ ਭਰਤੀ ਬੰਦ ਕਰੋ। ਇਸ ਸਮਾਜ ਕੋਲ ਨਾ ਤਾਂ ਕੋਈ ਜ਼ਮੀਨ ਹੈ, ਨਾ ਇਨ੍ਹਾਂ ਕੋਲ ਕੋਈ ਟ੍ਰੇਡ ਹੈ ਅਤੇ ਨਾ ਕੋਈ ਵਪਾਰ ਹੈ ਅਤੇ ਨਾ ਹੀ ਕੋਈ ਇੰਡਸਟਰੀ ਹੈ। ਪਿੱਛੇ ਬੇਜ਼ਮੀਨਿਆਂ ਦੀ ਐਕਸਪਲਾਇਟੇਸ਼ਨ ਹੋਈ ਹੈ, ਸ਼ਹਿਰਾਂ ਵਿੱਚ ਇੰਡਸਟ੍ਰੀਲਿਸਟਾਂ ਵੱਲੋਂ ਵਰਕਰਾਂ ਦੀ ਐਕਸਪਲਾਇਟੇਸ਼ਨ ਹੋਈ ਹੈ। ਮੇਰੇ ਬ੍ਰਦਰ ਨੇ ਇੱਕ ਬੜਾ ਵਧੀਆ ਕੁਐਸਚਨ ਕੀਤਾ ਹੈ। ਅੱਜ ਦੀ ਡੇਟ ਵਿੱਚ ਜਿਹੜਾ ਸਵੀਪਰ ਹੈ, ਉਸ ਨੂੰ ਆਊਟ ਸੋਰਸ ਤੇ ਰੱਖਿਆ ਜਾਂਦਾ ਹੈ, ਉਸ ਨੂੰ 5000/- ਜਾਂ 7000/- ਰੁਪਿਆ ਪ੍ਰਤੀ ਮਹੀਨਾ ਤੇ ਆਊਟ ਸੋਰਸ ਤੇ ਰੱਖਿਆ ਜਾਂਦਾ ਹੈ ਪਰ ਜੌਬ ਗਰੰਟੀ ਕੋਈ ਨਹੀਂ ਹੈ।

**ਸਰਦਾਰ ਬਲਵਿੰਦਰ ਸਿੰਘ ਬੈਂਸ :** ਤੁਹਾਡੀ ਸਰਕਾਰ ਰੱਖਦੀ ਹੈ, ਤੁਸੀਂ ਰੈਗੂਲਰ ਕਿਉਂ ਨਹੀਂ ਰੱਖਦੇ?

**ਸ਼੍ਰੀ ਸਭਾਪਤੀ :** ਬੈਂਸ ਸਾਹਿਬ, ਬੈਠ ਜਾਓ ਪਲੀਜ਼। ਉਨ੍ਹਾਂ ਦੀ ਗੱਲ ਸੁਣ ਲਓ। ਬੈਠ ਜਾਓ।

**ਜਸਟਿਸ ਨਿਰਮਲ ਸਿੰਘ :** ਮੈਂ ਆਪਣੀ ਸਰਕਾਰ ਦੀ ਗੱਲ ਨਹੀਂ ਕਰ ਰਿਹਾ। ਮੈਂ ਫਲਸਫੇ ਦੀ ਗੱਲ ਦੱਸ ਰਿਹਾ ਹਾਂ ਕਿ ਡਾਕਟਰ ਮਨਮੋਹਨ ਸਿੰਘ ਜੀ ਐਲ.ਪੀ.ਜੀ. ਲੈ ਕੇ ਆਏ ਸੀ। (ਸਰਦਾਰ ਬਲਵਿੰਦਰ ਸਿੰਘ ਬੈਂਸ ਵੱਲੋਂ ਵਿਘਨ)

**ਸ਼੍ਰੀ ਸਭਾਪਤੀ :** ਬੈਂਸ ਸਾਹਿਬ, ਬੈਠ ਜਾਓ ਪਲੀਜ਼। ਉਨ੍ਹਾਂ ਨੂੰ ਵਾਈਂਡ ਅੱਪ ਕਰ ਲੈਣ ਦਿਓ। ਉਹ ਦਲਿਤ ਭਾਈਚਾਰੇ ਦੀ ਗੱਲ ਕਰ ਰਹੇ ਹਨ, ਉਨ੍ਹਾਂ ਨੂੰ ਆਪਣੀ ਗੱਲ ਕਰਨ ਦਿਓ।(ਵਿਘਨ, ਸ਼ੋਰ) ਕੰਗ ਸਾਹਿਬ, ਬੈਠ ਜਾਓ। ਉਨ੍ਹਾਂ ਦੀ ਗੱਲ ਸੁਣ ਲਓ। ਤੁਹਾਨੂੰ ਮੌਕਾ ਮਿਲਣਾ ਹੈ, ਉਸ ਵੇਲੇ ਆਪਣੀ ਗੱਲ ਕਰ ਲੈਣਾ।

**ਜਸਟਿਸ ਨਿਰਮਲ ਸਿੰਘ :** ਚੇਅਰਮੈਨ ਸਾਹਿਬ, ਮੈਂ ਦੋ ਗੱਲਾਂ ਹੋਰ ਕਰਕੇ ਅਤੇ ਡਾਕਟਰ ਸਾਹਿਬ ਦੀ ਆਪਣੀ ਲਿਖਤ ਵਿਚੋਂ ਬੋਲ ਕੇ ਆਪਣੀ ਗੱਲ ਸਮਾਪਤ ਕਰਾਂਗਾ । ਉਨ੍ਹਾਂ ਨੇ ਗਾਂਧੀ ਜੀ ਤੇ ਇੱਕ ਕੁਮੈਂਟ ਕੀਤਾ ਸੀ, ਮੈਂ ਕੋਟ ਕਰਨ ਲੱਗਿਆ ਹਾਂ, "There have been many mahatmas in India whose sole object was to remove untouchability and to elevate and absorb the depressed classes, but everyone has failed in this mission. Mahatmas have come, Mahatmas have gone but the untouchables have remained as untouchables." ਉਨ੍ਹਾਂ ਨੇ ਦਲਿਤ ਸਮਾਜ ਨੂੰ ਵੀ ਜਗਾਇਆ ਸੀ। ਡਾਕਟਰ ਸਾਹਿਬ ਨੇ ਆਪਣੀ ਲਿਖਤ ਵਿੱਚ ਦਲਿਤ ਸਮਾਜ ਨੂੰ ਜਗਾਇਆ ਸੀ, Dr. Ambedkar Saheb further told dalits that, "You must abolish your slavery yourself. Do not depend for its abolition upon the God or a superman. Remember that it is not enough that a people are numerically in the majority. They must be always watchful, strong and self respecting to attain and maintain success. We must shape our

course ourselves and by ourselves. He further stressed that, " what you have lost others have gained."

**Mr. Chairman:** Please wind up as only two minutes are left.

**Justice Nirmal Singh:** Mr. Chairman, Sir, I will be taking only two minutes.

**Mr. Chairman:** Please take your time.

**Justice Nirmal Singh:** Dr. Ambedkar Saheb said to Dalits, "Your humiliations are a matter of pride with others. You are made to suffer wants, privations and humiliations not because it was preordained by the sins committed in your previous birth but because of the overpowering tyranny and treachery of those who are above you. You have no lands because others have usurped them; you have no posts because others have monopolised them. Do not believe in fate; believe in your strength." ਡਾਕਟਰ ਸਾਹਿਬ ਨੂੰ ਜੇ ਆਪਾਂ ਸੱਚੀ ਸ਼ਰਧਾਂਜਲੀ ਦੇਣੀ ਹੈ ਤਾਂ ਸਾਨੂੰ ਉਨ੍ਹਾਂ ਦੀ ਫਿਲਾਸਫੀ ਤੇ ਪਹਿਰਾ ਦੇਣਾ ਚਾਹੀਦਾ ਹੈ। ਜਦੋਂ ਉਹ ਇਸ ਸੰਸਾਰ ਤੋਂ ਜਾਣ ਲੱਗੇ ਸੀ ਤਾਂ ਉਨ੍ਹਾਂ ਨੇ ਸਮਾਜ ਨੂੰ ਵੀ ਕਿਹਾ ਸੀ, "you people do not know what is troubling me and what make me so sad. The first worry to my mind is that I have not been able to fulfil my life mission. ਇਹ ਡਾਕਟਰ ਸਾਹਿਬ ਦੀ ਆਬਜ਼ਰਵੇਸ਼ਨ ਹੈ ਕਿ I want my people to see as a governing class, sharing the political power in the terms of equality with other communities. I am now almost crippled and prostate with illness whatever I have been able to achieve is being employed by the educated few who with their deceitful lot with no sympathies with their downtrodden brothers. They have surpassed my imagination, they lived for themselves and for their personal gains. Not none

[ Justice Nirmal Singh ]

of them is prepared to social work they are treading the path of their ruination." ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਨੂੰ ਸੱਚੀ ਸ਼ਰਧਾਂਜ਼ਲੀ ਇਹੀ ਹੈ ਕਿ ਉਨ੍ਹਾਂ ਨੇ ਸਾਰੀਆਂ ਗਾਈਡਲਾਈਨਜ਼ ਸਾਨੂੰ ਸੰਵਿਧਾਨ ਵਿੱਚ ਲਿਖ ਕੇ ਦੇ ਦਿੱਤੀਆਂ ਹਨ ਅਤੇ ਸਾਨੂੰ ਚਾਹੀਦਾ ਹੈ ਕਿ ਸੰਵਿਧਾਨ ਦੀਆਂ ਉਨ੍ਹਾਂ ਗਾਈਡਲਾਈਨਜ਼ ਨੂੰ ਇੰਪਲੀਮੈਂਟ ਕਰੀਏ ਤੇ ਉਨ੍ਹਾਂ ਤੇ ਚੱਲੀਏ ਤਾਂ ਹੀ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਮਿਲੇਗੀ। ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਸ਼੍ਰੀ ਸਭਾਪਤੀ:** ਹਾਂ ਜੀ, ਸ਼੍ਰੀ ਸੋਮ ਪ੍ਰਕਾਸ਼ ਜੀ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ:** ਚੇਅਰਮੈਨ ਸਾਹਿਬ, ਇਧਰੋਂ ਵੀ ਬੁਲਾਇਆ ਕਰੋ ਜੀ।

**ਸ਼੍ਰੀ ਸਭਾਪਤੀ:** ਇਸ ਤੋਂ ਬਾਅਦ ਤੁਹਾਡੀ ਹੀ ਵਾਰੀ ਹੈ।

**ਸ਼੍ਰੀ ਸੋਮ ਪ੍ਰਕਾਸ਼ (ਫਗਵਾੜਾ, ਐਸ.ਸੀ.) :** ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਭਾਰਤ ਰਤਨ ਡਾ. ਅੰਬੇਦਕਰ ਜੀ ਦੀ 125ਵੀਂ ਜਨਮ ਸ਼ਤਾਬਦੀ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਡਾਕਟਰ ਅੰਬੇਦਕਰ, ਜਿਨ੍ਹਾਂ ਨੂੰ ਅਸੀਂ ਪਿਆਰ ਨਾਲ ਬਾਬਾ ਸਾਹਿਬ ਕਹਿੰਦੇ ਹਾਂ, ਉਹ ਇਕ ਮਹਾਨ ਪ੍ਰਵਕਤਾ, ਫਿਲੌਸਫਰ, ਥਿੰਕਰ, ਬੁੱਧੀਜੀਵੀ ਅਤੇ ਨੇਤਾ ਹੋਏ ਹਨ। ਉਹ ਦਲਿਤਾਂ ਦੇ ਮਸੀਹਾ, ਔਰਤਾਂ ਦੇ ਹੱਕਾਂ ਦੇ ਰਾਖੇ ਅਤੇ ਮਜ਼ਦੂਰਾਂ ਦੇ ਨੇਤਾ ਬਣ ਕੇ ਉਭਰੇ ਸਨ। ਅਸੀਂ ਆਮ ਤੌਰ ਤੇ ਸੰਵਿਧਾਨ ਦੇ ਨਿਰਮਾਤਾ ਜਾਂ ਦਲਿਤਾਂ ਦੇ ਮਸੀਹੇ ਦੇ ਤੌਰ ਤੇ ਹੀ ਉਨ੍ਹਾਂ ਦੀ ਗੱਲ ਕਰਦੇ ਹਾਂ ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਉਹ ਪਹਿਲੇ ਭਾਰਤੀ ਸਨ, ਜਿਨ੍ਹਾਂ ਦਾ ਲੰਡਨ ਮਿਊਜ਼ੀਅਮ ਵਿੱਚ ਕਾਰਲ ਮਾਰਕਸ ਦੇ ਨਾਲ ਚਿੱਤਰ ਲੱਗਿਆ ਹੋਇਆ ਹੈ। ਉਹ ਪਹਿਲੇ ਭਾਰਤੀ ਸਨ, ਜਿਨ੍ਹਾਂ ਨੇ ਲੰਡਨ ਜਾ ਕੇ ਇਕਨਾਮਿਕਸ ਵਿੱਚ ਡਾਕਟਰੇਟ ਕੀਤੀ। ਉਹ ਸਾਊਥ ਏਸ਼ੀਆ ਦੇ ਪਹਿਲੇ ਵਿਅਕਤੀ ਸਨ, ਜਿਨ੍ਹਾਂ ਨੇ ਡਬਲ ਡਾਕਟਰੇਟ ਇਕਨਾਮਿਕਸ ਵਿਚ ਕੀਤੀ। ਉਹ ਆਪਣੇ ਸਮੇਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਵਿਅਕਤੀ ਸਨ। ਜਦੋਂ ਅਮ੍ਰਿਤਿਆ ਸੇਨ ਨੂੰ ਭਾਰਤ ਰਤਨ ਐਵਾਰਡ ਮਿਲਿਆ ਤਾਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਤੁਸੀਂ ਆਪਣਾ ਇਹ ਅਵਾਰਡ ਕਿਸ ਨੂੰ ਡੈਡੀਕੇਟ ਕਰਨਾ ਚਾਹੋਗੇ ਤਾਂ ਉਨ੍ਹਾਂ ਨੇ ਕਿਹਾ ਮੈਂ ਸਭ ਤੋਂ ਵੱਡਾ ਇਕਨਾਮਿਸਟ ਡਾਕਟਰ ਅੰਬੇਦਕਰ ਜੀ ਨੂੰ ਮੰਨਦਾ ਹਾਂ ਅਤੇ ਮੈਂ ਆਪਣਾ ਇਹ ਅਵਾਰਡ ਉਨ੍ਹਾਂ ਨੂੰ ਡੈਡੀਕੇਟ ਕਰਦਾ ਹਾਂ।

ਉਨ੍ਹਾਂ ਨੇ ਕਿਹਾ ਸੀ, "He was highly controversial figure in his home country, though it was not the reality. His contribution in the field of economics is marvellous and will be remembered forever. He was the father of economics. " ਚੇਅਰਮੈਨ ਸਾਹਿਬ, ਇਹ ਵੀ ਦੁਨੀਆਂ ਵਿੱਚ ਪਹਿਲਾ ਕੇਸ ਹੈ ਕਿ ਕਿਸੇ ਯੂਨੀਵਰਸਿਟੀ ਵਿੱਚ ਉਸ ਦੇ ਵਿਦਿਆਰਥੀ ਦਾ ਬੁੱਤ ਲੱਗਿਆ ਹੋਵੇ। ਕੋਲੰਬੀਆ ਯੂਨੀਵਰਸਿਟੀ ਜਿਥੇ ਉਹ ਪੜ੍ਹੇ ਸਨ, ਉਨ੍ਹਾਂ ਨੇ ਆਪਣੇ ਸਾਰੇ ਵਿਦਿਆਰਥੀਆਂ ਦੀ ਰੈਂਕਿੰਗ ਕਰਕੇ ਦੇਖੀ ਕਿ ਸਾਡਾ ਅੱਜ ਤੱਕ ਦਾ ਸਭ ਤੋਂ ਬ੍ਰਿਲੀਐਂਟ ਸਟੂਡੈਂਟ ਕਿਹੜਾ ਹੋਇਆ ਹੈ। ਉਨ੍ਹਾਂ ਨੇ 6 ਵਿਦਿਆਰਥੀਆਂ ਦੀ ਚੋਣ ਕੀਤੀ ਅਤੇ ਫਿਰ ਉਨ੍ਹਾਂ ਵਿੱਚੋਂ ਕੋਈ ਇੱਕ ਚੁਣਨਾ ਸੀ ਤਾਂ ਡਾਕਟਰ ਅੰਬੇਦਕਰ ਜੀ ਨੂੰ ਚੁਣਿਆ ਗਿਆ। ਉਨ੍ਹਾਂ ਦਾ ਸਟੈਚੂ ਕੋਲੰਬੀਆ ਯੂਨੀਵਰਸਿਟੀ ਵਿੱਚ ਲੱਗਿਆ ਹੋਇਆ ਹੈ। ਇਸ ਦਾ ਉਦਘਾਟਨ ਬਰਾਕ ਓਬਾਮਾ ਜੀ, ਅਮਰੀਕਾ ਦੇ ਰਾਸ਼ਟਰਪਤੀ ਜੀ ਨੇ ਆਪ ਜਾ ਕੇ ਕੀਤਾ ਸੀ। ਉਸ ਸਟੈਚੂ ਦੇ ਥੱਲੇ ਲਿਖਿਆ ਹੈ "Symbol of knowledge" ਸੋ, ਇਸ ਤਰ੍ਹਾਂ ਦਾ ਮਾਣ ਬਾਬਾ ਸਾਹਿਬ ਨੂੰ ਮਿਲਿਆ ਹੈ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਰਿਜ਼ਰਵ ਬੈਂਕ ਆਫ ਇੰਡੀਆ ਜਿਹੜਾ ਮਿਤੀ 1.04.1935 ਨੂੰ ਬਣਿਆ ਹੈ, RBI was conceptualized as per the guidelines, working style and outlook presented by Dr. B.R. Ambedkar's book 'The Problem of Rupee, its origin and its solutions' ਇਸ ਬਾਰੇ ਬਹੁਤ ਘੱਟ ਲੋਕ ਦੱਸਦੇ ਹਨ। ਉਸ ਵੇਲੇ ਜਿਹੜਾ ਹਿਲਟਨ ਯੰਗ ਕਮਿਸ਼ਨ ਬਣਿਆ ਸੀ, ਉਨ੍ਹਾਂ ਨੇ ਆਪ ਕਿਹਾ ਸੀ ਕਿ ਅਸੀਂ ਰਿਜ਼ਰਵ ਬੈਂਕ ਜਿਹੜਾ ਭਾਰਤ ਵਿੱਚ ਸਥਾਪਿਤ ਕਰ ਰਹੇ ਹਾਂ, ਇਹ ਬਾਬਾ ਸਾਹਿਬ ਦੀ ਕਿਤਾਬ "The Problem of Rupee, its origin and its solutions' ਤੋਂ ਪ੍ਰਭਾਵਿਤ ਹੋ ਕੇ ਬਣਾ ਰਹੇ ਹਾਂ।

ਸੋ, ਇਹ ਡਾਕਟਰ ਸਾਹਿਬ ਦੀ ਐਜ਼ ਏ ਇਕਾਨਮਿਸਟ ਬਹੁਤ ਵੱਡੀ ਦੇਣ ਹੈ। ਦੂਜਾ, ਇੰਡੀਆ ਵਿੱਚ ਜਿਹੜਾ ਬਿਜਲੀ ਦਾ ਗ੍ਰਿਡ ਸਿਸਟਮ ਅਤੇ ਹਾਈਡਰੋ ਸਿਸਟਮ, ਇਹ ਵੀ ਡਾਕਟਰ ਸਾਹਿਬ ਦੀ ਉਸ ਵੇਲੇ ਦੀ ਸੋਚ ਸੀ। ਉਨ੍ਹਾਂ ਨੇ ਇਹ ਬਣਾਉਣ ਲਈ ਬਹੁਤ ਵੱਡਾ ਕੰਮ ਕੀਤਾ। ਉਨ੍ਹਾਂ ਨੇ ਗਰੀਬ ਅਤੇ ਦਲਿਤ ਲੋਕਾਂ ਲਈ ਤਿੰਨ ਵੱਡੀਆਂ ਗੱਲਾਂ ਕੀਤੀਆਂ। ਇੱਕ ਪੁਲੀਟਿਕਲ ਰਿਜ਼ਰਵੇਸ਼ਨ, ਜਿਸ ਦੇ ਕਰਕੇ ਸਾਰੇ ਅਸੀਂ ਮੰਤਰੀ ਅਤੇ ਐਮ.ਐਲ.ਏ ਬਣੀ ਬੈਠੇ ਹਾਂ, ਵੱਡੇ-ਵੱਡੇ ਅਹੁਦਿਆਂ ਤੇ ਬੈਠੇ ਹਾਂ, ਦੂਜਾ ਐਜੂਕੇਸ਼ਨ ਦੀ ਰਿਜ਼ਰਵੇਸ਼ਨ

[ ਸ਼੍ਰੀ ਸੋਮ ਪ੍ਰਕਾਸ਼ ]

ਜਿਸ ਕਰਕੇ ਸਮਾਜ ਪੜ੍ਹ-ਲਿਖ ਸਕਿਆ ਅਤੇ ਤੀਜਾ ਨੌਕਰੀਆਂ ਵਿੱਚ ਰਿਜ਼ਰਵੇਸ਼ਨ, ਜਿਸ ਕਰਕੇ ਬਹੁਤ ਸਾਰੇ ਲੋਕਾਂ ਨੂੰ ਨੌਕਰੀਆਂ ਵਿੱਚ ਆਉਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਉਹ ਕਰਕੇ ਦਿਖਾਇਆ ਜਿਹੜੇ ਪੀਰ, ਪੈਗੰਬਰ ਅਤੇ ਔਲੀਏ ਨਹੀਂ ਕਰ ਸਕੇ। ਵੱਡੇ-ਵੱਡੇ ਲੋਕਾਂ ਨੇ ਆਪਣੇ ਗ੍ਰੰਥਾਂ ਵਿੱਚ ਨੀਵੀਆਂ ਜਾਤੀਆਂ ਦੇ ਖਿਲਾਫ ਲਿਖਿਆ ਹੈ, ਲੇਕਿਨ ਜੇ ਲੋਕਾਂ ਨੇ ਮੰਨਿਆ ਨਹੀਂ ਹੈ, ਗ੍ਰੰਥਾਂ ਦੀ ਪੂਜਾ ਤਾਂ ਕੀਤੀ ਹੈ। ਇਹ ਸਿਰਫ ਡਾਕਟਰ ਅੰਬੇਦਕਰ ਹੀ ਹਨ ਜਿਨ੍ਹਾਂ ਨੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਵਿੱਚ ਤਬਦੀਲੀ ਲਿਆਂਦੀ। ਸਾਡੇ ਪੂਰਵਜਾਂ ਨੇ, ਦਲਿਤਾਂ ਦੇ ਪੂਰਵਜਾਂ ਨੇ ਵਰਤ ਵੀ ਰੱਖੇ ਹੋਣਗੇ, ਮੰਦਿਰਾਂ ਤੇ ਧਾਰਮਿਕ ਸਥਾਨਾਂ ਤੇ ਮੱਥੇ ਵੀ ਟੇਕੇ ਹੋਣਗੇ, ਤੀਰਥਾਂ ਦੇ ਦਰਸ਼ਨ ਵੀ ਕੀਤੇ ਹੋਣਗੇ, ਸਰੋਵਰਾਂ ਤੇ ਇਸ਼ਨਾਨ ਵੀ ਕੀਤੇ ਹੋਣਗੇ ਪਰ ਉਨ੍ਹਾਂ ਦੀ ਜ਼ਿੰਦਗੀ ਵਿੱਚ ਤਬਦੀਲੀ ਕਦੇ ਨਹੀਂ ਆਈ ਸਿਵਾਏ ਇਹ ਸੁਣਨ ਦੇ ਕਿ ਅਗਲੇ ਜਨਮ ਵਿੱਚ ਤੁਸੀਂ ਜਾਓਗੇ, ਤੁਹਾਨੂੰ ਸਵਰਗ ਮਿਲੇਗਾ। ਇਸ ਤੋਂ ਵੱਧ ਕੁਝ ਨਹੀਂ ਮਿਲਿਆ। ਇਹ ਤਾਂ ਸਿਰਫ ਡਾਕਟਰ ਅੰਬੇਦਕਰ ਸਾਹਿਬ ਦੀ ਕਿਰਪਾ ਕਰਕੇ ਅਤੇ ਉਨ੍ਹਾਂ ਦੀ ਸੋਚ ਕਰਕੇ ਮਿਲਿਆ ਹੈ। ਉਨ੍ਹਾਂ ਨੇ ਦਲਿਤਾਂ ਨੂੰ ਅਧਿਕਾਰ ਲੈ ਕੇ ਦਿੱਤੇ। ਉਨ੍ਹਾਂ ਕਰਕੇ ਅੱਜ ਉਹ ਲੋਕ ਜਿਹੜੇ ਕੱਚੇ ਮਕਾਨਾਂ ਵਿੱਚ ਰਹਿੰਦੇ ਸੀ, ਜਿਥੇ ਲਹਿੰਦੇ ਪਾਸੇ ਪਾਣੀ ਆਉਂਦਾ ਹੈ, ਉਸ ਪਾਸੇ ਰਹਿੰਦੇ ਸੀ, ਅੱਜ ਉਹ ਵੱਡੀਆਂ ਕੋਠੀਆਂ ਦੇ ਮਾਲਕ ਹਨ। ਉਹ ਲੋਕ ਜਿਹੜੇ ਪਹਿਲਾਂ ਕਚਹਿਰੀਆਂ ਵਿੱਚ ਝਾੜੂ ਮਾਰਦੇ ਸਨ, ਅੱਜ ਉਹ ਜੱਜ ਬਣ ਕੇ ਬੈਠੇ ਹਨ ਅਤੇ ਚੀਫ ਜਸਟਿਸ ਬਣ ਕੇ ਬੈਠੇ ਹਨ। ਅੱਜ ਉਹ ਲੋਕ ਜਿਹੜੇ ਅੱਗੇ ਦਫ਼ਤਰਾਂ ਦੀ ਸਫਾਈ ਕਰਦੇ ਸਨ, ਅੱਜ ਕੋਈ ਡੀ.ਸੀ ਹੈ, ਕੋਈ ਐਸ.ਐਸ.ਪੀ. ਹੈ, ਕੋਈ ਕਮਿਸ਼ਨਰ ਹੈ ਅਤੇ ਕੋਈ ਚੀਫ ਸੈਕਟਰੀ ਬਣ ਕੇ ਬੈਠਾ ਹੈ। ਇਹ ਉਨ੍ਹਾਂ ਦੀ ਕਿਰਪਾ ਹੈ ਕਿ ਰਾਸ਼ਟਰਪਤੀ, ਉਪ-ਰਾਸ਼ਟਰਪਤੀ ਤੋਂ ਲੈ ਕੇ ਸਪੀਕਰ ਦੇ ਅਹੁਦਿਆਂ ਤੱਕ ਜਾਣ ਦਾ ਜਿਹੜਾ ਮਾਣ ਸਾਡੇ ਲੋਕਾਂ ਨੂੰ ਮਿਲਿਆ ਹੈ, ਇਹ ਡਾਕਟਰ ਅੰਬੇਦਕਰ ਸਾਹਿਬ ਕਰਕੇ ਹੀ ਮਿਲਿਆ ਹੈ। ਮੈਂ ਇੱਕ ਖਾਸ ਗੱਲ ਦੱਸਣੀ ਚਾਹੁੰਦਾ ਹਾਂ ਕਿ ਡਾਕਟਰ ਅੰਬੇਦਕਰ ਸਾਹਿਬ ਦੁਨੀਆਂ ਦੇ ਇੱਕੋ-ਇੱਕ ਮਹਾਨ ਨੇਤਾ ਹੋਏ ਹਨ ਜਿਨ੍ਹਾਂ ਨੂੰ ਮਰਨ ਉਪਰੰਤ ਜਿੰਨਾ ਮਾਣ ਮਿਲਿਆ, ਇੰਨਾ ਮਾਣ ਦੁਨੀਆਂ ਵਿੱਚ ਕਿਸੇ ਵੀ ਨੇਤਾ ਨੂੰ ਨਹੀਂ ਮਿਲਿਆ। ਆਪਣੇ-ਆਪਣੇ ਵੇਲੇ ਹਰ ਕਿਸੇ ਦੀ ਤੂਤੀ ਬੋਲਦੀ ਰਹੀ ਹੈ, ਲੋਕ ਵੱਡੇ-ਵੱਡੇ ਇਸ਼ਤਿਹਾਰ ਵੀ ਕਰਦੇ ਰਹੇ ਹਨ। ਸਮਾਂ ਜਾਂਦਾ ਰਿਹਾ ਅਤੇ ਸਮੇਂ ਦੇ ਆਗੋਸ਼ ਵਿੱਚ ਸਾਰੇ ਨੇਤਾ

ਖਤਮ ਹੁੰਦੇ ਗਏ ਪਰ ਡਾਕਟਰ ਅੰਬੇਦਕਰ ਦਾ ਹਰ ਸਾਲ ਹਰ ਸ਼ਹਿਰ ਵਿੱਚ ਅਤੇ ਹਰ ਕੋਨੇ ਵਿੱਚ ਜਨਮ ਦਿਨ ਮਨਾਇਆ ਜਾਂਦਾ ਹੈ। ਇਹ ਡਾਕਟਰ ਅੰਬੇ ਦਕਰ ਸਾਹਿਬ ਦੀ ਮਹਾਨਤਾ ਹੈ । ਦੁਨੀਆਂ ਵਿੱਚ ਇਸ ਤਰ੍ਹਾਂ ਦੀ ਮਹਾਨਤਾ ਕਿਸੇ ਨੂੰ ਨਹੀਂ ਮਿਲੀ ਹੈ। ਉਨ੍ਹਾਂ ਬਾਰੇ ਕਈ ਚੀਜ਼ਾਂ ਅਸੀਂ ਆਮ ਕਹਿੰਦੇ ਹਾਂ, ਜਿਵੇਂ ਕਿ ਗੁਲਾਮ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਓ ਫਿਰ ਉਹ ਵਿਦਰੋਹ ਆਪਣੇ ਆਪ ਕਰ ਦੇਵੇਗਾ, ਇਹ ਉਨ੍ਹਾਂ ਦਾ ਕਥਨ ਹੈ । ਇਹ ਉਨ੍ਹਾਂ ਦਾ ਫਲਸਫਾ ਸੀ ਕਿ ਮੇਰੇ ਲਈ ਸੰਘਰਸ਼ ਆਨੰਦਪੂਰਨ ਹੈ ਅਤੇ ਜੱਦੋ-ਜਹਿਦ ਨਾਲ ਮੇਰਾ ਚਿਤ ਖਿਲ ਉਠਦਾ ਹੈ, ਜਿਸ ਕਰਕੇ ਮੈਨੂੰ ਆਨੰਦ ਮਿਲਦਾ ਹੈ। ਇਹ ਵੀ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਖੁਸਿਆ ਹੋਇਆ ਹੱਕ ਜ਼ਾਲਮਾਂ ਦੇ ਤਰਲੇ ਮਿੰਨਤਾਂ ਕਰਕੇ ਪ੍ਰਾਪਤ ਨਹੀਂ ਹੁੰਦਾ, ਇਹ ਸਖਤ ਮਿਹਨਤ ਅਤੇ ਘੋਲ ਨਾਲ ਮਿਲਦਾ ਹੈ। ਉਹ ਹਮੇਸ਼ਾ ਕਹਿੰਦੇ ਸਨ ਕਿ ਤੁਹਾਡੇ ਵਿਚਾਰਾਂ ਵਿੱਚ ਸੁਧਾਰ ਹੋਣਾ ਚਾਹੀਦਾ ਹੈ, ਆਵਾਜ਼ ਵਿੱਚ ਸ਼ਕਤੀ ਹੋਣੀ ਚਾਹੀਦੀ ਹੈ ਅਤੇ ਗੱਲ ਵਿੱਚ ਵਜ਼ਨ ਹੋਣਾ ਚਾਹੀਦਾ ਹੈ, ਫਿਰ ਹੀ ਸਾਹਮਣੇ ਬੈਠਾ ਬੰਦਾ ਤੁਹਾਡੀ ਗੱਲ ਮੰਨੇਗਾ। ਆਪਣੇ ਜੀਵਨ ਸੰਘਰਸ਼ ਵਿੱਚ ਉਹ ਸੰਨ 1920 ਤੋਂ ਬਾਅਦ ਸਿਆਸੀ ਫੀਲਡ ਵਿੱਚ ਆਏ। ਸਾਈਮਨ ਕਮਿਸ਼ਨ ਸਾਡੀ ਹਿਸਟਰੀ ਦਾ ਬਹੁਤ ਵੱਡਾ ਪੱਖ ਹੈ ਜਿਸ ਦਾ ਕਾਂਗਰਸ ਨੇ ਬਾਈਕਾਟ ਕੀਤਾ ਸੀ। ਅਸੀਂ ਗੱਲਾਂ ਬਹੁਤ ਕਰਦੇ ਹਾਂ। ਡਾਕਟਰ ਅੰਬੇਦਕਰ ਸਾਹਿਬ ਨੇ ਬਾਈਕਾਟ ਨਹੀਂ ਕੀਤਾ ਸੀ। ਮਿਤੀ 3.2.1928 ਨੂੰ ਜੌਨ ਸਾਈਮਨ ਇੱਥੇ ਆਏ ਅਤੇ ਮਿਤੀ 23.2.1928 ਨੂੰ ਪੂਨਾ ਵਿੱਚ ਅੰਬੇਦਕਰ ਸਾਹਿਬ ਨੇ ਉਨ੍ਹਾਂ ਸਾਹਮਣੇ ਆਪਣਾ ਬਿਆਨ ਲਿਖਵਾਇਆ। ਗੱਲ ਇਹ ਸੀ ਕਿ ਤੁਸੀਂ ਆਜ਼ਾਦੀ ਦੀ ਗੱਲ ਕਰਦੇ ਹੋ, ਕਿਹੜੀ ਆਜ਼ਾਦੀ ਦੀ ਗੱਲ ਕਰਦੇ ਹੋ? ਜਿੱਥੇ ਗਰੀਬ ਦਲਿਤ ਪਸ਼ੂਆਂ ਵਰਗੀ ਜ਼ਿੰਦਗੀ ਬਤੀਤ ਕਰਦਾ ਹੈ, ਜਿੱਥੇ ਉਹ ਖੂਹ ਤੇ ਨਹੀਂ ਜਾ ਸਕਦਾ, ਮੰਦਰ ਵਿੱਚ ਨਹੀਂ ਜਾ ਸਕਦਾ। ਪਹਿਲਾਂ ਇਹ ਗੱਲ ਹੱਲ ਕਰਨੀ ਪਵੇਗੀ, ਫਿਰ ਅਸੀਂ ਆਜ਼ਾਦੀ ਦੀ ਗੱਲ ਕਰ ਸਕਦੇ ਹਾਂ। ਇਸ ਕਰਕੇ ਉਹ ਸਾਈਮਨ ਕਮਿਸ਼ਨ ਅੱਗੇ ਪੇਸ਼ ਹੋਏ ਅਤੇ ਉਨ੍ਹਾਂ ਦੀ ਬਹੁਤ ਵੱਡੀ ਭੂਮਿਕਾ ਗੋਲ ਮੇਜ ਕਾਨਫਰੰਸ ਵਿੱਚ ਰਹੀ। ਗੋਲ ਮੇਜ ਕਾਨਫਰੰਸ ਜਿਹੜੀ ਸੰਨ 1930 ਵਿੱਚ ਲੰਡਨ ਵਿੱਚ ਹੋਈ ਜਿਸ ਦਾ ਉਦਘਾਟਨ ਸਮਰਾਟ ਜਾਰਜ ਪੰਜਵੇ ਂ ਨੇ ਕੀਤਾ ਸੀ, ਉਸ ਵਿੱਚ ਡਾਕਟਰ ਅੰਬੇਦਕਰ ਨੇ ਪੂਰਨ ਆਜ਼ਾਦੀ ਦੀ ਗੱਲ ਕੀਤੀ ਸੀ। ਉਸ ਵਿੱਚ 89 ਡੈਲੀਗੇਟਸ ਸੀ, 53 ਇੰਡੀਆ ਦੇ ਸਨ, 20 ਸਟੇ ਟਾਂ/ਰਿਆਸਤਾਂ ਵੱਲੋਂ ਸਨ, 16 ਬ੍ਰਿਟਿਸ਼ ਸਨ ਅਤੇ ਬੜੇ ਵੱਡੇ ਆਗੂ ਤੇਜ ਬਹਾਦਰ

[ ਸ਼੍ਰੀ ਸੋਮ ਪ੍ਰਕਾਸ਼ ]

ਸਪਰੂ, ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ, ਆਗਾ ਖਾਨ, ਸਿੱਖਾਂ ਵੱਲੋਂ ਸਰਦਾਰ ਉੱਜਲ ਸਿੰਘ, ਸਰਦਾਰ ਸੰਪੂਰਨ ਸਿੰਘ ਅਤੇ ਦਲਿਤਾਂ ਵੱਲੋਂ ਡਾਕਟਰ ਅੰਬੇਦਕਰ ਸਾਹਿਬ ਆਏ। ਤਿੰਨਾਂ ਹੀ ਗੋਲ ਮੇਜ ਕਾਨਫਰੰਸਾਂ ਵਿੱਚ ਉਨ੍ਹਾਂ ਨੇ ਬਹੁਤ ਵੱਡਾ ਰੋਲ ਅਦਾ ਕੀਤਾ ਅਤੇ ਇੱਕ ਗੱਲ ਉਨ੍ਹਾਂ ਨੇ ਕਹੀ ਕਿ ਜਦੋਂ ਤੱਕ ਹਿੰਦੂ ਸਮਾਜ ਦੀ ਸਭ ਤੋਂ ਵੱਡੀ ਕੁਰੀਤੀ ਜਿਹੜੀ ਕਿ ਜਾਤ-ਪਾਤ ਦੀ ਹੈ, ਉਹ ਜਦੋਂ ਤੱਕ ਖਤਮ ਨਹੀਂ ਹੁੰਦੀ ਉਨਾ ਚਿਰ ਇਸ ਦੇਸ਼ ਦਾ ਉਧਾਰ ਨਹੀਂ ਹੋ ਸਕਦਾ ਅਤੇ ਇਹ ਦੇਸ਼ ਤਰੱਕੀ ਨਹੀਂ ਕਰ ਸਕਦਾ। ਉਨ੍ਹਾਂ ਨੇ ਕਈ ਧਾਰਮਿਕ ਕਿਤਾਬਾਂ ਤੇ ਟਿੱਪਣੀ ਵੀ ਕੀਤੀ। ਕਈ ਧਾਰਮਿਕ ਕਿਤਾਬਾਂ ਨੂੰ ਸਾੜਨ ਦੀ ਗੱਲ ਵੀ ਕੀਤੀ ਅਤੇ ਸਾੜੀਆਂ ਵੀ ਸਨ। ਇਸ ਕਰਕੇ ਕਿ ਇਹ ਸਮਾਜ ਨੂੰ ਵੰਡਦੀਆਂ ਹਨ, ਇਹ ਸਮਾਜ ਨੂੰ ਵੱਖਰਾ-ਵੱਖਰਾ ਕਰਦੀਆਂ ਹਨ। ਇਸ ਕਰਕੇ ਉਨ੍ਹਾਂ ਨੇ ਕਿਹਾ ਸੀ ਕਿ ਹਿੰਦੂ ਸਮਾਜ ਦਾ ਸਭ ਤੋਂ ਭੈੜਾ ਪੱਖ, ਜਿਸ ਕਰਕੇ ਅਸੀਂ ਬਹੁਤ ਲੰਬਾ ਸਮਾਂ ਗੁਲਾਮ ਰਹੇ ਹਾਂ, ਉਹ ਜਾਤ-ਪਾਤ ਹੈ। ਮੇਰੇ ਤੋਂ ਪਹਿਲਾਂ ਬੋਲਣ ਵਾਲਿਆਂ ਨੇ ਦੱਸਿਆ ਹੈ ਕਿ ਡਾਕਟਰ ਅੰਬੇਦਕਰ ਸਾਹਿਬ ਇਸ ਦੇ ਪੱਖ ਵਿੱਚ ਸੀ ਕਿ ਉਲਟ ਸਨ। ਮਿਤੀ 17 ਅਗਸਤ, 1932 ਨੂੰ ਬ੍ਰਿਟਿਸ਼ ਪ੍ਰਾਈਮ ਮਨਿਸਟਰ ਰੈਮਸੇ ਮੈਕਡੌਨਾਲਡ ਨੇ ਕਮਿਊਨਲ ਅਵਾਰਡ ਪੇਸ਼ ਕੀਤਾ। ਉਸ ਵਿੱਚ ਮੁਸਲਿਮ, ਸਿੱਖ, ਇਸਾਈ ਅਤੇ ਜਿਹੜੇ ਡਾਊਨ ਟਰੌਡਨ ਸਨ, ਉਨ੍ਹਾਂ ਨੂੰ ਪਹਿਲੀ ਵਾਰ ਇੱਕ ਵੱਖਰੀ ਇਕਾਈ ਮੰਨਿਆ ਅਤੇ ਇਨ੍ਹਾਂ ਲਈ ਸਾਰਿਆਂ ਦੇ ਬਰਾਬਰ ਅਧਿਕਾਰ ਦੀ ਗੱਲ ਕੀਤੀ। ਇਸ ਤੋਂ ਦੁਖੀ ਹੋ ਕੇ ਗਾਂਧੀ ਜੀ ਨੇ ਯਰਵੜਾ ਜੇਲ੍ਹ ਵਿੱਚ ਵਰਤ ਰੱਖਿਆ। ਉਨ੍ਹਾਂ ਨੇ ਕਿਹਾ ਕਿ ਮੈਂ ਹੋਰਾਂ ਨੂੰ ਤਾਂ ਮਾਇਨਾਰਟੀ ਮੰਨ ਸਕਦਾ ਹਾਂ ਪਰ ਅਛੂਤਾਂ ਨੂੰ ਨਹੀਂ ਮੰਨ ਸਕਦਾ, ਇਹ ਹਿੰਦੂਆਂ ਦਾ ਹਿੱਸਾ ਹਨ। ਡਾਕਟਰ ਅੰਬੇਦਕਰ ਸਾਹਿਬ ਆਪਣੀ ਗੱਲ ਤੇ ਅੜੇ ਅਤੇ ਉਨ੍ਹਾਂ ਨੇ ਕਿਹਾ ਕਿ ਸਾਨੂੰ ਸੈਪਰੇਟ ਇਲੈਕਟੋਰੇਟ ਹੋਣਾ ਚਾਹੀਦਾ ਹੈ। ਗਾਂਧੀ ਜੀ ਨੇ ਵਰਤ ਰੱਖਿਆ ਅਤੇ ਲੋਕਾਂ ਵਿੱਚ ਬਹੁਤ ਵੱਡੀ ਐਜੀਟੇਸ਼ਨ ਦੀ ਭਾਵਨਾ ਪੈਦਾ ਹੋਈ। ਹੁਣੇ ਜਿਵੇ ਂ ਜਸਟਿਸ ਸਾਹਿਬ ਨੇ ਕਿਹਾ ਹੈ, ਉਨ੍ਹਾਂ ਨੇ ਸੋਚਿਆ ਕਿ ਜੇਕਰ ਮਰਨ ਵਰਤ ਕਰਕੇ ਗਾਂਧੀ ਜੀ ਨੂੰ ਕੁਝ ਹੋ ਗਿਆ ਤਾਂ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ, ਇਸ ਕਰਕੇ ਉਨ੍ਹਾਂ ਨੇ ਪੂਨਾ ਪੈਕਟ ਕੀਤਾ ਸੀ ਜਿਸ ਕਰਕੇ ਉਹ ਬਾਅਦ ਵਿੱਚ ਕਹਿੰਦੇ ਰਹੇ ਕਿ ਮੈਂ ਪਛਤਾਉਂਦਾ ਹਾਂ। ਰਿਜ਼ਰਵੇਸ਼ਨ ਚਾਹੇ ਉਹ ਪੁਲੀਟੀਕਲ ਹੈ, ਚਾਹੇ ਸਿੱਖਿਆ ਵਿੱਚ ਹੈ ਜਾਂ ਨੌਕਰੀਆਂ ਵਿੱਚ ਹੈ, ਇਹ ਪੂਨਾ ਪੈਕਟ ਤੋਂ ਸ਼ੁਰੂ

ਹੋਇਆ। ਰਿਜ਼ਰਵੇਸ਼ਨ ਦਾ ਮੁੱਢ ਇਸ ਤੋਂ ਹੀ ਬੰਨ੍ਹਿਆ ਗਿਆ ਸੀ। ਦੇਸ਼ ਦੀ ਲੜਾਈ ਵਿੱਚ, ਜਦੋਂ ਦੇਸ਼ ਆਜ਼ਾਦ ਹੋਣਾ ਸੀ, ਉਦੋਂ ਜਿਨਾਹ ਦੀ ਪਾਰਟੀ ਮੁਸਲਿਮ ਲੀਗ ਸੀ, ਮੁਸਲਮਾਨਾਂ ਦੇ ਮਸੀਹਾ ਜਿਨਾਹ ਸਨ, ਹਿੰਦੂਆਂ ਦੇ ਲੀਡਰ ਮਹਾਤਮਾ ਗਾਂਧੀ ਸੀ। ਇਨ੍ਹਾਂ ਦੀਆਂ ਜਿਹੜੀਆਂ ਨੀਤੀਆਂ ਸਨ, ਡਾਕਟਰ ਸਾਹਿਬ ਨੇ ਬਹੁਤ ਕੋਸ਼ਿਸ਼ ਕੀਤੀ ਕਿ ਦੇਸ਼ ਵੰਡਿਆ ਨਾ ਜਾਵੇ ਪਰ ਜਦੋਂ ਦੋਵੇਂ ਆਪਣੀ-ਆਪਣੀ ਗੱਲ ਤੇ ਬਜ਼ਿੱਦ ਹੋ ਗਏ ਤਾਂ ਉਨ੍ਹਾਂ ਨੇ ਇੱਕ ਕਿਤਾਬ ਲਿਖੀ 'Thoughts on Pakistan.' ਉਨ੍ਹਾਂ ਨੇ ਕਿਹਾ ਕਿ ਜੇਕਰ ਤੁਸੀਂ ਲੜਨਾ ਹੀ ਹੈ ਤਾਂ ਤੁਹਾਨੂੰ ਵੱਖ-ਵੱਖ ਹੋਣ ਵਿੱਚ ਕੀ ਪ੍ਰਾਬਲਮ ਹੈ। ਉਨ੍ਹਾਂ ਨੇ ਕਿਹਾ ਕਿ ਦੋਨੋਂ ਪਾਰਟੀਆਂ ਦੀਆਂ ਕੌਮਾਂ ਦੀ ਸੋਚ ਵੱਖਰੀ-ਵੱਖਰੀ ਹੈ। ਹਾਲਾਂਕਿ ਉਸ ਦੌਰਾਨ ਬੜਾ ਤਹਿਲਕਾ ਮਚਿਆ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਮੁਸਲਮਾਨ ਅੱਲਾਹ ਨੂੰ ਮੰਨਦੇ ਹਨ, ਉਸ ਨੂੰ ਸਜਦਾ ਕਰਦੇ ਹਨ ਤੇ ਕੁਰਾਨ ਨੂੰ ਮੰਨਦੇ ਹਨ, ਹਿੰਦੂ ਕਰੋੜਾਂ ਦੇਵੀ-ਦੇਵਤਿਆਂ ਨੂੰ, ਵੇਦ ਤੇ ਗ੍ਰੰਥਾਂ ਨੂੰ ਮੰਨਣ ਵਾਲੇ ਲੋਕ ਹਨ। ਹਿੰਦੂ ਚੜ੍ਹਦੇ ਨੂੰ ਸਲਾਮ ਕਰਦੇ ਹਨ ਅਤੇ ਮੁਸਲਮਾਨ ਲਹਿੰਦੇ ਨੂੰ ਸਲਾਮ ਕਰਦੇ ਹਨ। ਹਿੰਦੂ ਮੁਰਦਿਆਂ ਨੂੰ ਸਾੜਦੇ ਹਨ ਤੇ ਮੁਸਲਿਮ ਦਬਾਉਂਦੇ ਹਨ। ਹੱਥ ਮੂੰਹ ਧੋਣਾ ਹੋਵੇ ਤਾਂ ਹਿੰਦੂ ਉੱਪਰੋਂ ਸ਼ੁਰੂ ਕਰਦੇ ਹਨ ਤੇ ਮੁਸਲਮਾਨ ਪੈਰਾਂ ਤੋਂ ਸ਼ੁਰੂ ਕਰਦੇ ਹਨ। ਇਸੇ ਤਰ੍ਹਾਂ ਉਨ੍ਹਾਂ ਨੇ ਇਹ ਵੀ ਕਿਹਾ ਕਿ ਹਿੰਦੂ ਤਵੇ ਦੇ ਉੱਪਰਲੇ ਪਾਸੇ ਰੋਟੀ ਪਾਉਂਦੇ ਹਨ ਤੇ ਉਹ ਥੱਲੇ ਵਾਲੇ ਪਾਸੇ ਨੂੰ ਪਾਉਦੇ ਹਨ। ਇਸ ਕਰਕੇ ਉਨ੍ਹਾਂ ਨੇ ਕਿਹਾ ਕਿ ਜੇ ਆਪਣੇ-ਆਪਣੇ ਰਾਜਸੀ ਹਿਤ ਹਨ ਤਾਂ ਇਸ ਦੇਸ਼ ਦੀ ਆਜ਼ਾਦੀ ਵਿੱਚ ਤੇ ਦੇਸ਼ ਦੀ ਵੰਡ ਨੂੰ ਕਰਨ ਵਿੱਚ ਕੋਈ ਹਰਜ਼ ਨਹੀਂ ਹੈ। ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਉੱਧਰੋਂ ਲੋਕਾਂ ਨੇ ਇੱਧਰ ਆਉਣਾ ਸੀ ਤੇ ਇੱਧਰੋਂ ਉੱਧਰ ਜਾਣਾ ਸੀ। ਪਾਕਿਸਤਾਨ ਸਰਕਾਰ ਨੇ ਪਾਬੰਦੀ ਲਗਾ ਦਿੱਤੀ ਕਿ ਹੋਰ ਲੋਕ ਤਾਂ ਸਾਰੇ ਜਾ ਸਕਦੇ ਹਨ ਪਰ ਐਸ.ਸੀ. ਨਹੀਂ ਜਾ ਸਕਦੇ ਕਿਉਂਕਿ ਉਹ ਸੋਚਦੇ ਸਨ ਕਿ ਸਾਡੀ ਗੰਦਗੀ ਕੌਣ ਸਾਫ ਕਰੇਗਾ, ਮਰੇ ਪਸ਼ੂ ਕੌਣ ਢੋਏਗਾ, ਸਫਾਈ ਕੌਣ ਕਰੇ ਗਾ ਤਾਂ ਇਸ ਵਿਰੁੱਧ ਡਾਕਟਰ ਅੰਬੇਦਕਰ ਜੀ ਨੇ 27 ਨਵੰਬਰ ਨੂੰ ਰੇਡੀਓ ਤੋਂ ਭਾਸ਼ਣ ਦਿੱਤਾ ਕਿ ਜਿਹੜੇ ਐਸ.ਸੀ. ਲੋਕ ਇੱਧਰ ਆਉਣਾ ਚਾਹੁੰਦੇ ਹਨ, ਇਸ ਜਗ੍ਹਾ ਤੇ ਕੈਂਪ ਵਿੱਚ ਇਕੱਠੇ ਹੋ ਜਾਣ ਅਸੀਂ ਮਾਹਿਰ ਪਲਟਨਾਂ ਭੇਜਾਂਗੇ। ਉਨ੍ਹਾਂ ਨੇ ਭਾਰਤ ਤੋਂ ਮਾਹਿਰ ਪਲਟਨਾਂ ਭੇਜੀਆਂ ਤੇ ਉਹ ਸਾਰੇ ਲੋਕਾਂ ਨੂੰ ਲੈ ਕੇ ਆਏ ਔਰ ਇਹ ਉਨ੍ਹਾਂ ਦੀ ਬਹੁਤ ਵੱਡੀ ਕੁਰਬਾਨੀ ਜਾਂ ਸੋਚ ਸਮਝੀ ਜਾਵੇ। ਉਨ੍ਹਾਂ ਨੇ ਪੰਜਾਬ ਦਾ ਤਿੰਨ ਵਾਰੀ ਦੌਰਾ ਕੀਤਾ। ਉਹ ਪਹਿਲੀ ਵਾਰੀ ਸਾਲ 1932 ਵਿੱਚ ਲਾਰਡ

[ ਸ਼੍ਰੀ ਸੋਮ ਪ੍ਰਕਾਸ਼ ]

ਲੋਥੀਅਨ ਫਰੈਂਚਾਈਜ਼ ਕਮੇਟੀ ਦੇ ਮੈਂਬਰ ਬਣ ਕੇ ਆਏ। ਦੂਸਰੀ ਵਾਰ ਉਹ ਸਾਲ 1936 ਵਿੱਚ 11, 12 ਅਤੇ 13 ਅਪ੍ਰੈਲ ਨੂੰ ਅੰਮ੍ਰਿਤਸਰ ਵਿਖੇ ਆਏ ਤੇ ਉੱਥੇ ਉਨ੍ਹਾਂ ਨੇ ਸਿੱਖ ਮਿਸ਼ਨਰੀ ਕਾਨਫਰੰਸ ਨੂੰ ਸੰਬੋਧਨ ਕੀਤਾ ਜਿਸ ਦੇ ਪ੍ਰਧਾਨ ਵਸਾਖਾ ਸਿੰਘ ਜੀ ਸੀ ਔਰ ਸਿੰਘ ਸਭਾ ਦੇ ਪ੍ਰਧਾਨ ਸਰਦਾਰ ਹੁਕਮ ਸਿੰਘ ਜੀ ਵੱਲੋਂ ਉਨ੍ਹਾਂ ਦਾ ਖਾਣਾ ਕੀਤਾ ਗਿਆ ਤੇ ਮਾਸਟਰ ਤਾਰਾ ਸਿੰਘ ਤੇ ਤੇਜਾ ਸਿੰਘ ਉੱਥੇ ਸ਼ਾਮਿਲ ਹੋਏ ਅਤੇ ਉਨ੍ਹਾਂ ਦਾ ਬਹੁਤ ਵੱਡਾ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਸਾਲ 1951 ਵਿੱਚ ਉਨ੍ਹਾਂ ਨੇ ਪੰਜਾਬ ਦਾ ਦੌਰਾ ਕੀਤਾ। ਉਹ ਜਦੋਂ 27 ਜੂਨ, 1951 ਨੂੰ ਅੰਮ੍ਰਿਤਸਰ ਹਵਾਈ ਅੱਡੇ ਤੇ ਉਤਰੇ ਤਾਂ ਪਹਿਲਾ ਭਾਸ਼ਣ ਉਨ੍ਹਾਂ ਨੇ ਜਲੰਧਰ ਆ ਕੇ ਦਿੱਤਾ ਜਿੱਥੇ ਅੱਜ ਅੰਬੇਦਕਰ ਭਵਨ ਬਣਿਆ ਹੋਇਆ ਹੈ ਤੇ ਉਸ ਤੋਂ ਬਾਅਦ ਉਨ੍ਹਾਂ ਨੇ ਦੂਜਾ ਭਾਸ਼ਣ ਜਲੰਧਰ ਦੇ ਡੀ.ਏ.ਵੀ. ਕਾਲਜ ਵਿਖੇ ਕੀਤਾ ਤੇ ਉਸ ਤੋਂ ਬਾਅਦ ਲੁਧਿਆਣੇ ਭਾਸ਼ਣ ਹੋਇਆ ਅਤੇ ਲਾਸਟ ਭਾਸ਼ਣ ਉਨ੍ਹਾਂ ਦਾ 29 ਤਾਰੀਖ ਨੂੰ ਪਟਿਆਲਾ ਵਿੱਚ ਹੋਇਆ ਜਿਸ ਵਿੱਚ ਲੱਖਾਂ ਲੋਕ ਉਨ੍ਹਾਂ ਨੂੰ ਸੁਣਨ ਲਈ ਪਹੁੰਚੇ। ਉਨ੍ਹਾਂ ਨੂੰ ਦੋ ਵਾਰੀ ਇਲੈਕਸ਼ਨ ਵਿੱਚ ਹਰਾਇਆ ਗਿਆ ਤੇ ਉਨ੍ਹਾਂ ਨੇ ਆਪਣੀ ਜਿੰਦਗੀ ਵਿੱਚ ਜਾਤ-ਪਾਤ ਦਾ ਦੁਖ ਆਪਣੇ ਸੀਨੇ ਅਤੇ ਸਰੀਰ ਤੇ ਹੰਢਾਇਆ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਹਾਂ ਪਰ ਹਿੰਦੂ ਮਰਾਂਗਾ ਨਹੀਂ। 13 ਅਕਤੂਬਰ, 1935 ਨੂੰ ਉਨ੍ਹਾਂ ਨੇ ਧਰਮ ਪਰਿਵਰਤਨ ਦਾ ਐਲਾਨ ਕੀਤਾ ਔਰ 21 ਸਾਲਾਂ ਬਾਅਦ 14 ਅਕਤੂਬਰ, 1956 ਨੂੰ ਨਾਗਪੁਰ ਵਿਖੇ ਇੱਕ ਬਜ਼ੁਰਗ ਭਿਕਸ਼ੂ ਤੋਂ ਭਿਕਸ਼ਾ ਲੈ ਕੇ ਉਨ੍ਹਾਂ ਨੇ ਧਰਮ ਪਰਿਵਰਤਨ ਕੀਤਾ ਤੇ ਕਿਹਾ ਜਾਂਦਾ ਹੈ ਕਿ ਇਸ ਤੋਂ ਵੱਡਾ ਧਰਮ ਪਰਿਵਰਤਨ 8 ਤੋਂ 10 ਲੱਖ ਲੋਕਾਂ ਦਾ ਕਦੀ ਨਹੀਂ ਹੋਇਆ । ਇੰਨਾ ਵੱਡਾ ਪਰਿਵਰਤਨ ਕਦੇ ਦੁਨੀਆ ਵਿੱਚ ਨਹੀਂ ਹੋਇਆ ਸੀ। ਜਦੋਂ ਡਾਕਟਰ ਸਾਹਿਬ ਦੀ ਡੈਥ ਹੋਈ ਤਾਂ ਉਨ੍ਹਾਂ ਦੀ ਵਿਰਾਸਤ ਵਿੱਚ ਇੱਕ ਮਕਾਨ ਅਤੇ ਇੱਕ ਲਾਇਬ੍ਰੇਰੀ ਸੀ ਜਿਸ ਵਿੱਚ ਬਹੁਤ ਕਿਤਾਬਾਂ ਸਨ ਤੇ 20,000/- ਰੁਪਏ ਦਾ ਉਨ੍ਹਾਂ ਦੇ ਸਿਰ ਤੇ ਕਰਜ਼ਾ ਸੀ। ਉਨ੍ਹਾਂ ਦੇ ਮਰਨ ਦੇ ਵੇਲੇ ਜੋ ਪੰਡਿਤ ਨਹਿਰੂ ਜੀ ਨੇ ਭਾਸ਼ਣ ਦਿੱਤਾ, ਉਹ ਵੀ ਬਹੁਤ ਸੁਣਨ ਵਾਲਾ ਹੈ। ਨਹਿਰੂ ਸਾਹਿਬ ਨੇ ਪਾਰਲੀਮੈਂਟ ਵਿੱਚ ਬੋਲਦਿਆਂ ਕਿਹਾ ਸੀ, "ਮੇਰੇ ਵਿਚਾਰ ਵਿੱਚ ਡਾਕਟਰ ਅੰਬੇਦਕਰ ਨੂੰ ਸਭ ਤੋਂ ਵੱਧ ਇਸ ਕਰਕੇ ਯਾਦ ਕੀਤਾ ਜਾਵੇਗਾ ਕਿਉਂਕਿ ਉਹ ਹਿੰਦੂਆਂ ਦੇ ਤਮਾਮ ਅਤਿਆਚਾਰੀ ਪੱਖਾਂ ਤੋਂ ਵਿਦਰੋਹ ਦਾ ਚਿੰਨ੍ਹ ਸਨ । ਜਿਨ੍ਹਾਂ ਗੱਲਾਂ ਵਿਰੁੱਧ ਉਨ੍ਹਾਂ ਨੇ ਮੁਖਲਾਫਤ ਕੀਤੀ, ਸਾਨੂੰ ਸਭ ਨੂੰ ਉਸ ਦੇ ਖਿਲਾਫ ਵਿਦਰੋਹ ਕਰਨਾ ਚਾਹੀਦਾ

ਹੈ । ਇਹ ਨਹਿਰੂ ਸਾਹਿਬ ਨੇ ਕਿਹਾ ਸੀ । ਕਰੋੜਾਂ ਲੋਕ, ਜਿਨ੍ਹਾਂ ਨੂੰ ਦੇਖਣਾ ਤੇ ਛੂਹਣਾ ਪਾਪ ਸੀ, ਜਿਨ੍ਹਾਂ ਦੀ ਪਰਛਾਈ ਵੀ ਅਪਵਿੱਤਰ ਮੰਨੀ ਜਾਂਦੀ ਸੀ, ਜਿਨ੍ਹਾਂ ਦੇ ਤਾਲ, ਬਸਤੀਆਂ ਤੇ ਮੁਰਦਾ ਘਾਟ ਨੂੰ ਨਫਰਤ ਨਾਲ ਦੇਖਿਆ ਜਾਂਦਾ ਸੀ, ਅੱਜ ਉਹ ਬਰਾਬਰੀ ਦੀ ਮੰਜ਼ਲ ਵੱਲ ਛਾਲਾਂ ਮਾਰਦੇ ਹੋਏ ਵੱਧ ਰਹੇ ਹਨ । ਅੱਜ ਉਹ ਲੋਕ ਜੋ ਸਿਰ ਨੀਵਾਂ ਕਰਕੇ ਤੁਰਦੇ ਸੀ, ਅੱਜ ਸੀਨਾ ਤਾਣ ਕੇ ਅੱਗੇ ਵਧਣ ਦੀ ਕਪੈਸਿਟੀ ਵਿੱਚ ਲੱਗੇ ਹੋਏ ਹਨ। ਇਹ ਡਾਕਟਰ ਅੰਬੇਦਕਰ ਸਾਹਿਬ ਦੀ ਕਿਰਪਾ ਹੈ ।

ਡਾਕਟਰ ਸਾਹਿਬ ਦੇ ਸਬੰਧ ਵਿੱਚ ਵੱਡੇ-ਵੱਡੇ ਸਮਾਰਕ ਬਣੇ ਹੋਏ ਹਨ । ਜਦੋਂ ਵਾਜਪਾਈ ਸਾਹਿਬ ਦੀ ਸਰਕਾਰ ਸੀ, ਪਹਿਲਾ ਸਮਾਰਕ ਮਹੋ ਵਿਖੇ ਬਣਿਆ ਹੈ ਜਿਹੜੀ ਉਨ੍ਹਾਂ ਦੀ ਬਰਥ ਪਲੇਸ ਸੀ, ਉਥੇ ਮਿਲਟਰੀ ਹੈੱਡਕੁਆਰਟਰ ਦੀ ਛਾਉਣੀ ਸੀ, ਉਸ ਨੂੰ ਐਕੁਆਇਰ ਕਰਕੇ ਉਥੇ ਬਹੁਤ ਵੱਡਾ ਸਮਾਰਕ ਬਣਿਆ ਹੈ ਜਿੱਥੇ ਹਰ ਸਾਲ ਕੁੰਭ ਮੇਲਾ ਲੱਗਦਾ ਹੈ ਅਤੇ ਲੱਖਾਂ ਲੋਕ ਜਾਂਦੇ ਹਨ । ਲੱਖਾਂ ਲੋਕ ਉਨ੍ਹਾਂ ਦੇ ਜਨਮ ਦਿਨ ਤੇ ਇਕੱਠੇ ਹੁੰਦੇ ਹਨ ਤੇ ਸਾਰਾ ਖਰਚ ਸਟੇਟ ਦੀ ਸਰਕਾਰ ਕਰਦੀ ਹੈ । ਦੂਸਰਾ, ਚੇਤਿਆ ਭੂਮੀ ਦਾਦਰ ਵਿੱਚ ਹੈ ਜਿੱਥੇ ਉਨ੍ਹਾਂ ਦਾ ਸਸਕਾਰ ਹੋਇਆ ਸੀ। ਤੀਸਰਾ, ਦੀਕਸ਼ਾ ਭੂਮੀ ਜਿੱਥੇ ਨਾਗਪੁਰ ਵਿਖੇ ਉਨ੍ਹਾਂ ਨੇ ਆਪਣਾ ਧਰਮ ਪਰਿਵਰਤਨ ਕੀਤਾ ਸੀ, ਉਥੇ ਬੜਾ ਵੱਡਾ ਸਮਾਰਕ ਬਣਿਆ ਹੈ ਤੇ ਚੌਥਾ ਅਲੀਪੁਰ ਰੋਡ ਤੇ ਬਣਿਆ ਹੋਇਆ ਹੈ ਜਿੱਥੇ ਉਨ੍ਹਾਂ ਨੇ ਰਿਜ਼ਾਈਨ ਕੀਤਾ ਸੀ ਤੇ ਫਿਰ ਉਹ ਪ੍ਰਾਈਵੇਟ ਬਿਲਡਿੰਗ ਵਿੱਚ ਆ ਕੇ ਰਹਿਣ ਲੱਗ ਪਏ ਸਨ । ਹੁਣ ਉਥੇ ਵੀ ਵੱਡਾ ਸਮਾਰਕ ਬਣਨ ਜਾ ਰਿਹਾ ਹੈ । ਇਸੇ ਤਰ੍ਹਾਂ ਜਿੱਥੇ ਇੰਗਲੈਂਡ ਵਿੱਚ ਉਹ ਪੜ੍ਹੇ ਹਨ, ਉਹ ਵੀ ਜਗ੍ਹਾ ਸਰਕਾਰ ਨੇ ਐਕੁਆਇਰ ਕੀਤੀ ਹੈ ਤੇ ਉਥੇ ਵੀ ਵੱਡਾ ਸਮਾਰਕ ਸਰਕਾਰ ਬਣਾ ਰਹੀ ਹੈ । ਇਸੇ ਤਰ੍ਹਾਂ ਡਾਕਟਰ ਅੰਬੇਦਕਰ ਸਾਹਿਬ ਦੀ ਬਹੁਤ ਵੱਡੀ ਦੇਣ ਇਸ ਕਰਕੇ ਵੀ ਹੈ ਕਿਉਂਕਿ ਉਨ੍ਹਾਂ ਨੇ ਆਪਣਾ ਰਸਤਾ ਆਪ ਬਣਾਇਆ। ਉਨ੍ਹਾਂ ਨੇ ਇੱਕ ਵਿਧਾਤਾ ਬਣ ਕੇ ਲੋਕਾਂ ਦੀ ਤਕਦੀਰ ਲਿਖੀ । ਉਨ੍ਹਾਂ ਨੇ ਲੋਕਾਂ ਦੀ ਤਕਦੀਰ ਬਦਲ ਕੇ ਰੱਖੀ । ਜਿਵੇਂ ਸੁਰਜੀਤ ਪਾਤਰ ਕਹਿੰਦੇ ਹਨ :

ਮੈਂ ਰਾਹਾਂ ਤੇ ਨਹੀਂ ਟੁਰਦਾ । ਮੈਂ ਟੁਰਦਾ ਹਾਂ ਤਾਂ ਰਾਹ ਬਣਦੇ ।
ਲੱਖਾਂ ਹੀ ਕਾਫਲੇ ਆ ਕੇ ਮੇਰੇ ਸੱਚ ਦਾ ਗਵਾਹ ਬਣਦੇ ।

ਉਨ੍ਹਾਂ ਨੇ ਸੱਚਮੁੱਚ ਇੱਕ ਨਵਾਂ ਰਸਤਾ ਬਣਾ ਕੇ ਦੱਸਿਆ । ਸਾਨੂੰ ਉਨ੍ਹਾਂ ਦੇ

[ ਸ਼੍ਰੀ ਸੋਮ ਪ੍ਰਕਾਸ਼ ]

ਦੱਸੇ ਰਸਤੇ ਤੇ ਚੱਲਣਾ ਚਾਹੀਦਾ ਹੈ । ਜੇ ਅਸੀਂ ਸੱਚਮੁੱਚ ਉਨ੍ਹਾਂ ਨੂੰ ਯਾਦ ਕਰਦੇ ਹਾਂ ਤਾਂ ਜਿਸ ਢੰਗ ਨਾਲ ਉਹ ਚਾਹੁੰਦੇ ਸਨ ਕਿ ਸਾਰਾ ਸਮਾਜ ਇੱਕੋ ਜਿਹਾ ਹੋਵੇ, ਜਾਤ-ਪਾਤ ਤੋਂ ਰਹਿਤ ਹੋਵੇ, ਉਸ ਨੂੰ ਪੂਰਾ ਕਰੀਏ ਪਰ ਉਹ ਗੱਲ ਨਹੀਂ ਹੋ ਸਕੀ ।

**ਸ਼੍ਰੀ ਸਭਾਪਤੀ :** ਸੋਮ ਪ੍ਰਕਾਸ਼ ਜੀ, ਵਾਈਂਡ ਅੱਪ ਕਰੋ ਜੀ ।

**ਸ਼੍ਰੀ ਸੋਮ ਪ੍ਰਕਾਸ਼ :** ਇਹ ਸਮਾਜ ਜਾਤ-ਪਾਤ ਤੋਂ ਰਹਿਤ ਹੋਵੇ, ਉਹ ਗੱਲ ਬਣ ਨਹੀਂ ਸਕੀ । ਮੈਂ ਚਾਹੁੰਦਾ ਸੀ ਕਿ ਡਿਪਟੀ ਸੀ. ਐਮ. ਸਾਹਿਬ ਹੁਣ ਬੈਠੇ ਹੁੰਦੇ ਕਿਉਂਕਿ ਮੈਂ ਇਸ ਸਬੰਧ ਵਿੱਚ ਇੱਕ ਗੱਲ ਕਰਨੀ ਚਾਹੁੰਦਾ ਹਾਂ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਡਿਪਟੀ ਸੀ. ਐਮ. ਸਾਹਿਬ ਨੂੰ ਅੰਬੇਦਕਰ ਸਾਹਿਬ ਨਾਲ ਕੋਈ ਇੰਟਰਸਟ ਨਹੀਂ ਹੈ ।

**ਸ਼੍ਰੀ ਸਭਾਪਤੀ :** ਬੈਠੋ ਜੀ, ਬੈਠੋ । ਸੋਮ ਪ੍ਰਕਾਸ਼ ਜੀ, ਵਾਈਂਡ ਅੱਪ ਕਰੋ ।

**ਸ਼੍ਰੀ ਸੋਮ ਪ੍ਰਕਾਸ਼ :** ਮਾਨਯੋਗ ਮੰਤਰੀ ਜੀ ਬੈਠੇ ਹਨ । ਮੈਂ ਇਨ੍ਹਾਂ ਨੂੰ ਅਪੀਲ ਕਰਨੀ ਚਾਹੁੰਦਾ ਹਾਂ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਕਿਹੜੇ ਮੰਤਰੀ ਜੀ ਬੈਠੇ ਹਨ ? (ਵਿਘਨ)

**ਮਾਨਯੋਗ ਸਪੀਕਰ :** ਸੁਣੋ ਜੀ, ਪਲੀਜ਼ ।

**ਸ਼੍ਰੀ ਸੋਮ ਪ੍ਰਕਾਸ਼ :** ਚੇਅਰਮੈਨ ਸਾਹਿਬ, ਮੈਂ ਸੀਰੀਅਸ ਗੱਲ ਕਰਨ ਲੱਗਾ ਹਾਂ । ਆਪਣੇ ਧਰਮ ਦੀ ਖਾਤਰ ਹਰ ਕੋਈ ਬੰਦਾ ਭਾਵੁਕ ਹੁੰਦਾ ਹੈ । ਆਪਣੇ ਲੀਡਰਾਂ ਦੀ ਖਾਤਰ ਵੀ ਭਾਵੁਕ ਹੁੰਦਾ ਹੈ । ਧਾਰਮਿਕ ਸਥਾਨਾਂ ਦੀ ਖਾਤਰ ਵੀ ਭਾਵੁਕ ਹੁੰਦਾ ਹੈ । ਸੰਨ 1984 ਵਿੱਚ ਜਦੋਂ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਹੋਇਆ ਤੇ ਬਹੁਤ ਸਾਰੇ ਸਿੱਖ ਫੌਜੀਆਂ ਨੇ ਬੈਰਕਾਂ ਛੱਡ ਦਿੱਤੀਆਂ । ਉਹ ਛੱਡ ਕੇ ਬਾਹਰ ਆ ਗਏ । ਭਾਵੇਂ ਬੈਰਕਾਂ ਛੱਡਣਾ ਕਾਨੂੰਨ ਦੇ ਉਲਟ ਹੈ ਪਰ ਅਸੀਂ ਉਨ੍ਹਾਂ ਦਾ ਸਤਿਕਾਰ ਕੀਤਾ । ਅਸੀਂ ਉਨ੍ਹਾਂ ਨੂੰ ਧਰਮੀ ਫੌਜੀ ਕਹਿ ਕੇ ਉਨ੍ਹਾਂ ਦੀਆਂ ਪੈਨਸ਼ਨਾਂ ਵੀ ਲਗਾਈਆਂ । ਇਸੇ ਤਰ੍ਹਾਂ ਵਿਆਨਾ ਕਾਂਡ ਹੋਇਆ ਜਿੱਥੇ ਸੰਤ ਰਾਮਾਨੰਦ ਦੀ ਹੱਤਿਆ ਹੋਈ । ਉਸ ਤੋਂ ਬਾਅਦ ਬਹੁਤ ਸਾਰੇ ਲੋਕ ਭਾਵੁਕ ਹੋਏ ਜਿਨ੍ਹਾਂ ਨੇ ਕਾਫੀ ਨੁਕਸਾਨ ਵੀ ਕੀਤਾ, ਕਾਨੂੰਨ ਵੀ ਆਪਣੇ ਹੱਥ ਵਿੱਚ ਲਿਆ ਪਰ ਜਦੋਂ ਉਨ੍ਹਾਂ ਤੇ ਜ਼ਿਆਦਤੀਆਂ ਹੋਈਆਂ ਤਾਂ ਉਨ੍ਹਾਂ ਲੋਕਾਂ ਤੇ ਵੀ ਕੇਸ ਰਜਿਸਟਰ

ਹੋਏ ਜਿਹੜੇ ਵਿਦੇਸ਼ਾਂ ਵਿੱਚ ਬੈਠੇ ਸਨ । ਕੋਈ ਹਸਪਤਾਲ ਵਿੱਚ ਦਾਖਲ ਸੀ, ਉਸ ਤੇ ਵੀ ਕੇਸ ਰਜਿਸਟਰ ਹੋ ਗਿਆ, ਕੋਈ ਆਪਣੀ ਡਿਊਟੀ ਤੇ ਸੀ, ਉਸ ਤੇ ਵੀ ਕੇਸ ਰਜਿਸਟਰ ਹੋ ਗਿਆ ਔਰ ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਉਹ ਲੋਕ ਨਾ ਤਾਂ ਕ੍ਰਿਮੀਨਲ ਸਨ ਤੇ ਨਾ ਹੀ ਉਨ੍ਹਾਂ ਨੇ ਜਾਣ-ਬੁੱਝ ਕੇ ਗਲਤੀਆਂ ਕੀਤੀਆਂ ਸਨ। ਜਦੋਂ ਉਨ੍ਹਾਂ ਦੇ ਗੁਰੂ ਨੂੰ ਸ਼ਹੀਦ ਕੀਤਾ ਗਿਆ ਤਾਂ ਉਹ ਭਾਵੁਕ ਹੋ ਗਏ ਸਨ।

ਆਪਣਾ ਗੁਰੂ ਜਦੋਂ ਸ਼ਹੀਦ ਕੀਤਾ ਗਿਆ, ਸਰਕਾਰ ਨੇ ਜਿਸ ਤਰ੍ਹਾਂ ਧਰਮੀ ਫੌਜੀਆਂ ਬਾਰੇ ਸੋਚਿਆ ਸੀ, ਉਨ੍ਹਾਂ ਬਾਰੇ ਵੀ ਸੋਚਣਾ ਚਾਹੀਦਾ ਹੈ। ਉਨ੍ਹਾਂ ਦੇ ਕੇਸ ਵਿਦਡਰਾਅ ਕਰਨੇ ਚਾਹੀਦੇ ਹਨ।

**ਸ਼੍ਰੀ ਸਭਾਪਤੀ :** ਵਾਈਂਡ ਅੱਪ ਕਰੋ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ। ਮਾਨਯੋਗ ਮੈਂਬਰ ਸਾਹਿਬ ਨੂੰ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਹੰਝੂ ਕਿਸ ਵਾਸਤੇ ਵਹਾ ਰਹੇ ਹਨ?

**ਸ਼੍ਰੀ ਸੋਮ ਪ੍ਰਕਾਸ਼ :** ਬੈਠ ਜਾਓ ਮਹਾਰਾਜ।

**ਸਰਦਾਰ ਚਰਨਜੀਤ ਸਿੰਘ ਚੰਨੀ :** ਇੱਕ ਮਿੰਟ, ਕਿਉਂ ਬੈਠੀਏ? ਤੁਸੀਂ ਸਰਕਾਰ ਦੇ ਵਿੱਚ ਹੋ। ਤੁਸੀਂ ਉਨ੍ਹਾਂ ਲੋਕਾਂ ਦੇ ਨੁਮਾਇੰਦੇ ਬਣਦੇ ਹੋ ....(ਵਿਘਨ)...

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਸਰਕਾਰ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ....(ਵਿਘਨ)...

**ਸਰਦਾਰ ਚਰਨਜੀਤ ਸਿੰਘ ਚੰਨੀ :** ਬੇਨਤੀਆਂ ਕਿਸ ਵਾਸਤੇ ਕਰਦੇ ਹੋ, ਤੁਸੀਂ ਇਧਰ ਬੈਠੇ ਕੀ ਕਰਦੇ ਹੋ?...(ਵਿਘਨ)...

**ਸ਼੍ਰੀ ਸਭਾਪਤੀ :** ਉਨ੍ਹਾਂ ਨੇ ਗੱਲ ਆਖ ਦਿੱਤੀ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਸ਼ਡਿਊਲ ਕਾਸਟ ਕਲਾਸ ਦਾ ਕਰਦੇ ਕੀ ਹੋ? ਤੁਸੀਂ ਉਨ੍ਹਾਂ ਤੇ ਕੇਸ ਦਰਜ ਕਰਵਾ ਕੇ, ਫੌਜੀਆਂ ਦੀਆਂ ਉਦਾਹਰਨਾਂ ਦੇ ਕੇ ਅੱਜ ਉਨ੍ਹਾਂ ਦੀ ਹਮਦਰਦੀ ਲੈਣਾ ਚਾਹੁੰਦੇ ਹੋ? ....(ਵਿਘਨ)....

**ਸ਼੍ਰੀ ਸਭਾਪਤੀ :** ਚੰਨੀ ਜੀ, ਤੁਸੀਂ ਵੀ ਬੋਲਣਾ ਹੈ ...(ਵਿਘਨ)....

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਤਾਂ ਸਰਕਾਰ ਵਿੱਚ ਹੋ, ਜਾਂ ਤਾਂ ਸਰਕਾਰ ਵਿੱਚੋਂ ਬਾਹਰ ਨਿਕਲੋ ...(ਵਿਘਨ)..

**ਸ਼੍ਰੀ ਸਭਾਪਤੀ :** ਚੰਨੀ ਜੀ, ਪਲੀਜ਼ ਬੈਠ ਜਾਵੋ। ਤੁਹਾਨੂੰ ਮੌਕਾ ਮਿਲਣਾ ਹੈ, ਤੁਸੀਂ ਉਦੋਂ ਬੋਲ ਲੈਣਾ। ਸੋਮ ਪ੍ਰਕਾਸ਼ ਜੀ, ਵਾਈਂਡ ਅੱਪ ਕਰੋ।

**ਸ਼੍ਰੀ ਸੋਮ ਪ੍ਰਕਾਸ਼ :** ਮੈਂ ਸਿਰਫ ਇੱਕੋ ਹੀ ਗੱਲ ਕਹਾਂਗਾ। ਇਨ੍ਹਾਂ ਨੂੰ ਤਾਂ ਪਾਰਟੀ ਵਾਲੇ ਐਵੇਂ ਮਿਸਯੂਜ਼ ਕਰਦੇ ਹਨ। ਸਾਰਾ ਦਿਨ ਖਰਾਬ ਕਰ ਦਿੱਤਾ। ਇਨ੍ਹਾਂ ਨੂੰ ਵਰਗਲਾ ਲੈਂਦੇ ਹਨ। ਇਨ੍ਹਾਂ ਤੋਂ ਟਾਈਮ ਖਰਾਬ ਕਰਵਾ ਦਿੰਦੇ ਹਨ। ਇਨ੍ਹਾਂ ਤੋਂ ਕਰਵਾਉਂਦੇ ਹਨ। ਮੈਂ ਇੱਕ ਗੱਲ ਹੀ ਕਹਿਣੀ ਹੈ। ਜਦੋਂ ਵੀ ਕਿਸੇ ਦਲਿਤ ਲੜਕੀ ਨਾਲ ਬਲਾਤਕਾਰ ਹੁੰਦਾ ਹੈ, ਸ਼ਮਸ਼ਾਨਘਾਟ ਵਿੱਚ ਕਿਸੇ ਦਲਿਤ ਦਾ ਸਸਕਾਰ ਨਹੀਂ ਹੋਣ ਦਿੱਤਾ ਜਾਂਦਾ, ਜਦੋਂ ਕਿਸੇ ਨੂੰ ਘੋੜੀ ਤੇ ਨਹੀਂ ਚੜ੍ਹਨ ਦਿੱਤਾ ਜਾਂਦਾ ਅਤੇ ਜਦੋਂ ਕਿਸੇ ਤੇ ਤਸ਼ੱਦਦ ਹੁੰਦਾ ਹੈ ਤਾਂ ਅੰਮ੍ਰਿਤਾ ਪ੍ਰੀਤਮ ਦੀ ਉਹ ਕਵਿਤਾ ਯਾਦ ਆਉਂਦੀ ਹੈ, 'ਅੱਜ ਆਖਾਂ ਵਾਰਿਸ਼ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ', ਉਸੇ ਤਰ੍ਹਾਂ ਡਾਕਟਰ ਅੰਬੇਦਕਰ ਸਾਹਿਬ ਨੂੰ ਯਾਦ ਕਰਨ ਨੂੰ ਦਿਲ ਕਰਦਾ ਹੈ ਕਿ ਇੱਕ ਹੋਰ ਡਾਕਟਰ ਅੰਬੇਦਕਰ ਆਵੇ ਜੋ ਇਸ ਗਰੀਬ ਜਨਤਾ ਦਾ ਭਲਾ ਕਰ ਸਕੇ। ਬਹੁਤ ਬਹੁਤ ਧੰਨਵਾਦ।

**ਸ਼੍ਰੀ ਸਭਾਪਤੀ :** ਸ਼੍ਰੀ ਪਵਨ ਕੁਮਾਰ ਟੀਨੂੰ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ :** ਇਹ ਕੀ ਹੋ ਰਿਹਾ ਹੈ ਜੀ? ਸਾਡਾ ਇੱਕ ਬੰਦਾ ਬੋਲਿਆ ਹੈ, ਉਨ੍ਹਾਂ ਦੇ ਦਸ ਬੋਲ ਲਏ। ਫਿਰ ਅਸੀਂ ਚਲੇ ਜਾਈਏ ? ....(ਵਿਘਨ)... ਇਕੱਲਾ ਇਨ੍ਹਾਂ ਦਾ ਹੀ ਅੰਬੇਦਕਰ ਹੈ? ਇਹ ਕੀ ਤਰੀਕਾ ਹੈ ਜੀ?

**ਸ਼੍ਰੀ ਸਭਾਪਤੀ :** ਇਧਰੋਂ ਸੱਤ ਬੁਲਾਰੇ ਹਨ ਅਤੇ ਇਸ ਤੋਂ ਬਾਅਦ ਸ਼੍ਰੀ ਤਰਲੋਚਨ ਸਿੰਘ ਬੋਲਣਗੇ ...(ਵਿਘਨ)...

**ਸਰਦਾਰ ਚਰਨਜੀਤ ਸਿੰਘ ਚੰਨੀ :** ਇਹ ਕੋਈ ਤਰੀਕਾ ਹੈ ਤੁਹਾਡਾ? ਸਾਡਾ ਇੱਕ ਬੰਦਾ ਬੋਲਿਆ ਹੈ, ਇਨ੍ਹਾਂ ਦੇ 6 ਬੋਲ ਚੁੱਕੇ ਹਨ ...(ਵਿਘਨ)... ਨਹੀਂ, ਪਹਿਲਾਂ ਅਸੀਂ ਬੋਲਾਂਗੇ ....(ਵਿਘਨ)....

(ਇਸ ਸਮੇਂ ਵਿਰੋਧੀ ਧਿਰ ਦੇ ਹਾਜ਼ਰ ਮੈਂਬਰ ਸਾਹਿਬਾਨ ਸਦਨ ਦੇ ਵੈੱਲ ਵਿੱਚ ਆ ਕੇ ਬੋਲਣ ਵਾਸਤੇ ਉਨ੍ਹਾਂ ਨੂੰ ਪਹਿਲਾਂ ਸਮਾਂ ਦੇਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸ਼੍ਰੀ ਸਭਾਪਤੀ :** ਤੁਹਾਡੇ ਤਿੰਨਾਂ ਦੀ ਲਿਸਟ ਹੈ, ਇਧਰੋਂ ਸੱਤ ਬੰਦਿਆਂ ਨੇ

ਬੋਲਣਾ ਹੈ। ਇਸ ਤੋਂ ਬਾਅਦ ਸ਼੍ਰੀ ਤਰਲੋਚਨ ਸਿੰਘ ਬੋਲਣਗੇ ....(ਵਿਘਨ).... ਦੋ ਇਧਰੋਂ ਰਹਿ ਗਏ ਅਤੇ ਦੋ ਤੁਹਾਡੇ ਰਹਿ ਗਏ ਹਨ। ...(ਵਿਘਨ)... ਰੰਧਾਵਾ ਸਾਹਿਬ, ਸੱਤ ਬੁਲਾਰੇ ਇਧਰੋਂ ਹਨ। ਤੁਹਾਡੇ ਤਿੰਨ ਬੁਲਾਰੇ ਹਨ। ....(ਵਿਘਨ).... ਦੋ ਇਧਰੋਂ ਅਤੇ ਦੋ ਉਧਰੋਂ ਰਹਿ ਗਏ ਹਨ। ਇਧਰੋਂ ਸੱਤ ਬੁਲਾਰੇ ਸੀ ਅਤੇ ਤੁਹਾਡੇ ਸਿਰਫ ਤਿੰਨ ਬੁਲਾਰੇ ਹਨ। ...(ਵਿਘਨ)....ਸ਼੍ਰੀ ਤਰਲੋਚਨ ਸਿੰਘ ਜੀ, ਇਸ ਤੋਂ ਬਾਅਦ ਤੁਸੀਂ ਬੋਲ ਲੈਣਾ ....(ਵਿਘਨ)... ਇਸ ਵਿੱਚ ਕੋਈ ਗੱਲ ਹੈ ਜੀ, ਦੱਸੋ ....(ਵਿਘਨ)..... ਸਾਰਾ ਹਾਊਸ ਬੈਠਾ ਹੈ। ਆਪਾਂ ਬਿਜ਼ਨਿਸ ਕੰਪਲੀਟ ਕਰਕੇ ਜਾਣਾ ਹੈ ਜੀ। ....(ਵਿਘਨ) ...ਸਾਰੇ ਬੁਲਾਰੇ ਬੋਲਣ ....(ਵਿਘਨ)....

**ਸ਼੍ਰੀ ਪਵਨ ਕੁਮਾਰ ਟੀਨੂੰ :** ਚੇਅਰਮੈਨ ਸਾਹਿਬ, ਪਹਿਲਾਂ ਇਨ੍ਹਾਂ ਨੂੰ ਬੁਲਾ ਦਿਓ, ਕੋਈ ਗੱਲ ਨਹੀਂ। ...(ਵਿਘਨ)... ਚੇਅਰਮੈਨ ਸਾਹਿਬ, ਜੇ ਤੁਹਾਡਾ ਹੁਕਮ ਹੋਵੇ ਤਾਂ ਇਨ੍ਹਾਂ ਨੂੰ ਬੁਲਾ ਦਿਓ, ਕੋਈ ਗੱਲ ਨਹੀਂ।

**ਸ਼੍ਰੀ ਸਭਾਪਤੀ :** ਇੱਕ ਮਿੰਟ ਮੇਰੀ ਗੱਲ ਸੁਣੋ ਜੀ .....(ਵਿਘਨ)... ਸ਼੍ਰੀ ਤਰਲੋਚਨ ਸਿੰਘ ਜੀ, ਸਪੀਕਰ ਸਾਹਿਬ ਨੇ ਹਾਊਸ ਦਾ ਸਮਾਂ ਵਧਾ ਦਿੱਤਾ ਹੈ ....(ਵਿਘਨ)... ਇਧਰੋਂ ਸੱਤ ਬੁਲਾਰੇ ਸੀ, ਤੁਸੀਂ ਵੀ ਆਪਣੇ ਸੱਤ ਦੇ ਦਿੰਦੇ ਫਿਰ ...(ਵਿਘਨ)... ਚਲੋ ਬੈਠੋ ....(ਵਿਘਨ)... ਤੁਹਾਨੂੰ ਵੀ ਬੋਲਣ ਲਈ ਸਮਾਂ ਮਿਲਣਾ ਹੀ ਹੈ। ਨਾਗਰਾ ਸਾਹਿਬ, ਤੁਹਾਨੂੰ ਵੀ ਸਮਾਂ ਮਿਲਣਾ ਹੈ। ਇਸ ਤੋਂ ਬਾਅਦ ਫਿਰ ਬਾਕੀ ਇਧਰੋਂ ਬੋਲਣਗੇ ਅਤੇ ਲਾਸਟ ਵਿੱਚ ਤੁਹਾਨੂੰ ਬੁਲਾਵਾਂਗੇ। ...(ਵਿਘਨ)....

(ਇਸ ਸਮੇਂ ਵਿਰੋਧੀ ਧਿਰ ਦੇ ਮੈਂਬਰ ਸਦਨ ਦੇ ਵੈੱਲ ਵਿੱਚੋਂ ਵਾਪਸ ਆਪਣੀਆਂ ਸੀਟਾਂ ਤੇ ਚਲੇ ਗਏ।)

**ਸ਼੍ਰੀ ਸਭਾਪਤੀ :** ਹੁਣ ਇੱਕ-ਇੱਕ ਮੈਂਬਰ ਬੋਲੇਗਾ ਜੀ। ...(ਵਿਘਨ)...ਸ਼੍ਰੀ ਤਰਲੋਚਨ ਸਿੰਘ। ਹੁਣ ਪਹਿਲਾਂ ਇਧਰੋਂ ਬੋਲਣਗੇ, ਫਿਰ ਤੁਸੀਂ ਬੋਲਿਓ। ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਉਧਰੋਂ ਚਾਰ ਬੋਲ ਗਏ ਹਨ।

**ਸ਼੍ਰੀ ਸਭਾਪਤੀ :** ਨਾਗਰਾ ਸਾਹਿਬ, ਲਿਸਟ ਵੀ ਸੱਤਾਂ ਦੀ ਹੈ। ਬੈਠੋ, ਪਲੀਜ਼।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਾਡੀ ਕਿੰਨਿਆਂ ਦੀ ਹੈ?

**ਸ਼੍ਰੀ ਸਭਾਪਤੀ :** ਤੁਹਾਡੀ ਤਿੰਨਾਂ ਦੀ ਹੈ। ਇਹ ਤੁਹਾਡੇ ਲੀਡਰ ਨੇ ਲਿਸਟ ਭੇਜੀ ਹੈ, ਇਹ ਤਿੰਨਾਂ ਦੀ ਹੈ। ਆਪਣੀ ਲਿਸਟ ਵੱਧ ਦੀ ਦੇ ਦਿੰਦੇ ਫਿਰ। ਬੈਠੋ ਹੁਣ, ਬਹਿ ਜਾਓ।

**ਸਰਦਾਰ ਚਰਨਜੀਤ ਸਿੰਘ ਚੰਨੀ:** ਚੇਅਰਮੈਨ ਸਾਹਿਬ, ਤੁਸੀਂ ਜਿਸ ਸੀਟ ਉਤੇ ਬੈਠੇ ਹੋ, ਉਸ ਦੀ ਥੋੜ੍ਹੀ ਜਿਹੀ ਇੱਜ਼ਤ ਰੱਖੋ ।

**ਸ਼੍ਰੀ ਸਭਾਪਤੀ :** ਹਾਂ ਜੀ, ਮੈਨੂੰ ਪਤਾ ਹੈ। ਹਾਂ ਜੀ, ਤਰਲੋਚਨ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਚੇਅਰਮੈਨ ਸਾਹਿਬ, ਮੈਨੂੰ ਵੀ ਬੋਲਣ ਦਾ ਸਮਾਂ ਦੇਣਾ ਜੀ..

**ਸ਼੍ਰੀ ਸਭਾਪਤੀ:** ਤੁਸੀਂ ਵੀ ਟਾਈਮ ਲੈ ਲੈਣਾ । ਹਾਂ ਜੀ, ਤਰਲੋਚਨ ਸਿੰਘ ਜੀ।

**ਸ਼੍ਰੀ ਤਰਲੋਚਨ ਸਿੰਘ (ਬੰਗਾ, ਐਸ.ਸੀ.):** ਚੇਅਰਮੈਨ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਹੈ ਕਿ..

**ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਤੁਸੀਂ ਇਕੱਲੇ ਦਲਿਤਾਂ ਨੂੰ ਬੁਲਾਈ ਜਾ ਰਹੇ ਹੋ, ਅਸੀਂ ਵੀ ਦਲਿਤ ਹੀ ਹਾਂ, ਸਾਨੂੰ ਵੀ ਬੁਲਾ ਲਵੋ। (ਹਾਸਾ) ਅਸੀਂ ਤਾਂ ਆਪ ਰਿਜਰਵੇਸ਼ਨ ਮੰਗੀ ਜਾਂਦੇ ਹਾਂ, ਤੁਸੀਂ ਦਿੰਦੇ ਨਹੀਂ ਹੋ। ਜੱਟ ਤਾਂ ਸਭ ਤੋਂ ਗਰੀਬ ਹੋਈ ਜਾਂਦਾ ਹੈ, ਆਪਾਂ ਸਾਰੇ ਹੀ ਦਲਿਤ ਹਾਂ, ਕੀ ਕਰੀ ਜਾਂਦੇ ਹੋ? ਕੀ ਹੋਇਆ ਜੇ ਮਲੂਕਾ ਸਾਹਿਬ ਕਾਇਮ ਹਨ...

**ਸ਼੍ਰੀ ਸਭਾਪਤੀ :** ਤੁਸੀਂ ਬੈਠੋ ਜੀ। ਹਾਂ ਜੀ, ਤਰਲੋਚਨ ਸਿੰਘ ਜੀ।

**ਸ਼੍ਰੀ ਤਰਲੋਚਨ ਸਿੰਘ:** ਚੇਅਰਮੈਨ ਸਾਹਿਬ, ਮੈਂ ਤੁਹਾਡਾ ਬਹੁਤ ਹੀ ਧੰਨਵਾਦੀ ਹਾਂ ਕਿ ਤੁਸੀਂ ਅੱਜ ਮੈਨੂੰ ਉਸ ਮਹਾਨ ਯੁੱਗ ਪੁਰਸ਼ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਦੇ 125ਵੇਂ ਜਨਮ ਦਿਵਸ ਦੇ ਸਬੰਧ ਵਿੱਚ ਬੋਲਣ ਲਈ ਸਮਾਂ ਦਿੱਤਾ ਹੈ, ਜਿਨ੍ਹਾਂ ਸਬੰਧੀ ਤਕਰੀਬਨ ਸਾਰੇ ਹਿੰਦੁਸਤਾਨ ਵਿੱਚ ਸਾਰੀਆਂ ਹੀ ਅਸੈਂਬਲੀਆਂ ਵਿੱਚ ਔਰ ਪਾਰਲੀਮੈਂਟ ਦੇ ਵਿੱਚ ਵੀ ਪ੍ਰੋਗਰਾਮ ਹੋ ਰਹੇ ਹਨ। ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਅੱਜ ਉਹ ਤਾਕਤਾਂ ਜਿਹੜੀਆਂ ਮਨੂਵਾਦੀ ਤਾਕਤਾਂ, ਜਗੀਰਵਾਦੀ ਤਾਕਤਾਂ, ਸਾਮੰਤਵਾਦੀ,

ਫਿਊਡੀਲਿਜ਼ਮ ਫੋਰਸਿਜ, ਕੰਪੀਟੇਲਿਸਟਿਕ ਫੋਰਸਿਜ਼ ਉਹ ਤਾਕਤਾਂ ਅੰਬੇਦਕਰ ਸਾਹਿਬ ਨੂੰ ਅੱਜ ਯਾਦ ਕਰ ਰਹੀਆਂ ਹਨ, ਚੇਅਰਮੈਨ ਸਾਹਿਬ, ਉਹ ਅੱਜ ਯਾਦ ਕਿਉਂ ਕਰ ਰਹੀਆਂ ਹਨ ਕਿਉਂਕਿ ਇਲੈਕਸ਼ਨ ਸਿਰ ਤੇ ਆਏ ਹੋਏ ਹਨ। ਇਲੈਕਸ਼ਨ ਸਿਰ ਤੇ ਆਏ ਹੋਏ ਹਨ, ਇਸ ਕਰਕੇ ਯਾਦ ਕਰ ਰਹੇ ਹਨ, ਸਾਰੇ ਹੀ ਬੁਲਾਰਿਆਂ ਨੇ see the seriousness of the Government .....

**ਸਰਦਾਰ ਚਰਨਜੀਤ ਸਿੰਘ ਚੰਨੀ (ਬੈਠੇ-ਬੈਠੇ):** ਚੇਅਰਮੈਨ ਸਾਹਿਬ, ਫਿਰ ਮੈਂ ਲਿਸਟ ਭੇਜ ਦੇਵਾਂ।

**ਸ਼੍ਰੀ ਤਰਲੋਚਨ ਸਿੰਘ:** ਚੰਨੀ ਜੀ, ਪਲੀਜ਼। ਚੇਅਰਮੈਨ ਸਾਹਿਬ, ਗੌਰਮਿੰਟ ਦੀ ਸੀਰੀਅਸਨੈਸ ਦੇਖੋ, ਇਸ ਵੇਲੇ ਸਦਨ ਵਿੱਚ ਮੁੱਖ ਮੰਤਰੀ ਸਾਹਿਬ ਹੈ ਨਹੀਂ, ਡਿਪਟੀ ਸੀ.ਐਮ.ਸਾਹਿਬ ਹੈ, ਪਹਿਲੀ ਮੰਤਰੀਆਂ ਦੀ ਸਾਰੀ ਲਾਈਨ ਖਾਲੀ ਹੈ, ਇਹ ਡਾਕਟਰ ਬੀ.ਆਰ.ਅੰਬੇਦਕਰ ਦੇ ਕਿੰਨੇ ਕੁ ਪੈਰੋਕਾਰ ਹਨ?

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਲਜ਼ਾਰ ਸਿੰਘ ਰਣੀਕੇ ) (ਬੈਠੇ-ਬੈਠੇ):** ਅਸੀਂ ਬੈਠੇ ਹਾਂ।

**ਸ਼੍ਰੀ ਤਰਲੋਚਨ ਸਿੰਘ:** ਮੈਂ ਤੁਹਾਡੇ ਤੇ ਵੀ ਆ ਜਾਂਦਾ ਹਾਂ, ਚਿੰਤਾ ਨਾ ਕਰੋ, ਪਲੀਜ਼। ਮੈਨੂੰ ਪਤਾ ਹੈ ਕਿ ਤੁਹਾਡੇ ਦਿਲ ਦੇ ਵਿੱਚ ਜਿਹੜਾ ਦਰਦ ਹੈ, ਉਹ ਮੈਂ ਵੀ ਜਾਣਦਾ ਹਾਂ। ਕੋਈ ਗੱਲ ਨਹੀਂ, ਆਪਾਂ ਬੜੀਆਂ ਗੱਲਾਂ ਸ਼ੇਅਰ ਕਰਦੇ ਹਾਂ....

**ਸ਼੍ਰੀ ਸਭਾਪਤੀ:** ਤੁਸੀਂ ਚੇਅਰ ਨੂੰ ਐਡਰੈਸ ਕਰੋ ਜੀ।

**ਸ਼੍ਰੀ ਤਰਲੋਚਨ ਸਿੰਘ:** ਚੇਅਰਮੈਨ ਸਾਹਿਬ, ਮੈਂ ਇਹੀ ਗੱਲ ਦੱਸੀ ਹੈ ਕਿ ਸਾਰੇ ਹੀ ਬੁਲਾਰਿਆਂ ਨੇ ਜਿਹੜੀ ਡਾਕਟਰ ਅੰਬੇਦਕਰ ਸਾਹਿਬ ਦੀ ਹਿੰਦੁਸਤਾਨ ਬਾਰੇ, ਹਿੰਦੁਸਤਾਨ ਦੇ ਸਮਾਜਿਕ ਢਾਂਚੇ ਨੂੰ, ਹਿੰਦੁਸਤਾਨ ਦੇ ਆਰਥਿਕ ਢਾਂਚੇ ਨੂੰ, ਹਿੰਦੁਸਤਾਨ ਦੇ ਧਾਰਮਿਕ ਢਾਂਚੇ ਨੂੰ ਔਰ ਰਾਜਨੀਤਕ ਢਾਂਚੇ ਨੂੰ ਡਾਕਟਰ ਅੰਬੇਦਕਰ ਸਾਹਿਬ ਦੀ ਜਿਹੜੀ ਦੇਣ ਹੈ, ਉਹ ਮੇਰਾ ਖਿਆਲ ਹੈ ਕਿ ਲਸਾਨੀ ਦੇਣ ਹੈ, ਦੁਨੀਆਂ ਦੇ ਉਤੇ ਇਹੋ ਜਿਹੀ ਕੋਈ ਮਿਸਾਲ ਨਹੀਂ ਮਿਲਦੀ । ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਹੈ ਕਿ ਅੱਜ ਮਨੂਵਾਦੀ ਤਾਕਤਾਂ ਨੂੰ ਡਾਕਟਰ ਅੰਬੇਦਕਰ ਸਾਹਿਬ ਯਾਦ ਆਏ ਹਨ ਕਿਉਂਕਿ ਹੁਣ ਸਾਡੇ ਦਲਿਤ ਸਮਾਜ ਦੀ ਪਾਪੂਲੇਸ਼ਨ ਵਧਦੀ ਜਾ ਰਹੀ ਹੈ, ਇਸ ਕਰਕੇ ਆਪਾਂ ਉਨ੍ਹਾਂ ਨੂੰ ਸਿਰਫ ਵੋਟਾਂ ਦੀ ਖਾਤਰ ਯਾਦ ਕਰ ਰਹੇ ਹਾਂ। ਬਹੁਤ ਵੱਡੇ-ਵੱਡੇ ਹੱਕ ਉਨ੍ਹਾਂ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਲੈ ਕੇ ਦਿੱਤੇ ਹਨ ਜਿਥੇ ਐਸ.ਸੀਜ਼ ਨੂੰ, ਬੀ.ਸੀਜ਼ ਨੂੰ ਦਿੱਤੇ ਹਨ, ਉਥੇ ਇਸਤਰੀ ਜਾਤੀ

[ ਸ਼੍ਰੀ ਤਰਲੋਚਨ ਸਿੰਘ ]

ਨੂੰ ਵੀ ਦਿੱਤੇ ਹਨ ਕਿਉਂਕਿ ਜਿਹੜਾ ਸਾਡਾ ਅੱਧਾ ਸਮਾਜ ਇਸਤਰੀ ਜਾਤੀ ਦਾ ਹੈ, ਉਸ ਸਮੇਂ ਜਦੋਂ ਡਾਕਟਰ ਅੰਬੇਦਕਰ ਸਾਹਿਬ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਹੋਣ ਦੇ ਨਾਤੇ ਸੰਵਿਧਾਨ ਲਿਖ ਰਹੇ ਸੀ ਤਾਂ ਵਿੱਚ ਇਹ ਗੱਲ ਵੀ ਉਠੀ ਸੀ ਕਿ ਔਰਤਾਂ ਨੂੰ ਜਿਹੜਾ ਵੋਟ ਦਾ ਰਾਈਟ ਹੈ, ਉਹ ਨਾ ਦਿਉ ਪਰ ਡਾਕਟਰ ਅੰਬੇਦਕਰ ਸਾਹਿਬ ਨੇ ਕਿਹਾ ਕਿ ਨਹੀਂ, ਜੇ ਅੱਧੀ ਅਬਾਦੀ ਰਾਈਟ ਟੂ ਵੋਟ ਤੋਂ ਵਾਂਝੀ ਰਹਿ ਗਈ ਤੇ ਜਿਹੜਾ ਸਾਡਾ ਸਮਾਜ ਹੈ ਤੇ ਜੋ ਉਨ੍ਹਾਂ ਦਾ ਸੁਪਨਾ ਸੀ ਕਿ ਅਸੀਂ ਸਮਾਜ ਨੂੰ ਬਹੁਤ ਉਚਾ ਲੈ ਕੇ ਜਾਣਾ ਹੈ, ਫਿਰ ਉਹ ਪੂਰਾ ਨਹੀਂ ਸੀ ਹੋਣਾ। ਗੁਰਬਾਣੀ ਵਿੱਚ ਵੀ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥

ਕਿਉਂਕਿ ਡਾਕਟਰ ਅੰਬੇਦਕਰ ਸਾਹਿਬ ਦੇ ਦਿਮਾਗ ਉਪਰ ਗੁਰਬਾਣੀ ਦਾ, ਗੁਰੂਆਂ ਦਾ ਔਰ ਸਾਡੇ ਭਗਵਾਨ ਬਾਲਮੀਕ ਜੀ ਦਾ, ਗੁਰੂ ਰਵਿਦਾਸ ਜੀ ਮਹਾਰਾਜ ਦਾ ਬਹੁਤ ਵੱਡਾ ਅਸਰ ਸੀ। ਉਨ੍ਹਾਂ ਨੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਹੜੀਆਂ ਔਰਤਾਂ ਸਨ ਉਨ੍ਹਾਂ ਨੂੰ ਬਹੁਤ ਵੱਡਾ ਰਾਈਟ ਲੈ ਕੇ ਦਿੱਤਾ। ਅੱਜ ਇੱਥੇ ਬਹੁਤ ਸਾਰੀਆਂ ਗੱਲਾਂ ਹੋਈਆਂ ਹਨ ਕਿ ਕਿਹੜੇ ਰਾਜਭਾਗ ਵਿੱਚ ਕਾਂਗਰਸ ਦੇ ਵੇਲੇ ਜਾਂ ਜੇ ਵਾਜਪਾਈ ਸਾਹਿਬ ਦੇ ਵੇਲੇ ਜਾਂ ਹੋਰ ਜਿੰਨੇ ਵੀ ਸੈਂਟਰ ਵਿੱਚ ਸਾਡੀਆਂ ਸਰਕਾਰਾਂ ਹੋਈਆਂ, ਉਨ੍ਹਾਂ ਦੇ ਵੇਲੇ ਕੀ ਕੀ ਰਾਈਟ, ਕਿਹੜੇ-ਕਿਹੜੇ ਰਾਈਟ ਲੈ ਕੇ ਦਿੱਤੇ ਹਨ, ਡਾਕਟਰ ਅੰਬੇਦਕਰ ਸਾਹਿਬ ਹੁਰਾਂ ਦੇ ਸੁਪਨਿਆਂ ਨੂੰ ਆਪਾਂ ਸਾਰੇ ਹੀ ਪੂਰਾ ਕਰਨਾ ਚਾਹੁੰਦੇ ਹਾਂ। ਮੁੱਖ ਮੰਤਰੀ ਸਾਹਿਬ ਇਥੇ ਇਹ ਗੱਲ ਵੀ ਕਹਿ ਕੇ ਚਲੇ ਗਏ ਔਰ ਡਿਪਟੀ ਸੀ.ਐਮ.ਸਾਹਿਬ ਵੀ ਚਲੇ ਗਏ ਤੇ ਕਿਹਾ ਕਿ ਕਾਂਗਰਸ ਦੇ ਵੇਲੇ ਦਲਿਤਾਂ ਦੇ ਨਾਲ ਬਹੁਤ ਧੱਕੇ ਹੋਏ ਹਨ ਪਰ ਚੇਅਰਮੈਨ ਸਾਹਿਬ, ਮੈਂ ਬਹੁਤੀ ਦੂਰ ਨਹੀਂ ਜਾਣਾ ਚਾਹੁੰਦਾ । ਮੈਂ ਇੱਥੇ ਹਾਊਸ ਦੇ ਵਿੱਚ ਹੀ ਅਪਰੂਵ ਕਰਨਾ ਚਾਹੁੰਦਾ ਹਾਂ ਕਿ ਸਰਦਾਰ ਸਰਵਨ ਸਿੰਘ ਫਿਲੌਰ ਜੀ ਬੈਠੇ ਹਨ, ਸਰਵਨ ਸਿੰਘ ਫਿਲੌਰ ਜੀ ਮਾਫ ਕਰਨਾ, ਇਹ ਦਲਿਤ, ਐਸ.ਸੀ.ਭਾਈਚਾਰੇ ਨਾਲ ਸਬੰਧ ਰੱਖਦੇ ਹਨ, ਭੋਲੇ ਨੇ ਇਨ੍ਹਾਂ ਦਾ ਨਾਂ ਨਹੀਂ ਲਿਆ ਸੀ (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਨ੍ਹਾਂ ਦੇ ਬੇਟੇ ਦਾ ਨਾਂ ਲਿਆ ਸੀ। ਇਸ ਤੋਂ ਵੱਡੀ ਡਿਸਕ੍ਰਿਮੀਨੇਸ਼ਨ ਅਕਾਲੀ ਦਲ ਤੇ ਬੀ.ਜੇ.ਪੀ. ਦੀ ਸਰਕਾਰ ਵਿੱਚ ਕਿਹੜੀ ਹੋ ਸਕਦੀ ਹੈ? (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਪਰ ਜਿਸ ਵਿਅਕਤੀ

ਦਾ ਨਾਂ ਸਿੱਧਾ ਲਿਆ ਗਿਆ ਉਹ ਤਾਂ ਹਾਲੇ ਵੀ ਮੰਤਰੀ ਹੈ ਪਰ ਕਿਉਂਕਿ ਫਿਲੌਰ ਸਾਹਿਬ ਦਲਿਤ ਪਰਿਵਾਰ ਨਾਲ ਸਬੰਧ ਰੱਖਦੇ ਹਨ, ਇਨ੍ਹਾਂ ਨੂੰ ਮੰਤਰੀ ਪਦ ਤੋਂ ਹਟਾ ਦਿੱਤਾ ਜਦਕਿ ਇਹ ਪੰਜਵੀਂ ਵਾਰ ਐਮ.ਐਲ.ਏ. ਬਣੇ ਹਨ। ਸਰਕਾਰ ਡੀਂਗਾਂ ਮਾਰਦੀ ਹੈ ਕਿ ਅਸੀਂ ਇਹ ਕਰ ਦਿੱਤਾ, ਉਹ ਕਰ ਦਿੱਤਾ। ਹੋਰ ਤਾਂ ਹੋਰ ਇੱਥੇ ਪੰਜਾਬ ਵਿੱਚ ਮੁੱਖ ਮੰਤਰੀ ਦੀਆਂ, ਡਿਪਟੀ ਸੀ.ਐਮ. ਦੀਆਂ ਅਤੇ ਸੈਂਟਰ ਵਿੱਚ ਇਨ੍ਹਾਂ ਦੇ ਪਰਿਵਾਰ ਦੇ ਮੰਤਰੀ ਹਨ, ** **

**ਸਰਦਾਰ ਵਿਰਸਾ ਸਿੰਘ ਵਲਟੋਹਾ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

**ਸ਼੍ਰੀ ਤਰਲੋਚਨ ਸਿੰਘ :** ਬੈਠ ਜਾਓ, ਵਲਟੋਹਾ ਸਾਹਿਬ। ਮੈਨੂੰ ਪਤਾ ਹੈ ਕਿ ਤੁਹਾਨੂੰ ਡਾਕਟਰ ਅੰਬੇਦਕਰ ਸਾਹਿਬ ਤੋਂ ਬੜੀ ਐਲਰਜੀ ਹੈ। ਬੈਠ ਜਾਓ।(ਵਿਘਨ, ਸ਼ੋਰ)

**ਸ਼੍ਰੀ ਸਭਾਪਤੀ :** ਤਰਲੋਚਨ ਸਿੰਘ ਜੀ, ਚੇਅਰ ਨੂੰ ਐਡਰੈਸ ਕਰੋ। ਵਲਟੋਹਾ ਜੀ, ਦੱਸੋ। (ਵਿਘਨ, ਸ਼ੋਰ) ਇਨ੍ਹਾਂ ਦੀ ਗੱਲ ਸੁਣ ਲਓ, ਫੇਰ ਜਵਾਬ ਦੇ ਦਿਓ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਚੇਅਰਮੈਨ ਸਾਹਿਬ, ਮੈਂਬਰ ਸਾਹਿਬ ਵੱਲੋਂ ਇੰਨਾ ਵੱਡਾ ਐਲੀਗੇਸ਼ਨ ਲਗਾਉਣਾ ** ** ਤਾਂ ਕੀ ਅੱਜ ਰਿਜਾਈਨ ਕਰਨਗੇ? ਜੇ ਸਹੀ ਹੋਇਆ ਤਾਂ ਮੈਂ ਰਿਜਾਈਨ ਕਰਾਂਗਾ।

**ਸ਼੍ਰੀ ਤਰਲੋਚਨ ਸਿੰਘ :** ਚੇਅਰਮੈਨ ਸਾਹਿਬ, ਭੀਮ ਟਾਂਕ ਦੇ ਨਾਲ ਕੀ ਹੋਇਆ? ਇਨ੍ਹਾਂ ਦੇ ਅਕਾਲੀ ਦਲ ਦਾ ਬੰਦਾ...

**ਸਰਦਾਰ ਕੁਲਜੀਤ ਸਿੰਘ ਨਾਗਰਾ :** ਚੇਅਰਮੈਨ ਸਾਹਿਬ, ਪੁਆਇੰਟ ਆਫ ਆਰਡਰ।

**ਸ਼੍ਰੀ ਸਭਾਪਤੀ :** ਨਾਗਰਾ ਜੀ, ਤੁਹਾਡੇ ਆਪਣੇ ਹੀ ਮੈਂਬਰ ਬੋਲ ਰਹੇ ਹਨ। ** ** ਦਾ ਜ਼ਿਕਰ ਹੋਇਆ ਹੈ, ਇਹ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਚੇਅਰਮੈਨ ਸਾਹਿਬ, ਹੁਣੇ ਸਤਿਕਾਰਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇੱਥੇ ਕੀ ਹੋ ਰਿਹਾ ਹੈ। ਕੱਲ੍ਹ ਦੀ ਅਖਬਾਰ ਵਿੱਚ ਤੁਸੀਂ ਪੜ੍ਹਿਆ ਹੋਵੇਗਾ। ਫਤਹਿਗੜ੍ਹ ਸਾਹਿਬ ਵਿਖੇ ਸਵੇਰੇ

---

** Expunged as ordered by the Chair.

5:30 ਵਜੇ ਦੋ ਦਲਿਤ ਲੜਕੀਆਂ, ਜਿਹੜੀਆਂ ਦੋ ਭੈਣਾਂ ਸਨ, ਪੁਲਿਸ ਦੀ ਭਰਤੀ ਲਈ ਟ੍ਰੇਨਿੰਗ ਕਰਨ ਵਾਸਤੇ ਗਰਾਊਂਡ ਵਿੱਚ ਆਪਣੀ ਸਕੂਟਰੀ ਤੇ ਜਾ ਰਹੀਆਂ ਸਨ, ਸੜਕ ਉਤੇ ਇਕ ਦਰਖਤ ਨਾਲ ਰੱਸੀ ਬੰਨ੍ਹ ਕੇ ਅਤੇ ਦੂਜੇ ਪਾਸੇ ਆਪ ਝੋਨੇ ਵਿੱਚ ਬੈਠ ਕੇ ਦੋ ਬਦਮਾਸ਼ ਬੰਦਿਆਂ ਨੇ ਪਹਿਲਾਂ ਰੱਸੀ ਅੜਾ ਕੇ ਸਕੂਟਰੀ ਨੂੰ ਡੇਗਿਆ ਅਤੇ ਉਸ ਤੋਂ ਬਾਅਦ ਉਨ੍ਹਾਂ ਨਾਲ ਸੜਕ ਦੇ ਉਤੇ ਹੀ ਗਲਤ ਕੰਮ ਕਰਨ ਦੀ ਕੋਸ਼ਿਸ਼ ਕੀਤੀ। ਸਵੇਰੇ 6:00 ਵਜੇ ਅਜਿਹਾ ਹੋਇਆ ਅਤੇ ਇਹ ਕਹਿੰਦੇ ਹਨ ਕਿ ਕੀ ਹੋਇਆ ਹੈ? ਮੈਂ ਆਪ 6:30 ਵਜੇ ਚੌਂਕੀ ਵਿੱਚ ਫੋਨ ਕਰਕੇ ਪੁਲਿਸ ਨੂੰ ਬੁਲਾ ਕੇ ਉਨ੍ਹਾਂ ਲੜਕੀਆਂ ਨੂੰ ਖੇੜਾ ਹਸਪਤਾਲ ਵਿੱਚ ਦਾਖਲ ਕਰਾਇਆ, ਉਥੇ ਉਹ ਅਜੇ ਵੀ ਦਾਖਲ ਹਨ।

**ਸ਼੍ਰੀ ਸਭਾਪਤੀ :** ਨਾਗਰਾ ਜੀ, ਬੈਠੋ। ਤੁਹਾਡਾ ਪੁਆਇੰਟ ਆ ਗਿਆ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਦਿਨ-ਦਿਹਾੜੇ ਕੀ ਹੋ ਰਿਹਾ ਹੈ? ...

**ਸ਼੍ਰੀ ਸਭਾਪਤੀ :** ਤਰਲੋਚਨ ਸਿੰਘ ਜੀ, ਤੁਸੀਂ ਬੋਲੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਗ੍ਰਹਿ ਮੰਤਰੀ ਸਾਹਿਬ ਬੈਠੇ ਹਨ...

**ਸ਼੍ਰੀ ਸਭਾਪਤੀ :** ਨਾਗਰਾ ਜੀ, ਤੁਹਾਡਾ ਪੁਆਇੰਟ ਆ ਗਿਆ ਹੈ। ਤਰਲੋਚਨ ਸਿੰਘ ਜੀ ਨੂੰ ਬੋਲਣ ਦਿਓ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਉਸ ਲੜਕੀ ਨੇ ਅੱਜ ਟ੍ਰਾਇਲ ਦੇਣਾ ਸੀ ਪਰ ਉਹ ਫੱਟੜ ਪਈ ਹੈ। ਉਨ੍ਹਾਂ ਦੋਹਾਂ ਭੈਣਾਂ ਨੇ ਮੁਕਾਬਲਾ ਕੀਤਾ ਪਰ ਉਨ੍ਹਾਂ ਨੂੰ ਅਜੇ ਤੁਹਾਡੇ ਵੱਲੋਂ ਅਤੇ ਤੁਹਾਡੇ ਅਫਸਰਾਂ ਵੱਲੋਂ .....

**ਸ਼੍ਰੀ ਸਭਾਪਤੀ :** ਨਾਗਰਾ ਜੀ, ਤੁਸੀਂ ਬੈਠੋ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਉਨ੍ਹਾਂ ਨੂੰ ਕੋਈ ਸ਼ਾਬਾਸ਼ੀ ਦਿਓ।

**ਸ਼੍ਰੀ ਤਰਲੋਚਨ ਸਿੰਘ :** ਚੇਅਰਮੈਨ ਸਾਹਿਬ, ਭੀਮ ਟਾਂਕ ਦੇ ਨਾਲ ਕੀ ਹੋਇਆ? ਡੋਡਾ ਅਕਾਲੀ ਦਲ ਦਾ ਹਲਕਾ ਇੰਚਾਰਜ ਹੈ, ਡਿਪਟੀ ਸੀ.ਐਮ. ਸਾਹਿਬ ਜਿਸ ਨੂੰ ਇਲੈਕਸ਼ਨ ਲੜਾਉਣ ਦੀ ਤਿਆਰੀ ਕਰ ਰਹੇ ਹਨ। ਭੀਮ ਟਾਂਕ ਨੂੰ ਟੋਟੇ-ਟੋਟੇ ਕਰਕੇ ਵੱਢਿਆ, ਡੋਡਾ ਜਿਹੜਾ ਤੁਹਾਡਾ ਹਲਕਾ ਇੰਚਾਰਜ ਹੈ....

**ਸ਼੍ਰੀ ਸਭਾਪਤੀ :** ਤਰਲੋਚਨ ਸਿੰਘ ਜੀ, ਚੇਅਰ ਨੂੰ ਐਡਰੈਸ ਕਰੋ।

**ਸ਼੍ਰੀ ਤਰਲੋਚਨ ਸਿੰਘ :** ਸਾਡੀ ਬਿਰਾਦਰੀ ਦੇ ਲੋਕਾਂ ਸਬੰਧੀ ਬਹੁਤ ਪੁਰਾਣੀਆਂ ਗੱਲਾਂ ਮੇਰੇ ਵੀਰ ਸ਼੍ਰੀ ਸੋਮ ਪ੍ਰਕਾਸ਼ ਜੀ, ਜਸਟਿਸ ਨਿਰਮਲ ਸਿੰਘ ਜੀ ਅਤੇ ਤਕਰੀਬਨ ਹੋਰ ਵੀ ਸਾਰੇ ਬੁਲਾਰਿਆਂ ਨੇ ਉਸ ਸਮੇਂ ਦੀਆਂ ਗੱਲਾਂ ਕੀਤੀਆਂ ਹਨ। ਇਨ੍ਹਾਂ ਦੇ ਮਸੀਹਾ ਡਾਕਟਰ ਅੰਬੇਦਕਰ ਸਾਹਿਬ ਬਣੇ। ਵੈਸੇ ਤਾਂ ਉਹ ਸਾਰੇ ਹੀ ਸਮਾਜ ਦੇ ਮਸੀਹਾ ਹਨ ਕਿਉਂਕਿ ਜੇ ਅਸੀਂ ਉਨ੍ਹਾਂ ਨੂੰ ਇਕੱਲੇ ਦਲਿਤ ਸਮਾਜ ਦੇ ਮਸੀਹਾ ਕਹਿੰਦੇ ਹਾਂ ਤਾਂ ਅਸੀਂ ਉਨ੍ਹਾਂ ਦਾ ਦਰਜਾ ਛੋਟਾ ਕਰਦੇ ਹਾਂ। ਉਨ੍ਹਾਂ ਦੀ ਦੇਣ ਸਾਰੇ ਹੀ ਹਿੰਦੁਸਤਾਨੀਆਂ ਨੂੰ ਹੈ, ਇਕੱਲੇ ਦਲਿਤ ਵਰਗ ਨੂੰ ਹੀ ਨਹੀਂ ਸਗੋਂ ਆਪਾਂ ਸਾਰਿਆਂ ਨੂੰ ਹੈ। ਜੇ ਅੱਜ ਆਪਾਂ ਅਜ਼ਾਦੀ ਦਾ ਆਨੰਦ ਤੇ ਨਿੱਘ ਮਾਣ ਰਹੇ ਹਾਂ ਤਾਂ ਉਨ੍ਹਾਂ ਦੇ ਕਰਕੇ ਮਾਣ ਰਹੇ ਹਾਂ। ਜਿਹੜੇ ਉਨ੍ਹਾਂ ਨੇ ਹੱਕ-ਹਕੂਕ ਸਾਨੂੰ ਦਿਵਾਏ ਹਨ, ਉਨ੍ਹਾਂ ਸਦਕਾ ਹੀ ਹੈ। ਪਹਿਲਾਂ ਦਲਿਤ ਸਮਾਜ ਦੇ ਲੋਕ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਤੌਰ ਤੇ ਬਹੁਤ ਹੀ ਪਛੜੇ ਹੋਏ ਸੀ, ਉਹ ਸਮਾਂ ਵੀ ਸੀ ਜਦੋਂ ਸਾਡੇ ਬਜ਼ੁਰਗਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾ ਦਿੱਤਾ ਜਾਂਦਾ ਸੀ। ਅਸੀਂ ਕੋਈ ਧਰਮ-ਅਰਥ ਦੀ ਗੱਲ ਸੁਣ ਨਹੀਂ ਸਕਦੇ ਸੀ। ਪਿੰਡਾਂ ਵਿੱਚ ਆਮ ਜਾਣ ਵਾਲੇ ਰਸਤਿਆਂ ਤੇ ਸਾਡੇ ਲੋਕ ਚੱਲ ਨਹੀਂ ਸਕਦੇ ਸੀ। ਜੇ ਉਹ ਕਦੇ ਚਲਦੇ ਸੀ ਤਾਂ ਉਨ੍ਹਾਂ ਦੇ ਪਿਛੇ ਕੰਡਿਆਂ ਦੀ ਸਿੰਝ ਬੰਨ੍ਹ ਦਿੱਤੀ ਜਾਂਦੀ ਸੀ ਤਾਂ ਕਿ ਉਨ੍ਹਾਂ ਦੀ ਪੈੜ ਨਾਲ ਦੀ ਨਾਲ ਮਿਟ ਜਾਵੇ। ਆਪਾਂ ਸਾਰੇ ਹੀ ਜਾਣਦੇ ਹਾਂ ਕਿ ਉਹ ਕਿਹੋ ਜਿਹਾ ਸਮਾਂ ਸੀ। ਅੱਜ ਆਪਾਂ ਕਹਿੰਦੇ ਹਾਂ ਕਿ ਉਹ ਸਤਯੁਗ ਸੀ, ਤਰੇਤਾ ਯੁੱਗ ਸੀ ਜਾਂ ਦੁਆਪਰ ਯੁੱਗ ਸੀ। ਪਰ ਡਾਕਟਰ ਅੰਬੇਦਕਰ ਸਾਹਿਬ ਨੇ ਕਿਹਾ ਕਿ ਉਹ ਹੋਰਾਂ ਵਾਸਤੇ ਤਾਂ ਸਤਯੁਗ ਹੋ ਸਕਦਾ ਹੈ ਪਰ ਦਲਿਤ ਸਮਾਜ ਵਾਸਤੇ ਤਾਂ ਉਹ ਕਲਯੁਗ ਨਾਲੋਂ ਵੀ ਭੈੜਾ ਸਮਾਂ ਸੀ ਜਿਸ ਵੇਲੇ ਸਾਡੇ ਬਜ਼ੁਰਗਾਂ ਨੂੰ ਮੰਦਰਾਂ ਵਿੱਚ ਜਾਣਾ ਨਸੀਬ ਨਹੀਂ ਸੀ, ਜਿਹੜੇ ਪਾਣੀ ਦੇ ਖੂਹ ਹੁੰਦੇ ਸੀ, ਉਨ੍ਹਾਂ ਵਿਚੋਂ ਅਸੀਂ ਪਾਣੀ ਨਹੀਂ ਪੀ ਸਕਦੇ ਸੀ। ਉਨ੍ਹਾਂ ਦੀ ਮੌਣ ਤੇ ਅਸੀਂ ਚੜ੍ਹ ਨਹੀਂ ਸਕਦੇ ਸੀ ਔਰ ਜਿਹੜੇ ਪਿੰਡਾਂ ਵਿੱਚ ਗੰਦੇ ਪਾਣੀ ਦੇ ਟੋਭੇ ਹੁੰਦੇ ਸੀ, ਜਿਥੇ ਸਾਰੇ ਪਿੰਡ ਦਾ ਗੰਦਾ ਪਾਣੀ ਜਾਂਦਾ ਸੀ, ਸਾਡੇ ਲੋਕਾਂ ਨੂੰ ਉਹ ਪਾਣੀ ਪੀਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਜਿਹੜੀਆਂ ਸਾਡੀਆਂ ਬਸਤੀਆਂ ਸਨ, ਉਹ ਪਿੰਡਾਂ ਤੋਂ ਬਾਹਰ ਹੁੰਦੀਆਂ ਸੀ ਔਰ ਲਹਿੰਦੇ ਪਾਸੇ ਵੱਲ ਹੁੰਦੀਆਂ ਸਨ। ਆਪਾਂ ਸਾਰੇ ਹੀ ਇਸ ਗੱਲ ਨੂੰ ਜਾਣਦੇ ਹਾਂ। ਇਸ ਗੱਲ ਦੀ ਹਿਸਟਰੀ ਗਵਾਹ ਹੈ ਕਿ ਕਿਹੜੇ-ਕਿਹੜੇ ਜ਼ੁਲਮ ਦਲਿਤਾਂ ਤੇ ਹੁੰਦੇ ਸਨ।

[ ਸ਼੍ਰੀ ਤਰਲੋਚਨ ਸਿੰਘ ]

ਚੇਅਰਮੈਨ ਸਾਹਿਬ, ਜੋ ਆਪਣੇ ਪ੍ਰਧਾਨ ਮੰਤਰੀ ਸਾਹਿਬ ਅੱਜ ਕਹਿ ਰਹੇ ਹਨ ਕਿ ਡਾਕਟਰ ਅੰਬੇਦਕਰ ਸਾਹਿਬ ਬਹੁਤ ਹੀ ਮਹਾਨ ਪੁਰਸ਼ ਹੋਏ ਹਨ, ਉਹ ਬਿਲਕੁਲ ਸਹੀ ਗੱਲ ਕਹਿ ਰਹੇ ਹਨ। ਪਰ ਉਨ੍ਹਾਂ ਦੀ ਆਪਣੀ ਸਟੇਟ ਗੁਜਰਾਤ ਵਿੱਚ ਕੀ ਹੋਇਆ ਹੈ ਕਿ ਚਾਰ ਦਲਿਤ ਨੌਜਵਾਨ ਜਿਹੜੇ ਆਪਣੇ ਹੱਕਾਂ ਦੀ ਰਾਖੀ ਕਰਦੇ ਸੀ, ਉਨ੍ਹਾਂ ਨੂੰ ਨੰਗੇ ਕਰਕੇ ਉਨ੍ਹਾਂ ਤੇ ਕੋੜ੍ਹੇ ਮਾਰੇ ਗਏ। ਕੀ ਆਪਾਂ ਇਹੋ ਜਿਹਾ ਸਮਾਜ ਹਾਲੇ ਵੀ ਕਾਇਮ ਰੱਖਣਾ ਚਾਹੁੰਦੇ ਹਾਂ? ਇੱਕ ਲੜਕਾ ਰੋਹਿਤ ਵੇਮੁਲਾ ਜਿਸ ਨੇ ਆਪਣੇ ਹੱਕਾਂ ਦੀ ਲੜਾਈ ਲੜੀ, ਉਸਨੂੰ ਸੁਸਾਈਡ ਕਰਨਾ ਪਿਆ ਹੈ। ਸੀ.ਐਮ. ਸਾਹਿਬ ਇਥੇ ਕਹਿ ਕੇ ਗਏ ਹਨ ਕਿ ਅਸੀਂ ਵਜ਼ੀਫੇ ਦੇ ਰਹੇ ਹਾਂ, ਅਸੀਂ ਸ਼ਗਨ ਸਕੀਮ ਦੇ ਰਹੇ ਹਾਂ, ਅਸੀਂ ਆਟਾ-ਦਾਲ ਵੀ ਦੇ ਰਹੇ ਹਾਂ, ਅਸੀਂ ਸਾਈਕਲ ਵੀ ਵੰਡ ਰਹੇ ਹਾਂ ਅਤੇ ਅਸੀਂ ਕਿਤਾਬਾਂ-ਕਾਪੀਆਂ ਸਾਰਾ ਕੁਝ ਮੁਫ਼ਤ ਦੇ ਰਹੇ ਹਾਂ। ਸਾਡੇ ਜਸਟਿਸ ਨਿਰਮਲ ਸਿੰਘ ਜੀ ਪਿਛਲੇ ਵਾਰੀ ਵਿਧਾਨ ਸਭਾ ਦੀ ਵੈਲਫੇਅਰ ਕਮੇਟੀ ਦੇ ਚੇਅਰਮੈਨ ਸੀ, ਸ਼ਾਇਦ ਹੁਣ ਉਹ ਚਲੇ ਗਏ ਹਨ ਅਤੇ ਕਲੇਰ ਸਾਹਿਬ ਇਥੇ ਬੈਠੇ ਹਨ। ਕੀ ਗੱਲਾਂ ਕਰੀਏ? ਇੱਥੋਂ ਤੱਕ ਗੱਲ ਵੱਧ ਗਈ ਹੈ ਕਿ ਬਾਹਰਲੀਆਂ ਸਟੇਟਾਂ ਯੂ.ਪੀ. ਤੇ ਬਿਹਾਰ ਦੇ ਲੋਕ ਇਥੇ ਦੇ ਇੰਸਟੀਚਿਊਸ਼ਨਾਂ ਵਿੱਚ ਐਸ.ਸੀ. ਵਰਗ ਦੀਆਂ ਸੀਟਾਂ ਤੇ ਫੇਕ ਰਜਿਸਟ੍ਰੇਸ਼ਨ ਆਨਲਾਈਨ ਕਰਵਾ ਲੈਂਦੇ ਹਨ। ਅਜਿਹੀਆਂ ਵੱਡੀਆਂ-ਵੱਡੀਆਂ ਯੂਨੀਵਰਸਿਟੀਆਂ ਹਨ ਜਿਥੇ ਡਿਪਟੀ ਸੀ.ਐਮ. ਸਾਹਿਬ ਜਾ ਕੇ ਬੜੇ ਵੱਡੇ ਪ੍ਰੋਗਰਾਮ ਕਰਦੇ ਹਨ। ਬਾਹਰਲੀਆਂ ਸਟੇਟਾਂ ਨਾਲ ਸਬੰਧਤ ਸ਼ਡਿਊਲਡ ਕਾਸਟ ਵਿਦਿਆਰਥੀਆਂ ਦੇ ਪੰਜ-ਪੰਜ ਕਰੋੜ ਰੁਪਏ ਦੇ ਜ਼ਾਅਲੀ ਬਿਲ ਉਹ ਭੇਜ ਦਿੰਦੇ ਹਨ ਜਿਹੜੇ ਕਿ ਆਨਲਾਈਨ ਬਾਹਰਲੀਆਂ ਸਟੇਟਾਂ ਦੇ ਵਿਦਿਆਰਥੀ ਰਜਿਸਟ੍ਰੇਸ਼ਨ ਕਰਵਾਉਂਦੇ ਹਨ। ਯੂਨੀਵਰਸਿਟੀਆਂ ਵਾਲੇ ਪੰਜ-ਪੰਜ ਕਰੋੜ ਰੁਪਏ ਜ਼ਾਅਲੀ ਬਿਲ ਭੇਜ ਦਿੰਦੇ ਹਨ ਅਤੇ ਇਹ ਵੈਰੀਫਾਈ ਵੀ ਨਹੀਂ ਕਰਦੇ ਕਿ ਉਹ ਵਿਦਿਆਰਥੀ ਕਿਹੜੀਆਂ ਸਟੇਟਾਂ ਦੇ ਹਨ। ਇਹ ਵਜ਼ੀਫਿਆਂ ਦਾ ਹੱਕ ਸਾਡੇ ਪੰਜਾਬ ਦੇ ਸ਼ਡਿਊਲਡ ਕਾਸਟ ਵਿਦਿਆਰਥੀਆਂ ਨੂੰ ਮਿਲਣਾ ਚਾਹੀਦਾ ਹੈ ਜਦੋਂ ਕਿ ਸਾਡੇ ਬੱਚਿਆਂ ਨੂੰ ਤਾਂ ਉਨ੍ਹਾਂ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਐਡਮਿਸ਼ਨਾਂ ਵੀ ਨਹੀਂ ਮਿਲਦੀਆਂ। ਜਦੋਂ ਦਾਖਲਾ ਫਾਰਮ ਭਰਨ ਦੀ ਨੌਬਤ ਆਉਂਦੀ ਹੈ ਤਾਂ ਜਿੰਨੇ ਵੀ ਪ੍ਰਾਈਵੇਟ ਇੰਸਟੀਚਿਊਸ਼ਨਜ਼ ਹਨ, ਉਹ ਇਹੀ ਗੱਲ ਕਹਿੰਦੇ ਹਨ ਕਿ ਤੁਹਾਡਾ ਸਰਕਾਰ ਵਲੋਂ ਆਉਣ ਵਾਲਾ ਪੈਸਾ ਹਾਲੇ ਤੱਕ ਨਹੀਂ ਆਇਆ, ਜਿਸ ਕਾਰਨ ਤੁਹਾਡਾ ਦਾਖਲਾ ਨਹੀਂ ਜਾਣਾ। ਡਿਪਟੀ ਸੀ.ਐਮ. ਸਾਹਿਬ, ਤੁਹਾਡੇ ਧਿਆਨ

ਵਿੱਚ ਇਹ ਗੱਲ ਬਹੁਤ ਵਾਰ ਆਈ ਹੋਣੀ ਹੈ। ਬਹੁਤ ਸਾਰੇ ਬੱਚਿਆਂ ਦੇ ਮਾਪੇ ਵੇਲੇ ਸਿਰ ਆਪਣੇ ਬੱਚਿਆਂ ਦੀਆਂ ਫੀਸਾਂ ਨਹੀਂ ਦੇ ਸਕਦੇ, ਉਨ੍ਹਾਂ ਬੱਚਿਆਂ ਦੇ ਦਾਖਲੇ ਫਾਰਮ ਵੀ ਨਹੀਂ ਜਾ ਰਹੇ।

ਚੇਅਰਮੈਨ ਸਾਹਿਬ, ਇੱਥੇ ਆਦਰਸ਼ ਸਕੂਲਾਂ ਦੀ ਗੱਲ ਕੀਤੀ ਗਈ ਹੈ। ਸੀ.ਐਮ. ਸਾਹਿਬ ਕਹਿ ਕੇ ਗਏ ਹਨ ਕਿ ਸਰਕਾਰ ਵੱਲੋਂ ਬਹੁਤ ਵਧੀਆ ਮੈਰੀਟੋਰੀਅਸ ਸਕੂਲ ਬਣਾਏ ਗਏ ਹਨ। ਜਿਹੜੇ ਪਿੰਡਾਂ ਦੇ ਸਕੂਲ ਹਨ, ਉਥੇ ਇਕੱਲੇ ਦਲਿਤਾਂ ਦੇ ਬੱਚੇ ਹੀ ਨਹੀਂ ਪੜ੍ਹਦੇ, ਉਥੇ ਜ਼ਿੰਮੀਦਾਰਾਂ ਦੇ ਬੱਚੇ ਅਤੇ ਦੂਸਰੀਆਂ ਬਿਰਾਦਰੀਆਂ ਦੇ ਬੱਚੇ ਵੀ ਪੜ੍ਹਦੇ ਹਨ। ਉਥੇ ਵੀ ਟੀਚਰ ਭੇਜੋ ਕਿਉਂਕਿ ਜਿਹੜੀ ਸੋਚ ਹੈ, ਜੋ ਮੈਂ ਪਹਿਲਾਂ ਗੱਲ ਕੀਤੀ ਹੈ, ਉਹ ਮਨੂੰਵਾਦੀ ਤੇ ਜਗੀਰਦਾਰੀ ਸੋਚ ਹੈ, ਸਾਮੰਤਵਾਦੀ ਸੋਚ ਹੈ, ਫਿਉਡੇਲਿਸਟਿਕ ਤੇ ਕੈਪੀਟੇਲਿਸਟਿਕ ਫੋਰਸਿਜ਼ ਨਹੀਂ ਚਾਹੁੰਦੀਆਂ ਕਿ ਦਲਿਤਾਂ ਦੇ ਬੱਚੇ ਪੜ੍ਹ ਕੇ ਅੱਗੇ ਜਾਣ। ਕਿਉਂਕਿ ਬਹੁਤ ਵਾਰੀ ਕਾਨਾਫੂਸੀ ਅਸੀਂ ਵੀ ਸੁਣਦੇ ਹਾਂ। ਜਦੋਂ ਵੱਡੀਆਂ ਜਾਤਾਂ ਦੇ ਉਚ ਕੁਲ ਦੇ ਲੋਕ ਕਿਤੇ ਇਕੱਠੇ ਹੁੰਦੇ ਹਨ ਤਾਂ ਕਹਿੰਦੇ ਹਨ ਕਿ ਜੇਕਰ ਇਨ੍ਹਾਂ ਦਲਿਤਾਂ ਦੇ ਬੱਚੇ ਪੜ੍ਹ ਗਏ, ਫਿਰ ਇਹ ਤਾਂ ਸਾਰੇ ਹੀ ਡਾਕਟਰ ਅੰਬੇਦਕਰ ਬਣ ਜਾਣਗੇ। ਇਨ੍ਹਾਂ ਤਾਂ ਸਾਰਿਆਂ ਨੇ ਹੀ ਆਪਣੇ ਹੱਕ ਮੰਗਣੇ ਹਨ। ਚੇਅਰਮੈਨ ਸਾਹਿਬ, ਪੰਜਾਬ ਵਿੱਚ ਇਸ ਵੇਲੇ ਜਿੰਨੀਆਂ ਵੀ ਇਹ ਤਾਕਤਾਂ ਜਿਹੜੀਆਂ ਰਾਜ ਕਰ ਰਹੀਆਂ ਹਨ, ਉਨ੍ਹਾਂ ਨੂੰ ਖੇਤ ਮਜ਼ਦੂਰ ਚਾਹੀਦੇ ਹਨ। ਉਹ ਖੇਤ ਮਜ਼ਦੂਰ ਕਿਸ ਤਰ੍ਹਾਂ ਪੈਦਾ ਹੋ ਸਕਦੇ ਹਨ, ਉਹ ਇਨ੍ਹਾਂ ਨੇ ਸਾਰੀ ਸਕੀਮ ਬਣਾਈ ਹੋਈ ਹੈ ਕਿ ਸਕੂਲਾਂ ਵਿੱਚ ਟੀਚਰ ਨਾ ਭੇਜੋ ਅਤੇ ਪੰਜਵੀਂ ਤੇ ਅੱਠਵੀਂ ਜਮਾਤ ਦਾ ਇਮਿਤਿਹਾਨ ਨਾ ਲਵੋ। ਜਦੋਂ ਬੱਚੇ ਨੇ ਨੌਵੀਂ ਕਲਾਸ ਵਿੱਚ ਜਾਣਾ ਹੈ ਤਾਂ 14 ਸਾਲ ਦਾ ਹੋ ਜਾਣਾ ਹੈ, ਉਸ ਨੂੰ 'ੳ' ਤੇ 'ਅ' ਵੀ ਨਹੀਂ ਆਉਣਾ। ਫਿਰ ਉਹ ਆਪਣੇ ਬਾਪ ਦੀ ਉਂਗਲ ਫੜ੍ਹ ਕੇ ਖੇਤਾਂ ਵਿੱਚ ਸੀਰੀ ਬਣੇਗਾ। ਇਹ ਇਨ੍ਹਾਂ ਦੀ ਸੋਚ ਹੈ। ਮੈਨੂੰ ਗੁਰੂ ਨਾਨਕ ਦੇਵ ਮਹਾਰਾਜ ਜੀ ਦੁਆਰਾ ਰਚੀ ਗੁਰਬਾਣੀ ਦੀਆਂ ਕੁਝ ਸਤਰਾਂ ਯਾਦ ਆ ਰਹੀਆਂ ਹਨ ਜਿਨ੍ਹਾਂ ਨੂੰ ਮੈਂ ਕੋਟ ਕਰਨ ਲੱਗਿਆ ਹਾਂ:

ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥

ਅਤੇ

ਆਦੇਸੁ ਬਾਬਾ ਆਦੇਸੁ ॥ ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥

[ ਸ਼੍ਰੀ ਤਰਲੋਚਨ ਸਿੰਘ ]

ਅਤੇ

ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ।।

ਅਤੇ

ਏਤੀ ਮਾਰ ਪਈ ਕਰਲਾਣੈ ਤੈਂ ਕੀ ਦਰਦੁ ਨਾ ਆਇਆ ॥

ਅਤੇ

ਕਰਤਾ ਤੂੰ ਸਭਨਾ ਕਾ ਸੋਈ ॥ ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨਾ ਹੋਈ ॥

ਜਿਹੜੇ ਮਰਜ਼ੀ ਯੁੱਗ ਦੀ ਗੱਲ ਕਰ ਲਓ, ਜਿਨ੍ਹਾਂ ਕੋਲ ਰਾਜ-ਭਾਗ ਹੁੰਦਾ ਹੈ, ਜਿਨ੍ਹਾਂ ਕੋਲ ਧਨ-ਦੌਲਤ ਹੁੰਦੀ ਹੈ, ਉਹ ਗਰੀਬਾਂ ਨੂੰ ਕਦੇ ਨਹੀਂ ਉਠਣ ਦਿੰਦੇ। ਚੇਅਰਮੈਨ ਸਾਹਿਬ, ਡਾਕਟਰ ਸਾਹਿਬ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਹਾਂ ਪਰ ਮੈਂ ਹਿੰਦੂ ਦੇ ਤੌਰ ਤੇ ਮਰਨਾ ਨਹੀਂ ਚਾਹੁੰਦਾ। ਜਿਸ ਤਰ੍ਹਾਂ ਹਾਊਸ ਵਿਚ ਮਹਾਤਮਾ ਗਾਂਧੀ ਜੀ ਦਾ ਪੋਰਟਰੇਟ ਲੱਗਿਆ ਹੈ, ਉਸੇ ਤਰ੍ਹਾਂ ਬਾਬਾ ਸਾਹਿਬ ਦਾ ਪੋਰਟਰੇਟ ਵੀ ਹਾਊਸ ਦੇ ਅੰਦਰ ਲੱਗਣਾ ਚਾਹੀਦਾ ਹੈ। ਜੇਕਰ ਅਸੀਂ ਸਹੀ ਮਾਅਨਿਆਂ ਵਿਚ ਦਲਿਤਾਂ ਦਾ ਭਲਾ ਚਾਹੁੰਦੇ ਹਾਂ, ਉਨ੍ਹਾਂ ਦਾ ਸੁਪਨਾ ਤਾਂ ਹੀ ਪੂਰਾ ਹੋਣਾ ਹੈ। ਬੀਬੀ ਜਗੀਰ ਕੌਰ ਜੀ ਵੀ ਕਹਿ ਕੇ ਗਏ ਹਨ ਕਿ ਜੇਕਰ ਸਰੀਰ ਦਾ ਇੱਕ ਅੰਗ ਵੀ ਮਰਿਆ ਹੋਵੇ ਤਾਂ ਅਸੀਂ ਉਸ ਸਰੀਰ ਨੂੰ ਸੰਪੂਰਨ ਨਹੀਂ ਕਹਿ ਸਕਦੇ।

SC BC Land within the frame work of Indian Constitution. ਇਸ ਗੱਲ ਦੀ ਅੱਜ ਜ਼ਰੂਰਤ ਹੈ। ਸਮਾਜ ਵਿਚ ਇਹ ਪਾੜਾ ਉਨੀ ਦੇਰ ਤੱਕ ਪੂਰਾ ਨਹੀਂ ਹੋ ਸਕਦਾ ਜਦੋਂ ਤੱਕ ਇਹ ਨਹੀਂ ਬਣਾਇਆ ਜਾਂਦਾ। ਇਹ ਪਾੜਾ ਹੋਰ ਵਧੇਗਾ, ਘਟੇਗਾ ਨਹੀਂ। ਸੋ, ਮੇਰੀ ਬੇਨਤੀ ਹੈ ਕਿ ਬਾਬਾ ਸਾਹਿਬ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ SC BC Land with in the frame work of Indian Constitution ਬਣਾਇਆ ਜਾਵੇ ਅਤੇ ਦੂਜਾ ਉਨ੍ਹਾਂ ਦਾ ਪੋਰਟਰੇਟ ਹਾਊਸ ਵਿਚ ਲਗਾਇਆ ਜਾਵੇ। ਧੰਨਵਾਦ ਜੀ।

**ਸ਼੍ਰੀ ਸਭਾਪਤੀ:** ਧੰਨਵਾਦ ਜੀ, ਪਵਨ ਕੁਮਾਰ ਟੀਨੂੰ ਜੀ।

**ਸ਼੍ਰੀ ਪਵਨ ਕੁਮਾਰ ਟੀਨੂੰ (ਆਦਮਪੁਰ, ਐਸ.ਸੀ.):** ਚੇਅਰਮੈਨ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਬਾਬਾ ਸਾਹਿਬ ਦੀ 125ਵੀਂ ਜਨਮ ਸ਼ਤਾਬਦੀ ਦੇ

ਸਬੰਧ ਵਿਚ ਪੰਜਾਬ ਦੀ ਵਿਧਾਨ ਸਭਾ ਵਿਚ ਵਿਚਾਰ ਕਰਨ ਲਈ ਸਪੈਸ਼ਲ ਸਮਾਂ ਰੱਖਿਆ ਗਿਆ ਹੈ। ਇਸ ਗੱਲ ਲਈ ਮੈਂ ਮਾਨਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਇਸ ਤੋਂ ਪਹਿਲਾਂ ਦੇਸ਼ ਦੀ ਪਾਰਲੀਮੈਂਟ ਵਿਚ ਵੀ ਦੋ ਦਿਨ ਉਨ੍ਹਾਂ ਦੇ ਵਿਚਾਰਾਂ ਤੇ ਖੁੱਲ ਕੇ ਗੱਲ ਹੋਈ ਹੈ।ਮੈਂ ਦੱਸਣਾ ਚਾਹੁੰਦਾ ਹਾਂ ਕਿ ਕੋਈ ਸਮਾਂ ਸੀ ਜਦੋਂ ਬਾਬਾ ਸਾਹਿਬ ਸੰਘਰਸ਼ ਕਰ ਰਹੇ ਸੀ, ਜਦੋਂ ਉਹ ਜਾਤ-ਪਾਤ ਦੀ ਪ੍ਰਥਾ ਖਿਲਾਫ ਲੜ ਰਹੇ ਸੀ, ਉਸ ਵੇਲੇ ਕਿਹੜੀ ਜਮਾਤ ਉਨ੍ਹਾਂ ਦਾ ਵਿਰੋਧ ਕਰ ਰਹੀ ਸੀ? ਇਹ ਬਹੁਤ ਵੱਡਾ ਸਵਾਲ ਹੈ। ਬਾਬਾ ਸਾਹਿਬ ਨੇ ਕੁੱਲ ਇਕਾਨਮੀ ਤੇ, ਰਾਜਨੀਤੀ ਤੇ, ਸਮਾਜ ਤੇ ਅਤੇ ਧਰਮ ਤੇ 40 ਕਿਤਾਬਾਂ ਲਿਖੀਆਂ ਹਨ। ਸਾਰੀਆਂ ਹੀ ਕਿਤਾਬਾਂ ਨੂੰ ਪੜ੍ਹ ਕੇ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਰਸਤੇ ਵਿਚ ਜਿਹੜੇ ਰੋੜੇ ਅਟਕਾਏ ਗਏ, ਉਹ ਇਕੋ ਹੀ ਜਮਾਤ ਵਲੋਂ ਅਟਕਾਏ ਗਏ, ਉਹ ਜਮਾਤ ਕਾਂਗਰਸ ਪਾਰਟੀ ਸੀ। ਮੈਂ ਨਹੀਂ ਕਹਿੰਦਾ, ਇਹ ਉਨ੍ਹਾਂ ਦੀਆਂ ਕਿਤਾਬਾਂ ਕਹਿੰਦੀਆਂ ਹਨ। ਅੱਜ ਉਹ ਸਮਾਂ ਹੈ ਕਿ ਅਸੀਂ ਸਾਰਿਆਂ ਨੇ ਬਾਬਾ ਸਾਹਿਬ ਦੀ ਫਿਲਾਸਫੀ ਤੇ ਵਿਚਾਰ ਕਰਨ ਦਾ ਸਮਾਂ ਕੱਢਿਆ ਹੈ। ਕੋਈ ਸਮਾਂ ਸੀ, ਜਦੋਂ ਉਨ੍ਹਾਂ ਦੀਆਂ ਕਿਤਾਬਾਂ ਵੀ ਗਾਇਬ ਕਰ ਦਿੱਤੀਆਂ ਗਈਆਂ ਸਨ ਤਾਂ ਕਿ ਆਉਣ ਵਾਲੀਆਂ ਪੀੜੀਆਂ ਉਨ੍ਹਾਂ ਨੂੰ ਪੜ੍ਹ ਕੇ ਗਿਆਨ ਨਾ ਪ੍ਰਾਪਤ ਕਰ ਲੈਣ ਕਿਉਂਕਿ ਕਹਿੰਦੇ ਹਨ ਕਿ ਜੇਕਰ ਕਿਸੇ ਕੌਮ ਦਾ ਇਤਿਹਾਸ ਖਤਮ ਕਰ ਦਿਓ ਤਾਂ ਉਹ ਕੌਮ ਖਤਮ ਹੋ ਜਾਂਦੀ ਹੈ। ਜਿਹੜੀ ਪਾਰਟੀ ਲੰਮਾ ਸਮਾਂ ਸੂਬਿਆਂ ਵਿਚ ਅਤੇ ਕੇਂਦਰ ਵਿਚ ਰਾਜ ਕਰਦੀ ਰਹੀ ਹੈ, ਉਸ ਨੇ ਬਾਬਾ ਸਾਹਿਬ ਦੀਆਂ ਲਿਖਤਾਂ ਵੀ ਲੋਕਾਂ ਸਾਹਮਣੇ ਨਹੀਂ ਆਉਣ ਦਿੱਤੀਆਂ। ਬਲਕਿ ਜਿੰਨੀ ਦੇਰ ਉਨ੍ਹਾਂ ਨੇ ਰਾਜ ਕੀਤਾ, ਕਦੇ ਵੀ ਬਾਬਾ ਸਾਹਿਬ ਪ੍ਰਤੀ ਕੋਈ ਜਾਣਕਾਰੀ ਲੋਕਾਂ ਤੱਕ ਨਹੀਂ ਪਹੁੰਚਣ ਦਿੱਤੀ ਅਤੇ ਉਨ੍ਹਾਂ ਤੇ ਕੋਈ ਡਿਸਕਸ਼ਨ ਪਾਰਲੀਮੈਂਟ ਵਿਚ ਨਹੀਂ ਹੋਣ ਦਿੱਤੀ।

ਚੇਅਰਮੈਨ ਸਾਹਿਬ, ਡਾਕਟਰ ਅੰਬੇਦਕਰ ਨੇ ਆਪ ਕਿਹਾ ਹੈ ਕਿ ਮੇਰੇ ਸਮਾਜ ਦੇ ਕੁਝ ਲੋਕ ਦਲਿਤਾਂ ਦੀ ਆਜ਼ਾਦੀ ਦਾ, ਦਲਿਤਾਂ ਦੇ ਉਥਾਨ ਦਾ ਅਤੇ ਦਲਿਤਾਂ ਦੀ ਮਦਦ ਦਾ ਢੌਂਗ ਕਰ ਰਹੇ ਹਨ, ਮਦਦ ਨਹੀਂ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਆਪ ਕਿਹਾ ਹੈ ਕਿ ਮੇਰੇ ਸਮਾਜ ਦੇ ਲੋਕੋ ਕਾਂਗਰਸ ਪਾਰਟੀ ਦੇ ਕਦੀ ਵੀ ਦੋ ਆਨੇ ਦੇ ਮੈਂਬਰ ਨਾ ਬਣਿਓ ਕਿਉਂਕਿ ਇਹ ਇੱਕ ਜਲਦਾ ਹੋਇਆ ਮਹਿਲ ਹੈ, ਜਿਹੜਾ ਇਸ ਦੇ ਵਿੱਚ ਜਾਏਗਾ ਉਹ ਸੜ ਕੇ ਫਨਾਹ ਹੋ ਜਾਏਗਾ। ਇਹ ਲਿਖਤ ਗੱਲਾਂ ਹਨ, ਉਨ੍ਹਾਂ ਨੇ ਆਪ ਇਹ ਲਿਖਿਆ ਹੈ, ਮੈਂ ਆਪਣੇ ਵੱਲੋਂ ਕੁਝ ਨਹੀਂ ਕਹਿ ਰਿਹਾ। ਇਹ ਕਿਤਾਬਾਂ ਵਿੱਚ ਹੈ।

[ ਸ਼੍ਰੀ ਪਵਨ ਕੁਮਾਰ ਟੀਨੂੰ ]

ਚੇਅਰਮੈਨ ਸਾਹਿਬ, ਠੀਕ ਹੈ, ਮੈਂ ਸਮਝਦਾ ਹਾਂ ਕਿ ਅੱਜ ਸਾਨੂੰ ਉਨ੍ਹਾਂ ਗੱਲਾਂ ਨੂੰ ਭੁੱਲ ਜਾਣਾ ਚਾਹੀਦਾ ਹੈ ਲੇਕਿਨ ਅੱਜ ਆਓ ਅਸੀਂ ਸਾਰੇ ਇਹੋ ਜਿਹਾ ਇੱਕ ਮਾਹੌਲ ਬਣਾਈਏ ਜਿਹੋ ਜਿਹਾ ਡਾਕਟਰ ਸਾਹਿਬ ਚਾਹੁੰਦੇ ਸਨ। ਜਿਥੇ ਬੀਬੀ ਜਗੀਰ ਕੌਰ ਜੀ ਔਰਤਾਂ ਦੇ ਉੱਤੇ ਬੋਲੇ, ਲੇਬਰ ਲਾਅ ਦੇ ਉੱਤੇ ਬੋਲੇ ਹਨ ਪਰ ਜਦੋਂ ਅਸੀਂ ਬਾਹਰ ਮੁਹੱਲਿਆਂ ਵਿੱਚ ਬੋਲਦੇ ਹਾਂ ਤਾਂ ਲੋਕ ਸਾਨੂੰ ਕਹਿੰਦੇ ਹਨ ਕਿ ਤੁਸੀਂ ਤਾਂ ਉਨ੍ਹਾਂ ਵਿੱਚ ਹੀ ਜੰਮੇ ਹੋ, ਉਨ੍ਹਾਂ ਦੀ ਗੱਲ ਕਰਨੀ ਹੀ ਕਰਨੀ ਹੈ। ਲੇਕਿਨ ਡਾਕਟਰ ਅੰਬੇਦਕਰ ਜੀ ਨੇ, ਜਿਨ੍ਹਾਂ ਵਿੱਚ ਉਹ ਜਨਮੇ, ਉਨ੍ਹਾਂ ਦੀ ਗੱਲ ਤਾਂ ਕੀਤੀ ਹੀ ਕੀਤੀ ਬਲਕਿ ਉਨ੍ਹਾਂ ਨੇ ਸਾਰੀ ਮਨੁੱਖਤਾ ਦੀ ਭਲਾਈ ਦੀ ਗੱਲ ਕੀਤੀ ਹੈ, ਇਨਸਾਨੀਅਤ ਦੀ ਗੱਲ ਕੀਤੀ ਹੈ ਅਤੇ ਬਰਾਬਰਤਾ ਦੀ ਗੱਲ ਕੀਤੀ ਹੈ। ਦੇਸ਼ ਦੇ ਕਿਸੇ ਕੋਨੇ ਵਿੱਚ ਕਿਸੇ ਵੀ ਵਰਗ ਦੇ ਨਾਲ ਜੇਕਰ ਕੋਈ ਜ਼ਿਆਦਤੀ ਹੋ ਰਹੀ ਸੀ ਤਾਂ ਉਹ ਬੋਲੇ, ਉਨ੍ਹਾਂ ਨੇ ਹਿੰਮਤ ਜੁਟਾਈ। ਉਨ੍ਹਾਂ ਨੂੰ ਧਮਕੀਆਂ ਵੀ ਮਿਲੀਆਂ ਅਤੇ ਮੁਸ਼ਕਲਾਂ ਵੀ ਆਈਆਂ ਸਨ। ਲੇਕਿਨ ਚਾਹੇ ਉਹ ਔਰਤ ਵਰਗ ਹੋਵੇ ਜਾਂ ਦੇਸ਼ ਦਾ ਮਜ਼ਦੂਰ ਹੋਵੇ ਚਾਹੇ ਪਛੜੀਆਂ ਸ਼੍ਰੇਣੀਆਂ ਹੋਣ, ਚਾਹੇ ਸਡਿਊਲਡ ਕਾਸਟ ਵਰਗ ਹੋਵੇ, ਅਸੀਂ ਡਾਕਟਰ ਅੰਬੇਦਕਰ ਜੀ ਦਾ ਧੰਨਵਾਦ ਕਰਦੇ ਹਾਂ ਕਿ 6000 ਜਾਤਾਂ ਵਿੱਚ ਪਹਿਲਾਂ ਜਿਹੜਾ ਸਮਾਜ ਵੰਡਿਆ ਹੋਇਆ ਸੀ, ਉਸ ਨੂੰ ਘੱਟੋ-ਘੱਟ ਇੱਕ ਨਾਂ ਤਾਂ ਦੇ ਦਿੱਤਾ। ਉਨ੍ਹਾਂ ਨੇ ਸ਼ਡਿਊਲਡ ਕਾਸਟ ਦੀਆਂ ਆਪਣੀਆਂ 3740 ਜਾਤਾਂ ਨੂੰ ਐਸ.ਸੀ. ਵਰਗ ਦਾ ਨਾਂ ਦੇ ਦਿੱਤਾ। ਰਾਜ ਕੁਮਾਰ ਵੇਰਕਾ ਜੀ ਬੜੀ ਵਧੀਆ ਗੱਲ ਕਹਿ ਕੇ ਗਏ ਸਨ ਕਿ ਅਸੀਂ ਆਪਣੀ ਆਪਣੀ ਜਾਤ ਦਾ ਗਰਬ ਕਰੀ ਜਾਂਦੇ ਹਾਂ ਅਤੇ ਆਪਣੀ-ਆਪਣੀ ਗੱਲ ਕਰੀ ਜਾਂਦੇ ਹਾਂ ਤਾਂ ਇਹ ਵੀ ਜਾਤ-ਪਾਤ ਹੈ। ਤਰਲੋਚਨ ਜੀ, ਇਹ ਵੀ ਵਰਣ-ਵਿਵਸਥਾ ਦਾ ਹਿੱਸਾ ਹੈ, ਇਹ ਵੀ ਮਨੂਵਾਦ ਹੈ। ਅਸੀਂ ਆਪਣੀ-ਆਪਣੀ ਜਾਤ ਦੀ ਗੱਲ ਕਰੀ ਜਾਂਦੇ ਹਾਂ। ਡਾਕਟਰ ਅੰਬੇਦਕਰ ਸਾਹਿਬ ਨੇ ਬਰਾਬਰਤਾ ਦੀ ਅਤੇ ਹਿਊਮੈਨਿਟੀ ਦੀ ਗੱਲ ਕੀਤੀ ਹੈ। ਮੈਂ ਸਮਝਦਾ ਹਾਂ ਅੱਜ ਦੇ ਇਸ ਦਿਨ ਤੋਂ ਬਾਅਦ ਕਿਉਂਕਿ ਇਹ ਕੋਈ ਛੋਟੀ ਘਟਨਾ ਨਹੀਂ ਹੈ, ਅੱਜ ਤੋਂ ਬਾਅਦ ਬਹੁਤ ਸਾਰੀਆਂ ਪਾਰਟੀਆਂ ਬਹੁਤ ਸਾਰੇ ਲੀਡਰ, ਅਨੇਕਾਂ ਪਾਰਟੀਆਂ ਜਿਨ੍ਹਾਂ ਦੇ ਮਨ ਵਿੱਚ ਥੋੜ੍ਹਾ ਜਿਹਾ ਵੀ ਸ਼ੱਕ ਹੁੰਦਾ ਸੀ ਕਿ ਜੇਕਰ ਰਿਜ਼ਰਵੇਸ਼ਨ ਦੀ ਗੱਲ ਕੀਤੀ ਜਾਂ ਡਾਕਟਰ ਅੰਬੇਦਕਰ ਦੀ ਗੱਲ ਕੀਤੀ ਤਾਂ ਕਿਤੇ ਜਨਰਲ ਵਰਗ ਨਾਰਾਜ਼ ਨਾ ਹੋ ਜਾਵੇ, ਉਹ ਵੀ ਆਪਣੇ ਮਨ ਵਿਚੋਂ ਇਹ ਗੱਲ ਕੱਢ ਦੇਣਗੇ ਕਿਉਂਕਿ ਅੱਜ ਬਾਦਲ ਸਾਹਿਬ ਨੇ ਡਾਕਟਰ ਸਾਹਿਬ ਦੇ ਬਾਰੇ ਵਿੱਚ ਬੋਲ ਕੇ ਕਮਾਲ ਕਰ ਦਿੱਤੀ ਕਿ ਡਾਕਟਰ ਸਾਹਿਬ ਕਿੰਨੇ

ਵੱਡੇ intellectual ਅਤੇ ਕਿੰਨੇ ਵੱਡੇ ਬੁੱਧੀਜੀਵੀ ਸੀ। ਹੁਣ ਸਾਰੇ ਬਾਹਰ ਹਿੰਮਤ ਜੁਟਾ ਸਕਣਗੇ, ਮੈਦਾਨ ਦੇ ਅੰਦਰ ਜਿਥੇ ਆਪਾਂ ਰਹਿਣਾ ਹੈ, ਉਥੇ ਡਾਕਟਰ ਅੰਬੇਦਕਰ ਦੀ ਗੱਲ ਕਰ ਸਕਣਗੇ ਕਿਉਂਕਿ ਇਹ ਸੱਚ ਹੈ ਅਤੇ ਸੱਚ ਦੀ ਗੱਲ ਕਰਨੀ ਪੈਣੀ ਹੈ। ਡਾਕਟਰ ਸਾਹਿਬ ਨੇ ਸਾਨੂੰ ਰਿਜ਼ਰਵੇਸ਼ਨ ਲੈ ਕੇ ਦਿੱਤੀ ਹੈ। ਬਹੁਤ ਸਾਰੇ ਲੀਡਰਾਂ ਨੂੰ ਡਰ ਰਹਿੰਦਾ ਹੈ ਕਿ ਜੇਕਰ ਰਿਜ਼ਰਵੇਸ਼ਨ ਦੀ ਜਾਂ ਹੱਕ ਦੀ ਗੱਲ ਕੀਤੀ ਤਾਂ ਕਿਤੇ ਹੋਰ ਨਾਰਾਜ਼ ਨਾ ਹੋ ਜਾਣ। ਠੀਕ ਹੈ ਮੁਲਾਜ਼ਮਤ ਅਤੇ ਰਾਜਨੀਤੀ ਦੇ ਅੰਦਰ ਡਾਕਟਰ ਅੰਬੇਦਕਰ ਸਾਹਿਬ ਨੇ ਸਾਨੂੰ ਰਿਜ਼ਰਵੇਸ਼ਨ ਲੈ ਕੇ ਦਿੱਤੀ ਹੈ, ਜੇ ਉਹ ਨਾ ਮਿਲਦੀ ਤਾਂ ਹਾਲਤ ਕੀ ਹੁੰਦੀ? ਅਸੀਂ ਕਈ ਬੰਦਿਆਂ ਨੂੰ ਪੁੱਛਦੇ ਹਾਂ ਕਿ ਤੁਸੀਂ ਸਾਡੇ ਨਾਲ ਨਫਰਤ ਕਿਉਂ ਕਰਦੇ ਹੋ, ਤੁਸੀਂ ਸਾਡੇ ਉੱਤੇ ਇੰਨਾ ਅਤਿਆਚਾਰ ਕਿਉਂ ਕਰਦੇ ਹੋ, ਜਿਵੇਂ ਕਿ ਦੂਜੇ ਸੂਬਿਆਂ ਦੇ ਅੰਦਰ ਚਾਹੇ ਗੁਜਰਾਤ ਹੋਵੇ, ਬਿਹਾਰ ਹੋਵੇ, ਉੱਤਰ ਪ੍ਰਦੇਸ਼ ਹੋਵੇ ਜਾਂ ਸਾਡੇ ਨੇੜੇ ਦਾ ਹਰਿਆਣਾ ਰਾਜ ਹੋਵੇ, ਮੈਂ ਜਸਟਿਸ ਸਾਹਿਬ ਦੀ ਗੱਲ ਦੇ ਨਾਲ ਸਹਿਮਤ ਹਾਂ ਕਿ ਪੰਜਾਬ ਚੰਗਾ ਸੂਬਾ ਹੈ ਜਿਥੇ ਬਹੁਤ ਘੱਟ ਫਰਕ ਦੇਖਣ ਨੂੰ ਮਿਲਦਾ ਹੈ। ਪੰਜਾਬ ਵਿੱਚ ਦਲਿਤ ਵਰਗ ਨਾਲ ਫਰਕ ਬਹੁਤ ਘੱਟ ਹੈ। ਹਰਿਆਣਾ ਵਿੱਚ ਬਹੁਤ ਫਰਕ ਹੈ। ਸਾਡੇ ਨਾਲ ਦਾ ਸੂਬਾ ਹੈ, ਲਗਭਗ ਬੋਲੀ ਵੀ ਸੇਮ ਹੈ। ਚੇਅਰਮੈਨ ਸਾਹਿਬ, ਰਿਜ਼ਰਵੇਸ਼ਨ ਬਾਰੇ ਕਈ ਬੰਦੇ ਕਹਿ ਦਿੰਦੇ ਹਨ ਕਿ ਤੁਸੀਂ ਰਿਜ਼ਰਵੇਸ਼ਨ ਲੈਂਦੇ ਹੋ ਤਾਂ ਕਰਕੇ ਤੁਹਾਡੇ ਨਾਲ ਨਫਰਤ ਕਰਦੇ ਹਨ। ਭਾਈ, ਰਿਜ਼ਰਵੇਸ਼ਨ ਤਾਂ ਸੰਵਿਧਾਨ ਦੇ ਆਉਣ ਤੋਂ ਬਾਅਦ ਵਿੱਚ ਮਿਲੀ ਹੈ ਲੇਕਿਨ ਦਲਿਤਾਂ ਨਾਲ, ਦੱਬੇ-ਕੁਚਲੇ ਲੋਕਾਂ ਨਾਲ ਅਤੇ ਸਮੁੱਚੀਆਂ ਔਰਤਾਂ ਦੇ ਨਾਲ ਜ਼ਿਆਦਤੀ ਸਦੀਆਂ ਤੋਂ ਹੋ ਰਹੀ ਹੈ, 25 ਹਜ਼ਾਰ ਸਾਲ ਤੋਂ ਹੋ ਰਹੀ ਹੈ, ਜਿਸ ਨੂੰ ਅਸੀਂ ਤਾਂ ਕਹਿੰਦੇ ਹਾਂ ਪਰ ਵੱਡੇ ਮੰਨਣ ਨੂੰ ਤਿਆਰ ਨਹੀਂ ਸੀ। ਅੱਜ ਪੰਜਾਬ ਵਿਧਾਨ ਸਭਾ ਦੀ ਬਹੁਤ ਵੱਡੀ ਘਟਨਾ ਹੈ ਕਿ ਆਪਾਂ ਸਾਰਿਆਂ ਨੇ ਹਿੰਮਤ ਜੁਟਾਈ ਅਤੇ ਓਪਨਲੀ ਗੱਲ ਕੀਤੀ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਛੋਟੀਆਂ-ਛੋਟੀਆਂ ਗੱਲਾਂ, ਜੇਕਰ ਕਿਤੇ ਹਰਿਆਣਾ ਵਿੱਚ ਜ਼ਿਆਦਤੀ ਹੋ ਗਈ ਪਰ 2014 ਦਾ ਰਿਕਾਰਡ ਹੈ ਕਿ 58 ਹਜ਼ਾਰ ਐਫ.ਆਈ.ਆਰ. ਇਸ ਦੇਸ਼ ਅੰਦਰ, The SC and The ST (Prevention of Atrocities) Act ਤਹਿਤ ਦਰਜ ਹੋਈਆਂ ਹਨ, ਜਿਹੜਾ ਐਕਟ ਨਾਨ-ਕਾਂਗਰਸ ਸਰਕਾਰ ਨੇ ਇਸ ਦੇਸ਼ ਵਿੱਚ ਬਣਾਇਆ ਸੀ। ਜਿੱਥੇ ਅਲੱਗ-ਅਲੱਗ ਸੂਬਿਆਂ ਵਿੱਚ ਦਲਿਤਾਂ ਨਾਲ ਗਰੀਬਾਂ ਨਾਲ ਅੱਤਿਆਚਾਰ ਹੋਇਆ, ਉਥੇ 58 ਹਜ਼ਾਰ ਐਫ.ਆਈ.ਆਰ. ਦਰਜ ਹੋਈਆਂ ਹਨ। ਆਪਾਂ

[ ਸ਼੍ਰੀ ਪਵਨ ਕੁਮਾਰ ਟੀਨੂੰ ]

ਜਾਣਦੇ ਹਾਂ ਕਿ ਇਸ ਦੇਸ਼ ਵਿੱਚ ਖਾਸ ਕਰਕੇ ਬਾਹਰਲੇ ਸੂਬਿਆਂ ਵਿੱਚ ਐਫ.ਆਈ.ਆਰ. ਕਿਸ ਤਰ੍ਹਾਂ ਦਰਜ ਹੁੰਦੀ ਹੈ। ਸ਼ਿਕਾਇਤ ਕਰਦਾ ਤਾ ਪੂਰਾ ਜ਼ੋਰ ਲੱਗ ਜਾਂਦਾ ਹੈ ਫਿਰ ਜਾ ਕੇ ਐਫ.ਆਈ.ਆਰ. ਦਰਜ ਹੁੰਦੀ ਹੈ। ਸਾਲ 2014 ਵਿੱਚ 58 ਹਜ਼ਾਰ ਐਫ.ਆਈ.ਆਰਜ਼ ਦਰਜ ਹੋਈਆਂ ਹਨ ਪਰ ਜਿਹੜੀਆਂ ਦਰਜ ਨਹੀਂ ਹੋਈਆਂ, ਉਹ ਤਾਂ ਲੱਖਾਂ ਦੀ ਗਿਣਤੀ ਵਿੱਚ ਹੋਣਗੀਆਂ। ਅੱਜ ਵੀ ਇਹ ਹਾਲਤ ਹੈ। ਦੇਸ਼ ਵਿੱਚ ਜਿਸ ਤਰ੍ਹਾਂ ਦੇ ਵੀ ਹਾਲਾਤ ਹੋਏ ਹੋਣ, ਪੰਜਾਬ ਨੇ ਨਵੀਂ ਦਿਸ਼ਾ ਦਿੱਤੀ ਹੈ ਅਤੇ ਰਸਤਾ ਖੋਲ੍ਹਿਆ ਹੈ। ਅੱਜ ਪੰਜਾਬ ਦੀ ਅਸੈਂਬਲੀ ਨੇ ਜਿਸ ਤਰ੍ਹਾਂ ਦੀ ਡਿਸਕਸ਼ਨ ਰੱਖੀ ਹੈ, ਉਸ ਤੇ ਅਸੀਂ ਪਾਰਟੀ ਦੀ ਗੱਲ ਨਾ ਕਰੀਏ। ਠੀਕ ਹੈ ਬਾਬਾ ਸਾਹਿਬ ਦੇ ਟਾਈਮ ਤੇ ਕਾਂਗਰਸ ਪਾਰਟੀ ਨੇ ਕੁਝ ਗਲਤੀਆਂ ਕੀਤੀਆਂ ਹਨ। ਪਰ ਤੁਸੀਂ ਅੱਜ ਛੋਟੀਆਂ ਗੱਲਾਂ ਨਾ ਕਰੋ। ਅੱਜ ਦੇਸ਼ ਅੰਦਰੋਂ, ਪੰਜਾਬ ਅੰਦਰੋਂ ਜਾਤ-ਪਾਤ ਖਤਮ ਕਰਨ ਲਈ ਆਪਾਂ ਇਕੱਠੇ ਹੋ ਕੇ ਹੰਭਲਾ ਮਾਰੀਏ। ਪੰਜਾਬ ਅਲੱਗ ਸੂਬਾ ਹੈ। ਪੰਜਾਬ ਗੁਰੂਆਂ ਦੀ ਧਰਤੀ ਅਤੇ ਬਰਾਬਰਤਾ ਵਾਲਾ ਸੂਬਾ ਹੈ। ਪੰਜਾਬ ਏਕਤਾ ਵਾਲਾ ਸੂਬਾ ਹੈ। ਗੁਰਬਾਣੀ ਵਿੱਚ ਲਿਖਿਆ ਹੈ:

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ॥

ਮਾਨਯੋਗ ਚੇਅਰਮੈਨ ਸਾਹਿਬ, ਪਿੱਛੇ ਇਸ ਘਟਨਾ ਤੇ ਬਹੁਤ ਘੱਟ ਵਿਚਾਰ ਹੋਇਆ ਹੈ ਕਿ ਸੰਨ 1930, 1931 ਅਤੇ 1932 ਵਿੱਚ ਤਿੰਨ ਗੋਲ ਮੇਜ ਕਾਨਫਰੰਸਾਂ ਹੋਈਆਂ ਹਨ, ਕਿਉਂਕਿ ਉਨ੍ਹਾਂ ਦੇ ਵਿਵੇਕ ਦਾ ਕਿਸ ਤਰ੍ਹਾਂ ਪਤਾ ਚੱਲੇਗਾ, ਉਨ੍ਹਾਂ ਦੀ ਬਹਾਦਰੀ ਦਾ ਕਿਸ ਤਰ੍ਹਾਂ ਪਤਾ ਚੱਲੇਗਾ ਕਿ ਉਹ ਕੀ ਕਰਕੇ ਗਏ ਹਨ। ਜਿਹੜੀ ਸੰਨ 1930, 1931 ਅਤੇ 1932 ਦੀ ਗੋਲ ਮੇਜ ਕਾਨਫਰੰਸ ਹੋਈ, ਇਹ ਐਵੇਂ ਹੀ ਨਹੀਂ ਹੋ ਗਈ ਕਿ ਅੰਗਰੇਜ਼ ਨੇ ਫੈਸਲਾ ਕਰ ਲਿਆ ਜਾਂ ਗਾਂਧੀ ਜੀ ਨੇ ਕਹਿ ਦਿੱਤਾ ਕਿ ਮੀਟਿੰਗ ਰੱਖ ਲਉ। ਚਲੋ ਲੰਡਨ ਚੱਲੀਏ। ਨਹੀਂ, ਇਸ ਤਰ੍ਹਾਂ ਨਹੀਂ ਹੋਇਆ। ਸੰਨ 1919 ਤੋਂ ਇਹ ਗੱਲ ਸ਼ੁਰੂ ਹੋਈ ਕਿ ਦਲਿਤਾਂ ਦੀਆਂ, ਗਰੀਬਾਂ ਦੀਆਂ ਅਤੇ ਦੱਬੇ-ਕੁਚਲੇ ਲੋਕਾਂ ਦੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਨੂੰ ਦੇਖਿਆ ਜਾਵੇ। ਮਾਨਯੋਗ ਚੇਅਰਮੈਨ ਸਾਹਿਬ, 1928 ਵਿੱਚ ਸਾਈਮਨ ਕਮਿਸ਼ਨ ਬਣਿਆ। ਜਿਸ ਦਾ ਅਸਲੀ ਨਾਂ Indian Statutory Commission ਸੀ, ਜਿਸ ਦੇ 6 ਮੈਂਬਰ ਸਨ ਅਤੇ ਸਰ ਜੌਨ ਸਾਈਮਨ ਉਸ ਦੇ ਚੇਅਰਮੈਨ ਸਨ। ਇਸ ਕਰਕੇ ਇਸ ਨੂੰ ਸਾਈਮਨ ਕਮਿਸ਼ਨ

ਕਿਹਾ ਜਾਂਦਾ ਹੈ। ਸਾਈਮਨ ਕਮਿਸ਼ਨ ਬਾਰੇ ਆਪਣੇ ਪੂਰੇ ਭਾਰਤ ਵਿੱਚ ਇੱਕ ਅਲੱਗ ਤਰ੍ਹਾਂ ਦੀ ਪਰਸੈਪਸ਼ਨ ਹੈ ਕਿ ਪਤਾ ਨਹੀਂ ਇਹ ਦੇਸ਼ ਨੂੰ ਤੋੜਨ ਆ ਗਿਆ ਸੀ। ਪਰ ਸਾਈਮਨ ਕਮਿਸ਼ਨ ਦੇਸ਼ ਦੀਆਂ ਦੱਬੀਆਂ-ਕੁਚਲੀਆਂ ਕੌਮਾਂ ਦੇ ਕਹਿਣ ਤੇ ਭਾਰਤ ਆਇਆ ਸੀ। ਪੂਰੇ ਦੇਸ਼ ਵਿੱਚੋਂ ਲਗਭਗ 16 ਵੱਡੀਆਂ ਸੰਸਥਾਵਾਂ ਸਾਈਮਨ ਕਮਿਸ਼ਨ ਨੂੰ ਆ ਕੇ ਮਿਲੀਆਂ ਸਨ ਅਤੇ ਉਨ੍ਹਾਂ ਨੇ ਕਮਿਸ਼ਨ ਨੂੰ ਦੱਸਿਆ ਸੀ ਕਿ ਦੇਸ਼ ਵਿੱਚ ਸਾਡੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕੀਤਾ ਜਾਂਦਾ ਹੈ। ਸਾਡੇ ਕੋਲ ਘਰ ਨਹੀਂ, ਜ਼ਮੀਨ ਨਹੀਂ, ਕੰਮ ਨਹੀਂ, ਸਾਨੂੰ ਪਿੰਡਾਂ ਵਿੱਚ ਨਹੀਂ ਆਉਣ ਦਿੱਤਾ ਜਾਂਦਾ ਅਤੇ ਮੰਦਰਾਂ ਵਿੱਚ ਨਹੀਂ ਜਾਣ ਦਿੱਤਾ ਜਾਂਦਾ। ਸਾਡੀ ਕੋਈ ਵੋਟ ਨਹੀਂ, ਸਾਡੀ ਕੋਈ ਹਿੱਸੇਦਾਰੀ ਨਹੀਂ ਹੈ। ਉਸ ਅਧਾਰ ਤੇ ਸੰਨ 1930, 1931 ਅਤੇ 1932 ਦੇ ਵਿੱਚ ਗੋਲ ਮੇਜ ਕਾਨਫਰੰਸਾਂ ਹੋਈਆਂ। ਉਸ ਕਮਿਸ਼ਨ ਦਾ ਵੀ ਵਿਰੋਧ ਹੋਇਆ ਕਿਉਂਕਿ ਭਾਰਤ ਦੇ ਲੋਕਾਂ ਨੂੰ ਪਤਾ ਹੀ ਨਹੀਂ ਸੀ। ਸ਼ਾਇਦ ਉਦੋਂ ਗਰੀਬਾਂ, ਦਲਿਤਾਂ ਨੇ ਵੀ ਕਿਸੇ ਦੇ ਮਗਰ ਲੱਗ ਕੇ ਸਾਈਮਨ ਕਮਿਸ਼ਨ ਦਾ ਵਿਰੋਧ ਕੀਤਾ ਹੋਵੇ। ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਉਹ ਆਪਣੇ ਪੈਰ ਤੇ ਆਪ ਕੁਹਾੜੀ ਮਾਰਨ ਲਈ ਤੁਰੇ ਹਨ। ਉਦੋਂ ਕਾਂਗਰਸ ਪਾਰਟੀ ਨੇ ਸਾਈਮਨ ਕਮਿਸ਼ਨ ਦਾ ਵਿਰੋਧ ਕਰਵਾਇਆ ਸੀ। ਸਾਡਿਆਂ ਨੇ ਵੀ ਵਿਰੋਧ ਕਰ ਦਿੱਤਾ, ਉਨ੍ਹਾਂ ਨੂੰ ਪਤਾ ਨਹੀਂ ਸੀ, ਜਾਣਕਾਰੀ ਨਹੀਂ ਸੀ। ਲੇਕਿਨ ਸੰਨ 1930-31 ਵਿੱਚ ਡਾਕਟਰ ਅੰਬੇਦਕਰ ਸਾਹਿਬ ਨੇ ਬਹੁਤ ਔਖੇ ਹੋ ਕੇ, ਕਿਉਂਕਿ ਇਹ ਕੋਈ ਸੌਖਾ ਕੰਮ ਨਹੀਂ ਸੀ, ਕਾਂਗਰਸ ਪਾਰਟੀ ਦੇ ਲੀਡਰਾਂ ਵੱਲੋਂ ਬੜੀ ਕੋਸ਼ਿਸ਼ ਕੀਤੀ ਗਈ ਕਿ ਡਾਕਟਰ ਅੰਬੇਦਕਰ ਅਛੂਤਾਂ ਦਾ ਨੁਮਾਇੰਦਾ ਬਣ ਕੇ ਨਾ ਜਾਵੇ ਲੇਕਿਨ ਬੜੇ ਮੁਸ਼ਕਲ ਹਾਲਾਤਾਂ ਵਿੱਚ ਉਹ ਨੁਮਾਇੰਦਾ ਬਣ ਕੇ ਚਲੇ ਗਏ, ਉਥੇ ਜਾ ਕੇ ਉਨ੍ਹਾਂ ਨੇ ਗੋਲ ਮੇਜ ਕਾਨਫਰੰਸ ਵਿੱਚ ਜਾ ਕੇ ਕਿਹਾ ਕਿ ਮੈਂ ਉਨ੍ਹਾਂ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹਾਂ, ਜਿਹੜੇ ਬਹੁਤ ਗਰੀਬ ਹਨ, ਜਿਨ੍ਹਾਂ ਨੂੰ ਪਸ਼ੂਆਂ ਤੋਂ ਵੀ ਮਾੜਾ ਸਮਝਿਆ ਜਾਂਦਾ ਹੈ ਅਤੇ ਗੁਲਾਮਾਂ ਤੋਂ ਵੀ ਮਾੜਾ ਸਮਝਿਆ ਜਾਂਦਾ ਹੈ। ਗੁਲਾਮਾਂ ਤੋਂ ਮਾੜਾ ਕਿਵੇਂ ਸਮਝਿਆ ਜਾਂਦਾ ਹੈ? ਕਿਉਂਕਿ ਗੁਲਾਮ ਦੀ ਸਿਹਤ ਦਾ ਅਤੇ ਖਾਣ-ਪੀਣ ਦਾ ਤਾਂ ਬੰਦਾ ਇਸ ਕਰਕੇ ਵੀ ਧਿਆਨ ਰੱਖਦਾ ਹੈ ਕਿਉਂਕਿ ਗੁਲਾਮ ਕੋਲੋਂ ਕੰਮ ਲੈਣਾ ਹੁੰਦਾ ਹੈ ਲੇਕਿਨ ਦਲਿਤ ਦੀ ਹਾਲਤ ਉਸ ਤੋਂ ਵੀ ਮਾੜੀ ਸੀ, ਉਸ ਨੂੰ ਕੋਈ ਹੱਥ ਵੀ ਨਹੀਂ ਲਗਾਉਂਦਾ ਸੀ। ਉਸ ਦੇ ਮਰਨ ਤੇ ਵੀ ਕੋਈ ਅਫਸੋਸ ਨਹੀਂ ਹੁੰਦਾ ਸੀ, ਉਸ ਦੇ ਬਿਮਾਰ ਹੋਣ ਤੇ ਕੋਈ ਅਫਸੋਸ ਨਹੀਂ ਹੁੰਦਾ ਸੀ। ਮਾਨਯੋਗ ਚੇਅਰਮੈਨ ਸਾਹਿਬ, ਡਾਕਟਰ ਅੰਬੇਦਕਰ ਸਾਹਿਬ ਨੇ ਗੋਲ ਮੇਜ਼

[ ਸ਼੍ਰੀ ਪਵਨ ਕੁਮਾਰ ਟੀਨੂੰ ]

ਕਾਨਫਰੰਸ ਵਿੱਚ ਕਿਹਾ ਸੀ ਕਿ ਭਾਰਤੀ ਲੋਕ ਤਾਂ ਇਕਹਿਰੇ ਗੁਲਾਮ ਹਨ, ਸਿਰਫ ਤੁਹਾਡੇ ਗੁਲਾਮ ਹਨ। ਜਿਹੜਾ ਦਬਿਆ-ਕੁਚਲਿਆ ਸਮਾਜ ਹੈ, ਉਹ ਦੂਹਰਾ ਗੁਲਾਮ ਹੈ। ਇਹ ਦੋ ਧਿਰਾਂ ਦੇ ਗੁਲਾਮ ਹਨ। ਇੱਕ ਤਾਂ ਉਹ ਇਸ ਦੇਸ਼ ਦੇ ਹਾਕਮ ਲੋਕਾਂ ਦੇ ਗੁਲਾਮ ਹਨ, ਹਾਕਮ ਲੋਕ ਜਿਹੜੇ ਆਪਣੇ ਆਪ ਨੂੰ ਜਾਤੀ ਹੈਂਕੜ ਵਿੱਚ ਰੱਖਦੇ ਹਨ, ਜਿਹੜੇ ਆਪਣੇ ਆਪ ਨੂੰ ਵੱਡਾ ਸਮਝਦੇ ਹਨ, ਆਪਣੇ ਆਪ ਨੂੰ ਦੇਸ਼ ਦਾ ਮਾਲਕ ਸਮਝਦੇ ਹਨ, ਅਸੀਂ ਉਨ੍ਹਾਂ ਦੇ ਵੀ ਗੁਲਾਮ ਹਾਂ। ਸਾਨੂੰ ਇਨਸਾਨਾਂ ਵਾਲੇ ਹੱਕ ਨਹੀਂ ਦਿੱਤੇ ਜਾਂਦੇ। ਦੂਜਾ ਅਸੀਂ ਤੁਹਾਡੇ ਗੁਲਾਮ ਹਾਂ ਕਿਉਂਕਿ ਤੁਸੀਂ ਦੇਸ਼ ਦੇ ਉਤੇ ਰਾਜ ਕਰਦੇ ਹੋ। ਉਨ੍ਹਾਂ ਨੇ ਕਿਹਾ ਕਿ ਅੰਗਰੇਜ਼ਾਂ ਦੇ ਆਉਣ ਤੋਂ 150 ਸਾਲ ਬਾਅਦ ਵੀ ਅੱਜ ਸਾਡੀ ਹਾਲਤ ਨਹੀਂ ਬਦਲੀ, ਸਾਡੇ ਬਾਰੇ ਕਿਸੇ ਨੇ ਸੋਚਿਆ ਹੀ ਨਹੀਂ। ਕਿਉਂਕਿ ਇਹ ਸੋਚਦੇ ਹਨ ਕਿ ਜੇਕਰ ਅਸੀਂ ਸਮਾਜਿਕ ਵਿਵਸਥਾ ਵਿੱਚ ਕੋਈ ਦਖਲਅੰਦਾਜ਼ੀ ਕੀਤੀ ਤਾਂ ਕਿਤੇ ਗਾਂਧੀ ਜੀ ਨਰਾਜ਼ ਨਾ ਹੋ ਜਾਣ, ਨਹਿਰੂ ਜੀ ਨਰਾਜ਼ ਨਾ ਹੋ ਜਾਣ ਜਾਂ ਇਸ ਦੇਸ਼ ਦੀਆਂ ਪਾਲੀਟੀਕਲ ਪਾਰਟੀਆਂ ਨਰਾਜ਼ ਨਾ ਹੋ ਜਾਣ । ਅੰਗਰੇਜ਼ ਵੀ ਇਸ ਪਾਸੇ ਹੱਥ ਨਹੀਂ ਪਾਉਂਦੇ ਸੀ। ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਨੇ ਰਾਊਂਡ ਟੇਬਲ ਕਾਨਫਰੰਸ ਵਿੱਚ ਇਹ ਗੱਲਾਂ ਰੱਖੀਆਂ ਤਾਂ ਇਨ੍ਹਾਂ ਗੱਲਾਂ ਬਾਰੇ ਅੰਗਰੇਜ਼ ਦੇ ਕੋਲ ਵੀ ਕੋਈ ਜਵਾਬ ਨਹੀਂ ਸੀ, ਕੋਈ ਦਲੀਲ ਨਹੀਂ ਸੀ ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਕਿ ਜੇ ਤੁਸੀਂ ਕਹਿੰਦੇ ਹੋ ਕਿ ਅੰਗਰੇਜ਼ ਬੜੇ ਇਨਸਾਫ ਪਸੰਦ ਹਨ ਤੇ ਇੰਗਲੈਂਡ ਦੇ ਅੰਦਰ ਜੇ ਤੁਸੀਂ ਗਰੀਬ ਨੂੰ ਵੋਟ ਦਾ ਹੱਕ ਨਹੀਂ ਦਿੱਤਾ ਤਾਂ ਫਿਰ ਠੀਕ ਹੈ, ਤੁਸੀਂ ਸਾਨੂੰ ਵੀ ਵੋਟ ਦਾ ਹੱਕ ਨਾ ਦਿਓ। ਪਰ ਜੇ ਤੁਸੀਂ ਇੰਗਲੈਂਡ ਵਿੱਚ ਗਰੀਬ ਨੂੰ ਵੋਟ ਦਾ, ਐਜੂਕੇਸ਼ਨ ਦਾ ਹੱਕ ਦਿੱਤਾ ਹੈ ਤਾਂ ਭਾਰਤ ਵਿੱਚ ਵੀ ਦਿਓ ਕਿਉਂਕਿ ਭਾਰਤ ਵਿੱਚ ਵੀ ਤੁਹਾਡਾ ਹੀ ਝੰਡਾ ਝੂਲਦਾ ਹੈ।

*4.20 ਵਜੇ ਬਾਅਦ ਦੁਪਹਿਰ। (*ਇਸ ਸਮੇਂ ਮਾਨਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ। )

ਮਾਨਯੋਗ ਸਪੀਕਰ ਸਾਹਿਬ, ਸਾਲ 1932 ਵਿੱਚ ਅੰਗਰੇਜ਼ਾਂ ਨੂੰ ਮਜਬੂਰ ਹੋਣਾ ਪਿਆ ਤੇ ਉਨ੍ਹਾਂ ਨੇ ਭਾਰਤ ਦੇ ਸਾਰੇ ਗਰੀਬਾਂ ਨੂੰ ਹੱਕ ਦਿੱਤਾ। ਸਾਲ 1932 ਤੋਂ ਪਹਿਲਾਂ ਭਾਰਤ ਵਿੱਚ ਵੋਟ ਪਾਉਣ ਦਾ ਹੱਕ ਸਿਰਫ ਦਸਵੀਂ ਪਾਸ ਵਿਅਕਤੀ ਨੂੰ ਹੁੰਦਾ ਸੀ ਜਾਂ ਜਿਸ ਕੋਲ ਜਗੀਰ ਹੁੰਦੀ ਸੀ ਜਾਂ ਜਿਹੜਾ ਇਨਕਮ ਟੈਕਸ ਦਿੰਦਾ ਹੁੰਦਾ ਸੀ, ਉਸ ਦੀ ਵੋਟ ਹੁੰਦੀ ਸੀ। ਜਦੋਂ ਡਾਕਟਰ ਅੰਬੇਦਕਰ ਨੇ ਦਲੀਲ ਦਿੱਤੀ

ਤਾਂ ਅੰਗਰੇਜ਼ਾਂ ਨੂੰ ਮੰਨਣਾ ਪਿਆ ਅਤੇ ਸਾਲ 1932 ਵਿੱਚ ਇਸ ਦੇਸ਼ ਦੇ ਸਾਰੇ ਲੋਕਾਂ ਨੂੰ ਵੋਟ ਦਾ ਹੱਕ ਮਿਲ ਗਿਆ ਤੇ ਉਸ ਵਿੱਚ ਦਲਿਤਾਂ ਨੂੰ ਵੀ ਵੋਟ ਦਾ ਹੱਕ ਮਿਲ ਗਿਆ। ਜਦੋਂ ਮੀਡੀਆ ਵਾਲਿਆਂ ਨੇ ਡਾਕਟਰ ਅੰਬੇਦਕਰ ਨੂੰ ਪੁੱਛਿਆ ਕਿ ਅੱਜ ਤਾਂ ਉਹ ਬੜੇ ਖੁਸ਼ ਹੋਣਗੇ ਕਿ ਉਨ੍ਹਾਂ ਦੀ ਗੱਲ ਮੰਨ ਲਈ ਗਈ ਤਾਂ ਡਾਕਟਰ ਸਾਹਿਬ ਨੇ ਜਵਾਬ ਦਿੱਤਾ ਕਿ ਹਾਂ, ਅੱਜ ਮੈਂ ਬਹੁਤ ਖੁਸ਼ ਹਾਂ, ਅੱਜ ਮੈਂ ਇੱਕ ਦੇ ਬਰਾਬਰ ਇੱਕ ਕਰ ਦਿੱਤਾ ਹੈ। ਅੱਜ ਵੱਡੇ ਤੋਂ ਵੱਡੇ ਸਾਮੰਤਵਾਦੀ ਦੀ, ਆਪਣੇ ਆਪ ਨੂੰ ਵੱਡੇ ਤੋਂ ਵੱਡਾ ਸਮਝਣ ਵਾਲੇ ਦੀ, ਸਰਮਾਏਦਾਰ ਦੀ ਵੀ ਇੱਕ ਵੋਟ ਹੋਵੇਗੀ ਤੇ ਇੱਕ ਮਜ਼ਦੂਰ ਦੀ ਵੀ ਇੱਕ ਵੋਟ ਹੋਵੇਗੀ। ਅੱਜ ਮੈਨੂੰ ਤਸੱਲੀ ਹੈ। ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਇਸ ਦੇਸ਼ ਦਾ ਰਾਜਾ ਕਿਸੇ ਰਾਣੀ ਦੇ ਪੇਟ ਤੋਂ ਜਨਮ ਨਹੀਂ ਲਵੇਗਾ। ਇਸ ਦੇਸ਼ ਦਾ ਰਾਜਾ ਇਸ ਦੇਸ਼ ਦੇ ਲੋਕਾਂ ਦੀ ਵੋਟਾਂ ਦੀ ਪੇਟੀ ਵਿੱਚੋਂ ਪੈਦਾ ਹੋਵੇਗਾ। ਮਾਨਯੋਗ ਸਪੀਕਰ ਸਾਹਿਬ, ਜਦੋਂ ਮੀਡੀਆ ਨੇ ਪੁੱਛਿਆ ਕਿ ਤੁਸੀਂ ਰਿਜ਼ਰਵੇਸ਼ਨ ਵੀ ਲੈ ਲਈ ਤੇ ਵੋਟ ਵੀ ਲੈ ਲਈ ਤਾਂ ਡਾਕਟਰ ਸਾਹਿਬ ਕਹਿੰਦੇ ਕਿ ਹਾਂ, ਅੱਜ ਮੈਨੂੰ ਤਸੱਲੀ ਹੈ ਕਿ ਸਾਨੂੰ ਰਿਜ਼ਰਵ ਸੀਟਾਂ ਵੀ ਮਿਲ ਗਈਆਂ ਹਨ, ਹਾਲਾਂਕਿ ਰਿਜ਼ਰਵ ਸੀਟਾਂ ਲਈ ਬੜਾ ਸੰਘਰਸ਼ ਕਰਨਾ ਪਿਆ ਹੈ। ਇੱਕ ਵਾਰੀ ਗਾਂਧੀ ਜੀ ਨੇ ਕਾਂਗਰਸੀਆਂ ਦੇ ਕਹਿਣ ਤੇ ਯਰਵ ਦਾ ਜੇਲ੍ਹ ਵਿੱਚ ਮਰਨ ਵਰਤ ਰੱਖ ਲਿਆ ਤਾਂ ਡਾਕਟਰ ਅੰਬੇਦਕਰ ਜੀ ਨੇ ਦੁਖੀ ਹਿਰਦੇ ਨਾਲ ਕਿਹਾ ਕਿ ਮੈਨੂੰ ਬੜਾ ਅਫਸੋਸ ਹੈ ਕਿ ਗਾਂਧੀ ਜੀ ਆਪਣੇ ਆਪ ਨੂੰ ਕਹਿੰਦੇ ਤਾਂ ਗਰੀਬਾਂ ਦਾ ਹਮਦਰਦ ਹਨ ਲੇਕਿਨ ਅੱਜ ਸਾਡੇ ਵਿਰੁੱਧ ਮਰਨ ਵਰਤ ਰੱਖ ਕੇ ਬੈਠੇ ਹਨ। ਭਾਵੇਂ ਗਾਂਧੀ ਜੀ ਵੱਲੋਂ ਬਹੁਤ ਸਾਰੇ ਮਰਨ ਵਰਤ ਰੱਖੇ ਗਏ ਹਨ, ਲੇਕਿਨ ਦਲਿਤਾਂ ਦੇ ਖਿਲਾਫ ਵੀ ਗਾਂਧੀ ਜੀ ਨੇ ਯਰਵ ਦਾ ਜੇਲ੍ਹ ਦੇ ਅੰਦਰ ਮਰਨ ਵਰਤ ਰੱਖਿਆ ਸੀ ਤੇ ਡਾਕਟਰ ਅੰਬੇਦਕਰ ਨੂੰ ਮਜਬੂਰ ਹੋਣਾ ਪਿਆ ਕਿਉਂਕਿ ਉਨ੍ਹਾਂ ਨੂੰ ਚਿੱਠੀਆਂ ਆਈਆਂ ਸੀ ਕਿ ਜਿਨ੍ਹਾਂ ਵਾਸਤੇ ਤੁਸੀਂ ਹੱਕ ਮੰਗਦੇ ਹੋ, ਰਿਜ਼ਰਵ ਸੀਟਾਂ ਮੰਗਦੇ ਹੋ ਜੇ ਉਹ ਹੀ ਨਹੀਂ ਰਹਿਣਗੇ ਤਾਂ ਤੁਸੀਂ ਕੀ ਕਰੋਗੇ। ਇਸ ਦੇਸ਼ ਦੀਆਂ ਨਦੀਆਂ, ਦਰਿਆ ਲਾਲ ਕਰ ਦਿਆਂਗੇ ਪਰ ਤੁਹਾਨੂੰ ਇਹ ਕੰਮ ਨਹੀਂ ਕਰਨ ਦਿੱਤਾ ਜਾਵੇਗਾ। ਕਿਉਂਕਿ ਉਸ ਵੇਲੇ ਵੱਡੀ ਪੱਧਰ ਤੇ ਕਤਲੋਗਾਰਤ ਹੋ ਸਕਦੀ ਸੀ । ਡਾਕਟਰ ਅੰਬੇਦਕਰ ਸਾਹਿਬ ਨੂੰ ਸੈਪਰੇਟ ਇਲੈਕਟੋਰੇਟ ਦਾ ਅੰਗਰੇਜ਼ਾਂ ਕੋਲੋਂ ਸਭ ਤੋਂ ਵੱਡਾ ਹੱਕ ਮਿਲ ਗਿਆ ਸੀ ਤੇ ਉਹ ਹੱਕ ਲੜ ਕੇ ਲਿਆ ਸੀ, ਉਸ ਨੂੰ ਖੋਹਣਾ ਪਿਆ ਸੀ। ਵੱਖਰੇ ਏਰੀਏ, ਵੱਖਰੇ

[ ਸ਼੍ਰੀ ਪਵਨ ਕੁਮਾਰ ਟੀਨੂੰ ]

ਨੁਮਾਇੰਦੇ ਸਾਨੂੰ ਖੋਹਣੇ ਪਏ ਸੀ। ਸਾਨੂੰ ਜਿਹੜੀ ਇਹ ** ** ਜਿਹੀ ਰਿਜ਼ਰਵੇਸ਼ਨ ਮਿਲੀ ਹੈ, ਇਸ ਵਿੱਚ ਕਿਸ ਤਰ੍ਹਾਂ ਦੇ ਨੁਮਾਇੰਦੇ ਚੁਣ ਕੇ ਆਉਂਦੇ ਹਨ, ਇਸ ਦਾ ਤੁਹਾਨੂੰ ਵੀ ਪਤਾ ਹੈ, ਰਾਜਨੀਤਿਕ ਪਾਰਟੀਆਂ ਨੂੰ ਵੀ ਪਤਾ ਹੈ, ਸਭ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਦੇ ** ** ਇਸ ਰਿਜ਼ਰਵੇਸ਼ਨ ਵਿੱਚ ਕੈਂਡੀਡੇਟ ਚੁਣ ਕੇ ਆਉਂਦੇ ਹਨ ਜਿਹੜੀ ਆਪਣੀ ਗੱਲ ਜਾਂ ਪੀੜ੍ਹਤ ਲੋਕਾਂ ਦੀ ਗੱਲ ਜਾਂ ਸਮਾਜ ਦੀ ਗੱਲ ਨਹੀਂ ਕਰ ਸਕਦੇ । ਮਾਨਯੋਗ ਸਪੀਕਰ ਸਾਹਿਬ, ਬਾਬਾ ਸਾਹਿਬ ਡਾਕਟਰ ਅੰਬੇਦਕਰ ਇਕੱਲੇ ਹੀ ਅਜਿਹੇ ਵਿਦਵਾਨ ਤੇ ਬਹਾਦਰ ਹੋਏ ਹਨ, ਜਿਨ੍ਹਾਂ ਨੇ ਇਕੱਲਿਆਂ ਨੇ ਹੀ ...

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਸਾਡੇ ਸਤਿਕਾਰਯੋਗ ਮੈਂਬਰ ਸਾਹਿਬ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੇ ਜਨਮ ਦਿਹਾੜੇ ਤੇ ਆਪਣੇ ਵਿਚਾਰ ਰੱਖ ਰਹੇ ਹਨ । ਬਹੁਤ ਕੁਝ ਸੁਣਿਆ ਤੇ ਬਹੁਤ ਕੁਝ ਕਿਹਾ ਗਿਆ ਹੈ । ਇਨ੍ਹਾਂ ਨੇ ਜਿਹੜੇ ਸ਼ਬਦ ਵਰਤੇ ਹਨ ਕਿ ਜਿਹੜੇ ਨੁਮਾਇੰਦੇ ਇਸ ਰਿਜ਼ਰਵੇਸ਼ਨ ਪਾਲਿਸੀ ਤਹਿਤ ਚੁਣ ਕੇ ਆਉਂਦੇ ਹਨ, ਉਨ੍ਹਾਂ ਬਾਰੇ ਜਿਹੜੇ ਡੈਰੋਗੇਟਰੀ ਸ਼ਬਦ ਵਰਤੇ ਹਨ, ਮੇਰਾ ਖਿਆਲ ਹੈ ਕਿ ਇਹ ਐਕਸਪੰਜ ਕਰਨੇ ਬਣਦੇ ਹਨ । ਨਹੀਂ ਤਾਂ ਇਹ ਇਤਿਹਾਸ ਬਣੇਗਾ, ਕਦੀ ਵੀ ਇਹ ਚਾਨਣ ਵੱਲ ਨਹੀਂ ਵੱਧ ਸਕਣਗੇ । ਤੁਸੀਂ ਇੰਸਪਾਇਰੇਸ਼ਨ ਵੱਲ ਕੁਝ ਨਹੀਂ ਕੀਤਾ । ਤੁਸੀਂ ਉਨ੍ਹਾਂ ਦੀ ਇੰਸਲਟ ਕੀਤੀ ਹੈ ।

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਦਾ ਮਤਲਬ ਸਮਝ ਨਹੀਂ ਸਕੇ ।

**ਸ਼੍ਰੀ ਪਵਨ ਕੁਮਾਰ ਟੀਨੂੰ :** ਸਮਝਣ ਦੀ ਲੋੜ ਹੈ ।

**ਮਾਨਯੋਗ ਸਪੀਕਰ :** ਕਈ ਚੁੱਪ-ਚੁਪੀਤੇ ਘਰ ਚਲੇ ਜਾਂਦੇ ਹਨ ।

**ਸ਼੍ਰੀ ਪਵਨ ਕੁਮਾਰ ਟੀਨੂੰ :** ਕਈ ਸੁੱਚੇ ਮੂੰਹ ਘਰ ਚਲੇ ਜਾਂਦੇ ਹਨ ।

**ਮਾਨਯੋਗ ਸਪੀਕਰ :** ਭੱਟੀ ਸਾਹਿਬ, ਤੁਹਾਡੇ ਵਰਗੇ ਬੰਦਿਆਂ ਬਾਰੇ ਅਜਿਹਾ ਨਹੀਂ ਕਿਹਾ ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਪਲੀਜ਼ । ਜਿੰਨੇ ਅੱਜ ਆਨਰੇਬਲ ਮੈਂਬਰ ਇਸ ਹਾਊਸ ਵਿੱਚ ਦੋਵੇਂ ਪਾਸਿਆਂ ਤੋਂ ਬੋਲੇ ਹਨ, ਕੀ ਤੁਸੀਂ ਉਨ੍ਹਾਂ ਨੂੰ ਇਹੀ ਕਹਿ ਸਕਦੇ ਹੋ, ਜੋ ਮੇਰੇ ਭਰਾ ਨੇ ਕਿਹਾ ਹੈ ।

** Expunged as ordered by the Chair.

**ਮਾਨਯੋਗ ਸਪੀਕਰ :** ਟੀਨੂੰ ਜੀ, ਦੱਸੋ ।

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ, ਮੈ ਚਾਹੁੰਦਾ ਹਾਂ ਕਿ ਤੁਸੀਂ ਆਪਣੇ ਵੱਲੋਂ ਦੱਸੋ । ਕੀ ਇਹ ਇਨਕੰਪੀਟੈਂਟ ਹਨ ? ਇਹ ਕੀ ਨਹੀਂ ਸਮਝ ਸਕਦੇ ?

**ਸ਼੍ਰੀ ਪਵਨ ਕੁਮਾਰ ਟੀਨੂੰ :** ਮੈਂ ਇਨ੍ਹਾਂ ਸਾਰਿਆਂ ਦੇ ਨਾਲ ਬਹਿਸ ਕਰਨ ਨੂੰ ਤਿਆਰ ਹਾਂ । ਬਿਲਕੁਲ ਅਥੰਟਿਕ ਡਾਕੂਮੈਂਟਸ ਨਾਲ, ਡਾਕਟਰ ਅੰਬੇਦਕਰ ਸਾਹਿਬ ਦੀਆਂ ਲਿਖਤਾਂ ਤੇ ਕਿਤਾਬਾਂ ਮੁਤਾਬਕ ਮੈਂ ਬਹਿਸ ਕਰਨ ਨੂੰ ਤਿਆਰ ਹਾਂ। ਮੈਂ ਆਪਣੇ ਵੱਲੋਂ ਕੁਝ ਨਹੀਂ ਕਿਹਾ । ਜੇ ਅੱਜ ਚਾਹੋ ਤਾਂ ਮੈਂ ਤੁਹਾਨੂੰ ਜਵਾਬ ਦੇ ਸਕਦਾ ਹਾਂ। ਮਾਨਯੋਗ ਭੱਟੀ ਸਾਹਿਬ, ਇਸ ਨੂੰ ਪਰਸਨਲ ਨਾ ਲਵੋ । ਮੈਂ ਇਹ ਗੱਲ ਪਹਿਲਾਂ ਵੀ ਕੀਤੀ ਹੈ ਕਿ ਇਸ ਨੂੰ ਛੋਟਾ ਕਰਕੇ ਨਾ ਦੇਖੋ । ਸਪੀਕਰ ਸਾਹਿਬ, ਡਾਕਟਰ ਅੰਬੇਦਕਰ ਨੇ ਜਦੋਂ ਪੂਨਾ ਪੈਕਟ ਤੇ ਸਾਈਨ ਕੀਤੇ, ਉਨ੍ਹਾਂ ਨੇ ਆਪਣਾ ਪੈੱਨ ਤੋੜ ਦਿੱਤਾ ਕਿ ਮੈਂ ਮਜਬੂਰ ਹੋ ਕੇ ਅੱਜ ਇਸ ਪੂਨਾ ਪੈਕਟ ਤੇ ਹਸਤਾਖਰ ਕਰ ਰਿਹਾ ਹਾਂ । ਕਿਨ੍ਹਾਂ ਨੇ ਉਨ੍ਹਾਂ ਨੂੰ ਮਜਬੂਰ ਕੀਤਾ ? ਉਹ ਕੌਣ ਲੋਕ ਸਨ ?

**ਸਰਦਾਰ ਅਜਾਇਬ ਸਿੰਘ ਭੱਟੀ :** ਮਾਨਯੋਗ ਸਪੀਕਰ ਸਾਹਿਬ, ਮਾਨਯੋਗ ਮੈਂਬਰ ਜੋ ਕਹਿ ਰਹੇ ਹਨ...

**ਮਾਨਯੋਗ ਸਪੀਕਰ :** ਟੀਨੂੰ ਜੀ, ਕਲੀਅਰ ਕਰ ਦਿਓ । ਤੁਸੀਂ ਕਲੀਅਰ ਕਰ ਦਿਓ ਕਿ ਕਿਨ੍ਹਾਂ ਬਾਰੇ ਉਹ ਸ਼ਬਦ ਕਹੇ ਹਨ ।

**ਸ਼੍ਰੀ ਪਵਨ ਕੁਮਾਰ ਟੀਨੂੰ :** ਕੁਝ ਸੈਕਸ਼ਨ ਹਨ ਜਿਹੜੇ ਆਪਣੀਆਂ ਸਮੱਸਿਆਵਾਂ ਨੂੰ ਨਹੀਂ ਸਮਝਦੇ । ਉਹ ਗਰੀਬ ਦੀ ਸਮੱਸਿਆ ਨੂੰ ਨਹੀਂ ਸਮਝਦੇ, ਜਾਣਦੇ ਨਹੀਂ ਤੇ ਉਹ ਕਦੀ ਵੀ ਮਾਮਲੇ ਨੂੰ ਬਾਹਰ ਅਤੇ ਸਦਨ ਦੇ ਅੰਦਰ ਨਹੀਂ ਉਠਾਉਂਦੇ । ਜ਼ਰੂਰੀ ਨਹੀਂ ਕਿ ਵਿਧਾਨ ਸਭਾ ਦੇ ਅੰਦਰ ਹੀ ਗੱਲ ਉਠਾਉਣ, ਬਾਹਰ ਵੀ ਨਹੀਂ ਉਠਾਉਂਦੇ । ਜਿਨ੍ਹਾਂ ਖਾਤਰ ਅਸੀਂ ਚੁਣ ਕੇ ਆਏ ਹਾਂ, ਜਿਹੜੇ ਸਾਨੂੰ ਵੋਟਾਂ ਪਾਉਂਦੇ ਹਨ, ਮਾਣ ਦਿੰਦੇ ਹਨ, ਜੇ ਉਨ੍ਹਾਂ ਦੀ ਖਾਤਰ ਅਸੀਂ ਬੋਲਾਂਗੇ ਨਹੀਂ, ਆਪਣੇ ਵਿਊ ਨਹੀਂ ਰੱਖਾਂਗੇ ਤੇ ਫਿਰ ਆਪਾਂ ਕੀ ਕਹਾਵਾਂਗੇ ? ਕੀ ਆਪਾਂ ਬਹਾਦਰ ਕਹਾਵਾਂਗੇ? ਨਹੀਂ । ਫਿਰ ਲੋਕ ਸਾਨੂੰ ਉਨ੍ਹਾਂ ਸ਼ਬਦਾਂ ਨਾਲ ਸੰਬੋਧਨ ਕਰਨਗੇ ? ਕੋਈ ** ** ਕਹੇਗਾ, ਕੋਈ ** ** ਕਹੇਗਾ, ਕੋਈ ਕੁਝ ਕਹੇਗਾ ।

---

** Expunged as ordered by the Chair.

[ ਸ਼੍ਰੀ ਪਵਨ ਕੁਮਾਰ ਟੀਨੂੰ ]

(ਵਿਘਨ) ਤੁਹਾਨੂੰ ਤਾਂ ਮੈਂ ਇਹ ਗੱਲ ਕਹੀ ਨਹੀਂ । ਤੁਸੀਂ ਕਿਉਂ ਗੁੱਸਾ ਕਰਦੇ ਹੋ? ਮਾਨਯੋਗ ਸਪੀਕਰ ਸਾਹਿਬ,.... (ਵਿਘਨ)

**ਸਰਦਾਰ ਸੁਖਜਿੰਦਰ ਸਿੰਘ :** ਮਾਨਯੋਗ ਸਪੀਕਰ ਸਾਹਿਬ, ਇਹ ਦੱਸ ਦੇਣ ਕਿ ** ** ਦਾ ਮਤਲਬ ਕੀ ਹੈ? ਜਿਹੜੇ ਇੱਥੇ ਬੈਠੇ ਹਨ, ਵਜ਼ੀਰ ਬਣ ਕੇ ਬੈਠੇ ਹਨ, ਕੀ ਇਹ ** ** ਬੈਠੇ ਹਨ ।

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਦੁੱਖ ਲੱਗਦਾ ਹੈ ।

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ, ਤੁਸੀਂ ਵੀ ਇਨ੍ਹਾਂ ਵਿੱਚ ਆ ਜਾਂਦੇ ਹੋ ।

**ਮਾਨਯੋਗ ਸਪੀਕਰ :** ਮੈਂ ਕਿਹੜਾ ਉਹ ਹੈ ਨਹੀਂ । ਮੈਂ ਵੀ ਉਨ੍ਹਾਂ ਵਿੱਚੋਂ ਹੀ ਹਾਂ ।

**ਜੇਲ੍ਹਾਂ, ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ (ਸਰਦਾਰ ਸੋਹਣ ਸਿੰਘ ਠੰਡਲ) :** ਸਪੀਕਰ ਸਾਹਿਬ, ਇਹ ਲਫਜ਼ ਬਦਲ ਦਿਓ ਜੀ ।

**ਸ਼੍ਰੀ ਪਵਨ ਕੁਮਾਰ ਟੀਨੂੰ :** ਸਪੀਕਰ ਸਾਹਿਬ, ਮੈਂ ਹੋਰ ਕਲੀਅਰ ਕਰ ਦਿੰਦਾ ਹਾਂ ਕਿ ਕੌਣ ** ** ਸੀ ? ਚਲੋ, ਮੈਂ ਦੱਸ ਦਿੰਦਾ ਹਾਂ । ਮਾਨਯੋਗ ਸਪੀਕਰ ਸਾਹਿਬ, ਇੱਕ ਕਲਾਸ ਹੈ, ਤੁਹਾਨੂੰ ਪਤਾ ਹੈ । ਦੇਸ਼ ਦੀ ਆਜ਼ਾਦੀ ਵੀ ਹੋ ਗਈ, ਸਾਨੂੰ ਰਿਜ਼ਰਵੇਸ਼ਨ ਵੀ ਮਿਲ ਗਈ, ਸਾਨੂੰ ਸੀਟਾਂ ਵੀ ਮਿਲ ਗਈਆਂ ਲੇਕਿਨ ਕੁਝ ਲੋਕ ਸਿਆਸੀ ਪਾਰਟੀਆਂ ਵਿੱਚ ਅਜਿਹੇ ਰਹੇ ਹਨ ਜਿਹੜੇ ਕਹਿੰਦੇ ਰਹੇ ...

**ਜੇਲ੍ਹਾਂ, ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ :** ਸਪੀਕਰ ਸਾਹਿਬ, ਕਈ ਵਾਰ ਮੈਂਬਰ ਜਜ਼ਬਾਤੀ ਹੁੰਦਾ ਹੈ, ਮੈਂ ਬੇਨਤੀ ਕਰਦਾ ਹਾਂ ਕਿ ਇਹ ਲਫਜ਼ ਆਪਾਂ ਨੂੰ ਸ਼ੋਭਾ ਨਹੀਂ ਦਿੰਦੇ, ਆਪਾਂ ਨੂੰ ਬਦਲ ਦੇਣੇ ਚਾਹੀਦੇ ਹਨ, ਚਾਹੇ ਕਿਤੇ ਵੀ ਯੂਜ਼ ਹੋਏ ਹੋਣ। ਇਹ ਲਫਜ਼ ਵਰਤੇ ਹਨ ਕਿ ** ** ਐਮ.ਐਲ.ਏ. ਆਉਂਦੇ ਹਨ, ਇਹ ਠੀਕ ਨਹੀਂ। ਮੈਂ ਬੇਨਤੀ ਕਰਾਂਗਾ ਕਿ ਇਹ ਲਫਜ਼ ਡਿਲੀਟ ਕਰਨੇ ਚਾਹੀਦੇ ਹਨ। (ਵਿਰੋਧੀ ਧਿਰ ਵੱਲੋਂ ਥੰਪਿੰਗ)

**ਸ਼੍ਰੀ ਪਵਨ ਕੁਮਾਰ ਟੀਨੂੰ :** ਸਪੀਕਰ ਸਾਹਿਬ, ਮੈਂ ਦੱਸ ਦਿੰਦਾ ਹਾਂ। ਕਿਉਂਕਿ ਕਾਂਗਰਸ ਪਾਰਟੀ ਡਾਕਟਰ ਅੰਬੇਦਕਰ ਦਾ ਉਨ੍ਹਾਂ ਦੀ ਮੌਤ ਤੱਕ ਵਿਰੋਧ

** Expunged as ordered by the Chair.

ਵੀ ਕਰਦੀ ਰਹੀ ਅਤੇ ਪਿੱਛਾ ਵੀ ਕਰਦੀ ਰਹੀ। ਇਹ ਪਾਰਟੀ ਉਨ੍ਹਾਂ ਦਾ ਠੋਕ ਕੇ ਵਿਰੋਧ ਕਰਦੀ ਰਹੀ। ਹੁਣੇ ਹੀ ਜਦੋਂ ਸੋਮ ਪ੍ਰਕਾਸ਼ ਜੀ ਬੋਲ ਰਹੇ ਸਨ ਤਾਂ ਇਨ੍ਹਾਂ ਨੇ ਕਿਹਾ ਕਿ ਪੰਡਿਤ ਨਹਿਰੂ ਨੇ ਕਿਹਾ ...(ਵਿਘਨ)...

**ਸਰਦਾਰ ਅਜਾਇਬ ਸਿੰਘ ਭੱਟੀ :** ਸਪੀਕਰ ਸਾਹਿਬ ...

**ਮਾਨਯੋਗ ਸਪੀਕਰ :** ਜੇਕਰ ਗੱਲ ਸਮਝ ਨਾ ਆਵੇ ਤਾਂ ਚੁੱਪ ਕਰ ਜਾਇਆ ਕਰੋ। ਜੇ ਕੋਈ ਗੱਲ ਸਮਝ ਵਿੱਚ ਨਹੀਂ ਆ ਰਹੀ, ਉਥੋਂ ਤੱਕ ਆਪਣੀ ਪਹੁੰਚ ਨਹੀਂ ਹੈ ਤਾਂ ਚੁੱਪ ਕਰ ਜਾਵੋ। ਉਸ ਨੇ ਗੱਲ ਕਰ ਦਿੱਤੀ, ਉਨ੍ਹਾਂ ਨੇ ਕਹਿ ਦਿੱਤਾ।

**ਸ਼੍ਰੀ ਪਵਨ ਕੁਮਾਰ ਟੀਨੂੰ :** ਸਪੀਕਰ ਸਾਹਿਬ, ਹੁਣ ਇਸ ਨੂੰ ਐਕਸਪੰਜ ਕਰ ਦਿਓ ਜੀ, ਤੁਸੀਂ ਬਹੁਤ ਵੱਡੀ ਗੱਲ ਕਰ ਦਿੱਤੀ ਹੈ।

**ਮਾਨਯੋਗ ਸਪੀਕਰ :** ਮੈਂ ਐਕਸਪੰਜ ਕਰਨ ਲਈ ਕਹਿ ਦਿੱਤਾ ਹੈ।

**ਸ਼੍ਰੀ ਪਵਨ ਕੁਮਾਰ ਟੀਨੂੰ :** ਮੈਂ ਸੈਟਿਸਫਾਈਡ ਹਾਂ। ਜਦੋਂ ਸਾਨੂੰ ਰਿਜ਼ਰਵ ਸੀਟਾਂ ਮਿਲ ਗਈਆਂ, ਕਾਂਗਰਸ ਵਿੱਚ ਬੈਠੇ ਸ਼ਡਿਊਲਡ ਕਾਸਟ ਨਾਲ ਸਬੰਧਤ ਵੀ ਐਮ.ਐਲ.ਏ. ਤੇ ਮੰਤਰੀ ਬਣ ਗਏ। ਇਸ ਤਰ੍ਹਾਂ ਦਾ ਸਮਾਂ ਵੀ ਆਇਆ ਕਿ ਕੁਝ ਮੰਤਰੀ, ਕੁਝ ਐਮ.ਐਲ.ਏ. ਜਦੋਂ ਕਿਸੇ ਦੇ ਘਰ ਵਿੱਚ ਜਾਂਦੇ ਹੁੰਦੇ ਸੀ, ਉਹ ਬੁਲਾਉਣ ਵਾਲੇ ਨੂੰ ਕਹਿ ਦਿੰਦੇ ਹੁੰਦੇ ਸੀ ਕਿ ਜੇਕਰ ਤੇਰੇ ਘਰ ਵਿੱਚ ਡਾਕਟਰ ਅੰਬੇਦਕਰ ਦੀ ਫੋਟੋ ਲੱਗੀ ਹੋਈ ਤਾਂ ਮੈਂ ਤੇਰੇ ਘਰੋਂ ਪਾਣੀ ਨਹੀਂ ਪੀਣਾ। ਉਹ ਵੀ ਇਥੇ ਮੰਤਰੀ ਰਹੇ ਹਨ। ਮੈਂ ਹੁਣ ...(ਵਿਘਨ)... ਉਹ ਤੁਹਾਡੀ ਪਾਰਟੀ ਦੇ ਚੌਧਰੀ ਰਹੇ ਹਨ।

**ਸਰਦਾਰ ਸੁਖਜਿੰਦਰ ਸਿੰਘ :** ਸਪੀਕਰ ਸਾਹਿਬ ....

**ਸ਼੍ਰੀ ਪਵਨ ਕੁਮਾਰ ਟੀਨੂੰ :** ਚੌਧਰੀ ਤੁਹਾਡੀ ਪਾਰਟੀ ਦੇ ਰਹੇ ਹਨ ....(ਵਿਘਨ)

**ਮਾਨਯੋਗ ਸਪੀਕਰ :** ਉਨ੍ਹਾਂ ਨੇ ਨਾਮ ਲਿਆ ਕਿਸੇ ਦਾ?

**ਸ਼੍ਰੀ ਪਵਨ ਕੁਮਾਰ ਟੀਨੂੰ :** ਮੈਂ ਤਾਂ ਨਾਮ ਹੀ ਨਹੀਂ ਲਿਆ ਕਿਸੇ ਦਾ ...(ਵਿਘਨ)... ਮੈਂ ਤਾਂ ਨਾਮ ਹੀ ਨਹੀਂ ਲਿਆ। ...(ਵਿਘਨ)... ਮਾਨਯੋਗ ਸਪੀਕਰ ਸਾਹਿਬ, ਪੰਜਾਬ ਵਿੱਚ ਐਸੇ ਵੀ ਲੀਡਰ ਹੋਏ ਹਨ, ਜਿਹੜੇ ਕਹਿੰਦੇ ਸੀ ਜੇ ਫੋਟੋ ਲੱਗੀ ਹੈ ਤਾਂ ਮੈਂ ਤੇਰੇ ਘਰੋਂ ਪਾਣੀ ਨਹੀਂ ਪੀਣਾ ...(ਵਿਘਨ)... ਰੋਟੀ ਨਹੀਂ ਖਾਣੀ।

**ਸਰਦਾਰ ਸੁਖਜਿੰਦਰ ਸਿੰਘ :** ਇਹ ਗਲਤ ਇਲਜ਼ਾਮ ਲਗਾ ਰਹੇ ਹਨ ....(ਵਿਘਨ)...

**ਸ਼੍ਰੀ ਪਵਨ ਕੁਮਾਰ ਟੀਨੂੰ :** ਮੈਂ ਕੋਈ ਗਲਤ ਇਲਜ਼ਾਮ ਨਹੀਂ ਲਗਾ ਰਿਹਾ, ਤੁਹਾਨੂੰ ਪਤਾ ਹੀ ਨਹੀਂ ਹੈ।

**ਸਰਦਾਰ ਸੁਖਜਿੰਦਰ ਸਿੰਘ :** ਇਹ ਐਕਸਪੰਜ ਕਰੋ। ਦੱਸੋ, ਕਿਹੜੇ ਮੰਤਰੀ ਨੇ ਅਜਿਹਾ ਕੀਤਾ ਹੈ?

**ਮਾਨਯੋਗ ਸਪੀਕਰ :** ਨਹੀਂ ਜੀ, ਇਸ ਵਿੱਚ ਕੋਈ ਅਜਿਹਾ ਐਕਸਪੰਜ ਹੋਣ ਵਾਲਾ ਲਫਜ਼ ਨਹੀਂ ਹੈ। (ਵਿਘਨ).....

**ਸ਼੍ਰੀ ਪਵਨ ਕੁਮਾਰ ਟੀਨੂੰ :** ਉਹ ਤੁਹਾਡੀ ਸਰਕਾਰ ਵਿੱਚ ਸੀ।

**ਸਰਦਾਰ ਸੁਖਜਿੰਦਰ ਸਿੰਘ :** ਕਿਹੜੀ ਸਰਕਾਰ ਸੀ?

**ਸ਼੍ਰੀ ਪਵਨ ਕੁਮਾਰ ਟੀਨੂੰ :** ਕਾਂਗਰਸ ਦੀ ਸਰਕਾਰ। ਅੱਛਾ ਇਹ ਦੱਸ ਦਿਓ ਕਿ ਕਾਂਗਰਸ ਪਾਰਟੀ ਨੇ ਰਿਜ਼ਰਵੇਸ਼ਨ ਦਾ ਵਿਰੋਧ ਕੀਤਾ ਕਿ ਨਹੀਂ ਕੀਤਾ, ਗਾਂਧੀ ਜੀ ਨੇ ਕੀਤਾ ਕਿ ਨਹੀਂ ਕੀਤਾ? ...(ਵਿਘਨ)...

**ਸਰਦਾਰ ਸੁਖਜਿੰਦਰ ਸਿੰਘ :** ਸਾਨੂੰ ਉਦੋਂ ਦਾ ਨਹੀਂ ਪਤਾ। ਉਦੋਂ ਅਸੀਂ ਜੰਮੇ ਨਹੀਂ ਸੀ। ਸਾਨੂੰ ਤਾਂ ਇਹ ਪਤਾ ਹੈ ਕਿ ਜਦੋਂ ਸਾਡੇ ਬਜ਼ੁਰਗ ਵਜ਼ੀਰ ਬਣੇ, ਚੌਧਰੀ ਸੁੰਦਰ ਸਿੰਘ ਅਤੇ ਜੈ ਮੁਨੀ, ਸਾਰੇ ਇਕੱਠੇ ਇੱਕੋ ਥਾਂ ਰੋਟੀ ਖਾਂਦੇ ਸੀ ...(ਵਿਘਨ)...

**ਸ਼੍ਰੀ ਪਵਨ ਕੁਮਾਰ ਟੀਨੂੰ :** ਮਾਨਯੋਗ ਸਪੀਕਰ ਸਾਹਿਬ, ਉਹ ਤਾਂ ਗਾਲਾਂ ਵੀ ਕੱਢ ਦਿੰਦੇ ਸੀ। ਜਿਹੜਾ ਨਾਮ ਇਨ੍ਹਾਂ ਨੇ ਲਿਆ ਹੈ, ਉਹ ਗੰਦੇ ਸ਼ਬਦਾਂ ਦਾ ਇਸਤੇਮਾਲ ਵੀ ਕਰ ਦਿੰਦੇ ਸੀ।

**ਮਾਨਯੋਗ ਸਪੀਕਰ :** ਸਰਦਾਰ ਚਰਨਜੀਤ ਸਿੰਘ ਨੇ ਬੋਲਣਾ ਹੈ, ਉਹ ਆਪੇ ਕਲੀਅਰ ਕਰ ਦੇਣਗੇ। ...(ਵਿਘਨ) ... ਸਰਦਾਰ ਚਰਨਜੀਤ ਸਿੰਘ ਬੋਲਣਗੇ, ਉਹ ਆਪੇ ਜਵਾਬ ਵਿੱਚ ਕਲੀਅਰ ਕਰ ਦੇਣਗੇ।

**ਸਰਦਾਰ ਚਰਨਜੀਤ ਸਿੰਘ ਚੰਨੀ :** ਪੁਆਇੰਟ ਆਫ ਆਰਡਰ ਜੀ। ...(ਵਿਘਨ)... ਇੱਕ ਮਿੰਟ ਬੈਠੋ ਜੀ। ਮੈਂ ਬੋਲਣ ਲੱਗਿਆ ਹਾਂ। ...(ਵਿਘਨ)... ਇੱਕ ਮਿੰਟ ਬੈਠ ਜਾਓ। ਸਪੀਕਰ ਸਾਹਿਬ, ਟੀਨੂੰ ਜੀ ਬੋਲ ਰਹੇ ਹਨ। ਜੇ ਬਾਦਲ ਸਾਹਿਬ ਕੋਈ ਕੰਮ ਕਰਨਾ ਨਾ ਚਾਹੁੰਣ, ਕੀ ਟੀਨੂੰ ਜੀ ਕਰ ਲੈਣਗੇ? ਮੈਂ ਟੀਨੂੰ ਜੀ

ਤੋਂ ਹੀ ਪੁੱਛਦਾ ਹਾਂ। ਕੀ ਇਨ੍ਹਾਂ ਦਾ ਕੋਈ ਵੀ ਮੈਂਬਰ ਲੀਡਰ ਤੋਂ ਬਿਨਾਂ ਕੋਈ ਕੰਮ ਕਰ ਸਕਦਾ ਹੈ? ...(ਵਿਘਨ)... ਇੱਕ ਮਿੰਟ ਜੀ। ਜੇ ਜਵਾਹਰ ਲਾਲ ਨਹਿਰੂ ਜੀ ਦੀ ਮਨਸ਼ਾ ਸੀ ਕਿ ਰਿਜ਼ਰਵੇਸ਼ਨ ਦੇਣੀ ਹੈ ਤਾਂ ਅੰਬੇਦਕਰ ਜੀ ਨੇ ਨਾਲ ਮਿਲ ਕੇ ਦਿੱਤੀ ਹੈ...(ਵਿਘਨ)... ਇਹ ਕੀ ਗੱਲ ਕਰਦੇ ਹਨ? ਮੈਂ ਕਹਿਣਾ ਚਾਹੁੰਦਾ ਹਾਂ ਕਿ ਬਿਨਾਂ ਕਾਂਗਰਸ ਦੇ ਇਥੇ ਰਿਜ਼ਰਵੇਸ਼ਨ ਨਹੀਂ ਮਿਲ ਸਕਦੀ ਸੀ ਔਰ ਕਾਂਗਰਸ ਨੇ ਨਾਲ ਹੋ ਕੇ ਰਿਜ਼ਰਵੇਸ਼ਨ ਦਿੱਤੀ ਹੈ।

**ਸ਼੍ਰੀ ਪਵਨ ਕੁਮਾਰ ਟੀਨੂੰ :** ਸਪੀਕਰ ਸਾਹਿਬ, ਇਹ ਪੁੱਛ ਲਵੋ ਕਿ ਕੀ ਸੰਨ 1932 ਵਿੱਚ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਸੀ? ਜਦੋਂ ਸਾਨੂੰ ਵੋਟਾਂ ਮਿਲੀਆਂ ....(ਵਿਘਨ)... ਕੀ ਉਦੋਂ 1932 ਵਿੱਚ ਜਵਾਹਰ ਲਾਲ ਨਹਿਰੂ ਜੀ ਸੀ? ...(ਵਿਘਨ)... ਕਿਉਂ? ... ਤੁਹਾਨੂੰ ਪਤਾ ਹੀ ਨਹੀਂ ....(ਵਿਘਨ)....

**ਸਰਦਾਰ ਚਰਨਜੀਤ ਸਿੰਘ ਚੰਨੀ :** ਕਾਂਸਟੀਚਿਊਸ਼ਨ ਦੇ ਵਿੱਚ ਪਾਸ ਹੋ ਹੀ ਨਹੀਂ ਸੀ ਸਕਦਾ, ਉਨ੍ਹਾਂ ਤੋਂ ਬਿਨਾਂ ....(ਵਿਘਨ)....

**ਸ਼੍ਰੀ ਪਵਨ ਕੁਮਾਰ ਟੀਨੂੰ :** ਬਿਲਕੁਲ ਗਲਤ .....(ਵਿਘਨ).... ਮਾਨਯੋਗ ਸਪੀਕਰ ਸਾਹਿਬ, ਇਹ ਡਿਸਟਰਬ ਕਰਦੇ ਹਨ। ਜਦੋਂ ਇਹ ਬੋਲ ਰਹੇ ਸੀ ਤਾਂ ਅਸੀਂ ਬਿਲਕੁਲ ਨਹੀਂ ਬੋਲੇ ....(ਵਿਘਨ)...

**ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਸਿਕੰਦਰ ਸਿੰਘ ਮਲੂਕਾ) :** ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਿਆ ਸੀ, ....(ਵਿਘਨ)... ਪੰਜਾਬ ਵਿੱਚ ਰਿਜ਼ਰਵੇਸ਼ਨ ਅਕਾਲੀ ਦਲ ਨੇ ਦਿਵਾਈ ਹੈ .....(ਵਿਘਨ).... ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਿਆ ਤਾਂ ਪੰਜਾਬ ਵਿੱਚ ਰਿਜ਼ਰਵੇਸ਼ਨ ਮਿਲੀ ਸੀ .....(ਵਿਘਨ).... ਪੰਜਾਬ ਦੇ ਦਲਿਤਾਂ ਨੂੰ ਕਾਂਗਰਸ ਨੇ ਰਿਜ਼ਵਰਵੇਸ਼ਨ ਨਹੀਂ ਦਿਵਾਈ .....(ਵਿਘਨ).... ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਿਆ, ਫਿਰ ਮਿਲੀ ਹੈ।

**ਸ਼੍ਰੀ ਪਵਨ ਕੁਮਾਰ ਟੀਨੂੰ :** ਮਾਨਯੋਗ ਸਪੀਕਰ ਸਾਹਿਬ, ਜਦੋਂ ਬਾਬਾ ਸਾਹਿਬ 6 ਦਸੰਬਰ, 1956 ਨੂੰ ਪੂਰੇ ਹੁੰਦੇ ਹਨ, ਉਨ੍ਹਾਂ ਦੇ ਬਾਰੇ ਜਵਾਹਰ ਲਾਲ ਨਹਿਰੂ ਜੀ ਦੇ ਕੀ ਬਿਆਨ ਸੀ, ਉਹ ਦੱਸ ਗਏ, ਉਨ੍ਹਾਂ ਨੇ ਇੱਕ ਹੋਰ ਗੱਲ ਕਹੀ ਸੀ ਕਿ ਜਦੋਂ ਡਾਕਟਰ ਅੰਬੇਦਕਰ ਸਾਹਿਬ ਇਸ ਦੁਨੀਆਂ ਨੂੰ ਛੱਡ ਕੇ ਗਏ ਤਾਂ ਨਹਿਰੂ ਜੀ ਨੇ ਕਿਹਾ ਕਿ ਉਨ੍ਹਾਂ ਦੀ ਮੌਤ ਨਾਲ ਦਲਿਤਾਂ ਦੀ ਅਜ਼ਾਦੀ ਦਾ ਦੀਵਾ ਹਮੇਸ਼ਾਂ ਲਈ ਬੁਝ ਗਿਆ । ਪਤਾ ਨਹੀਂ ਕਿਹੜੇ ਸੰਦਰਭ ਵਿੱਚ ਗੱਲ ਕਹੀ ਸੀ

[ ਸ਼੍ਰੀ ਪਵਨ ਕੁਮਾਰ ਟੀਨੂੰ ]

ਲੇਕਿਨ ਉਸ ਵੇਲੇ ਇਹੀ ਲਗਦਾ ਸੀ ਕਿ ਵਾਕਿਆ ਹੀ ਦਲਿਤਾਂ ਦੀ ਅਜ਼ਾਦੀ ਦਾ ਦੀਵਾ ਜਿਹੜਾ ਹੈ, ਉਹ ਬੁਝ ਗਿਆ ਹੈ। ਲੇਕਿਨ ਉਨ੍ਹਾਂ ਦੀਆਂ ਕਿਤਾਬਾਂ ਨੇ, ਉਨ੍ਹਾਂ ਦੀਆਂ ਲਿਖਤਾਂ ਨੂੰ ਆਪਾਂ ਨੂੰ ਫਿਰ ਦੁਬਾਰਾ ਰੌਸ਼ਨ ਕਰ ਦਿੱਤਾ, ਜ਼ਿੰਦਾ ਕਰ ਦਿੱਤਾ। ਸਰਦਾਰ ਸਾਧੂ ਸਿੰਘ ਧਰਮਸੋਤ ਜੀ ਅੱਜ ਇੱਥੇ ਬੈਠੇ ਨਹੀਂ ਹਨ, ਮੈਂ ਇਨ੍ਹਾਂ ਨੂੰ ਜਵਾਬ ਦੇਣਾ ਚਾਹੁੰਦਾ ਹਾਂ ਕਿ ਜਦੋਂ ਕਾਂਸਟੀਚਿਊਐਂਟ ਅਸੈਂਬਲੀ ਦਾ ਇਲੈਕਸ਼ਨ ਹੋਇਆ ਤਾਂ ਡਾਕਟਰ ਅੰਬੇਦਕਰ ਜੀ ਨੂੰ ਬੰਗਾਲ ਵਿਚੋਂ ਲੜਾਇਆ ਗਿਆ ਜਿਥੇ ਸਭ ਤੋਂ ਵੱਧ ਅਬਾਦੀ ਮੁਸਲਮਾਨ ਭਾਈਚਾਰੇ ਦੀ ਸੀ । ਜਦੋਂ ਇਨ੍ਹਾਂ ਨੇ ਸੋਚਿਆ ਕਿ ਉਹ ਉਥੋਂ ਹਾਰ ਜਾਣਗੇ ਤੇ ਆਪੇ ਹੀ ਰੋੜਾ ਪਰ੍ਹੇ ਹੋ ਜਾਵੇਗਾ ਤੇ ਉਹ ਮੈਂਬਰ ਹੀ ਨਹੀਂ ਬਣਨਗੇ ਤਾਂ ਗੱਲ ਖਤਮ ਹੋ ਜਾਵੇਗੀ ਅਤੇ ਅਸੀਂ ਆਪਣੀ ਮਰਜ਼ੀ ਨਾਲ ਸਰਕਾਰ ਬਣਾ ਲਵਾਂਗੇ। ਮਾਨਯੋਗ ਸਪੀਕਰ ਸਾਹਿਬ, ਲੇਕਿਨ ਵਾਰੇ ਜਾਂਦੇ ਹਾਂ, Jessore in Khulna Division, ਬੰਗਾਲ ਵਾਸੀਆਂ ਦੇ ਜਿਥੇ ਲੋਕਾਂ ਨੇ ਬੜੀ ਬਹਾਦਰੀ ਨਾਲ ਉਸ ਏਰੀਏ ਵਿਚੋਂ ਵੋਟਾਂ ਪਾਈਆਂ। ਉਸ ਏਰੀਏ ਵਿੱਚ ਪੰਜਾਬੀ ਵੀ ਬੜੇ ਰਹਿੰਦੇ ਸੀ ਤੇ ਉਥੇ ਦੁਆਬੀਏ ਚਮੜੇ ਦਾ ਕੰਮ ਕਰਦੇ ਸੀ, ਉਨ੍ਹਾਂ ਨੇ ਵੀ ਫਿਰ ਬੜੇ ਤੱਕੜੇ ਹੋ ਕੇ ਉਥੋਂ ਵੋਟਾਂ ਪਾਈਆਂ ਤੇ ਡਾਕਟਰ ਅੰਬੇਦਕਰ ਬਹੁਤ ਥੰਪਿੰਗ ਮੈਜਾਰਿਟੀ ਨਾਲ ਜਿੱਤ ਕੇ ਆਏ ਅਤੇ ਕਾਂਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਬਣੇ। ਉਸ ਤੋਂ ਬਾਅਦ ਕੀ ਵਾਪਰਿਆ? ਅਗਲੀ ਘਟਨਾ ਸੁਣੋ। ਜਦੋਂ ਇੰਡੀਆ ਤੇ ਪਾਕਿਸਤਾਨ ਦੀ ਵੰਡ ਹੋਣ ਲੱਗੀ ਤਾਂ ਨਹਿਰੂ ਜੀ ਨੇ ਅਤੇ ਗਾਂਧੀ ਜੀ ਨੇ ਫੈਸਲਾ ਕਰ ਲਿਆ ਕਿ ਜਿਹੜੇ ਇਲਾਕੇ ਵਿੱਚ, ਜਿਹੜੇ ਸੂਬੇ ਵਿੱਚ ਮੁਸਲਮਾਨ ਬਹੁਤਾਤ ਹਨ, ਮੈਜਾਰਿਟੀ ਜ਼ਿਆਦਾ ਹੈ, ਉਹ ਪਾਕਿਸਤਾਨ ਨੂੰ ਛੱਡ ਦਿਉ। ਜਿਥੇ ਹਿੰਦੂ ਅਬਾਦੀ ਹੈ, ਉਹ ਹਿੰਦੁਸਤਾਨ ਵਿੱਚ ਰਹਿਣ ਦਿਉ। ਉਸ ਤੋਂ ਪਹਿਲਾਂ ਇੱਕ ਤੱਕੜੇ ਕਾਂਗਰਸੀ ਲੀਡਰ ਨੇ ਬਿਆਨ ਦਿੱਤਾ ਕਿ ਅੱਜ ਜੋ ਅਸੀਂ ਪਾਲਿਸੀ ਬਣਾਈ ਹੈ, ਉਸ ਵਿਚ ਮੈਂ ਡਾਕਟਰ ਅੰਬੇਦਕਰ ਦਾ ਪਾਰਲੀਮੈਂਟ ਵਿਚ ਜਾਣਾ ਜਾਂ ਦੇਸ਼ ਵਿੱਚ ਉਚੇ ਅਹੁਦੇ ਉਤੇ ਜਾਣਾ ਬੰਦ ਕਰ ਦਿੱਤਾ ਹੈ ਕਿਉਂਕਿ ਉਸ ਨੂੰ ਪਤਾ ਸੀ ਕਿ ਅਸੀਂ ਮੁਸਲਮਾਨ ਬਹੁਤਾਤ ਏਰੀਏ ਜਿਹੜੇ ਹਨ ਉਹ ਪਾਕਿਸਤਾਨ ਨੂੰ ਛੱਡਣੇ ਹਨ, ਉਥੋਂ ਡਾਕਟਰ ਅੰਬੇਦਕਰ ਜਿੱਤ ਕੇ ਆਏ ਸੀ, ਉਹ ਅਸਲ ਵਿੱਚ ਕੰਡਾ ਕੱਢਣਾ ਚਾਹੁੰਦੇ ਸੀ ਤਾਂ ਉਨ੍ਹਾਂ ਨੇ ਸੋਚਿਆ ਕਿ ਜੇ Jessore city in Khulna Division, ਬੰਗਾਲ ਦਾ ਇਹ ਇਲਾਕਾ ਪਾਕਿਸਤਾਨ ਵਿਚ ਜਾਵੇਗਾ ਤਾਂ ਉਥੋਂ ਦਾ ਨੁਮਾਇੰਦਾ ਜਿਹੜਾ ਹੈ, ਉਸ ਨੂੰ ਵੀ ਪਾਕਿਸਤਾਨ ਜਾਣਾ ਪਵੇਗਾ ਤੇ ਸਾਡੇ ਲਈ ਤਾਂ ਮਸਲਾ ਹੀ ਹੱਲ ਹੋ

ਜਾਣਾ ਹੈ ਲੇਕਿਨ ਡਾਕਟਰ ਅੰਬੇਦਕਰ ਨੇ ਕਿਹਾ 'ਨਹੀਂ', ਉਨ੍ਹਾਂ ਨੇ ਵਿਰੋਧ ਕੀਤਾ । ਲੇਕਿਨ ਉਨ੍ਹਾਂ ਨੇ ਕਿਹਾ ਕਿ ਮੈਂ ਹਿੰਦੁਸਤਾਨ ਵਿਚ ਰਹਾਂਗਾ, ਮੈਂ ਸੱਚਾ ਭਾਰਤੀ ਹਾਂ, ਮੈਂ ਭਾਰਤ ਵਾਸਤੇ ਸਭ ਕੁਝ ਕਰ ਸਕਦਾ ਹਾਂ। ਉਸ ਤੋਂ ਬਾਅਦ ਉਹ ਫਿਰ ਹੋਰ ਕਿਸੇ ਕਾਂਸਟੀਚੂਐਂਸੀ ਤੋਂ ਲੜੇ....

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ:** ਅਸੀਂ ਵੀ ਪਾਕਿਸਤਾਨ ਵਿੱਚੋਂ ਆਪਣੀਆਂ ਜ਼ਮੀਨਾਂ ਛੱਡ ਕੇ ਆਏ ਹਾਂ। (ਵਿਘਨ)

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਜਿੰਦਰ ਸਿੰਘ ਤੇ ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਤੁਸੀਂ ਬੈਠ ਜਾਉ। ਨਾਗਰਾ ਜੀ, ਬੈਠੋ।

**ਸ਼੍ਰੀ ਪਵਨ ਕੁਮਾਰ ਟੀਨੂੰ:** ਹਾਂ ਜੀ, ਚਲੋ ਉਹ ਆ ਗਿਆ। ਤੁਸੀਂ ਬੰਗਾਲ ਤੋਂ ਆਏ ਹੋ? ਅਸੀਂ ਵੀ ਪਾਕਿਸਤਾਨ ਤੋਂ ਆਏ ਹਾਂ (ਵਿਘਨ) ਅਸੀਂ ਬੰਗਾਲ ਤੋਂ ਨਹੀਂ ਆਏ, ਉਨ੍ਹਾਂ ਨੂੰ ਜਾਣਬੁੱਝ ਕੇ ਬੰਗਾਲ ਤੋਂ ਲੜਾਇਆ ਗਿਆ ਸੀ। ਜਾਣ ਬੁਝ ਕੇ ਉਹ ਏਰੀਆ ਪਾਕਿਸਤਾਨ ਨੂੰ ਦਿੱਤਾ ਗਿਆ। ਇਹ ਤੁਸੀਂ ਵੇਰਕਾ ਸਾਹਿਬ ਨੂੰ ਪੁੱਛ ਕੇ ਵੇਖੋ ਜਿਨ੍ਹਾਂ ਨੂੰ ਇਸ ਦੀ ਨਾਲਿਜ ਹੈ।

(ਇਸ ਸਮੇਂ ਇੰਡੀਅਨ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਜਿੰਦਰ ਸਿੰਘ ਤੇ ਸਰਦਾਰ ਕੁਲਜੀਤ ਸਿੰਘ ਨਾਗਰਾ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

**ਮਾਨਯੋਗ ਸਪੀਕਰ:** ਜਿਹੜਾ ਵੀ ਮੇਰੀ ਪਰਮਿਸ਼ਨ ਤੋਂ ਬਗੈਰ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ।

**ਸ਼੍ਰੀ ਪਵਨ ਕੁਮਾਰ ਟੀਨੂੰ:** ਅੰਬੇਦਕਰ ਸਾਹਿਬ ਭਾਰਤ ਆਏ ਤੇ ਉਹ ਦੁਬਾਰਾ ਇਲੈਕਸ਼ਨ ਜਿੱਤ ਕੇ ਕਾਂਸਟੀਚਿਊਐਂਟ ਅਸੈਂਬਲੀ ਦੇ ਮੈਂਬਰ ਬਣੇ, ਡਰਾਫਟਿੰਗ ਕਮੇਟੀ ਦੇ ਚੇਅਰਮੈਨ ਬਣੇ । ਉਨ੍ਹਾਂ ਨੇ ਇਸ ਦੇਸ਼ ਦਾ ਇੱਕ ਅਜਿਹਾ ਮੁਸ਼ਕਲ ਕੰਮ ਹੱਲ ਕਰਕੇ ਦਿਖਾਇਆ, ਮੈਂ ਸਮਝਦਾ ਹਾਂ ਕਿ ਜਿਸ ਮੁਲਕ ਵਿਚ ਸੈਂਕੜੇ ਬੋਲੀਆਂ ਹੋਣ, ਜਿਸ ਦੇਸ਼ ਵਿੱਚ ਹਜ਼ਾਰਾਂ ਜਾਤਾਂ ਹੋਣ, ਅਨੇਕਾਂ ਤਰ੍ਹਾਂ ਦੇ ਧਰਮ ਹੋਣ, ਸੱਭਿਆਚਾਰ ਅਲੱਗ ਹੋਵੇ, ਜਿਥੇ ਛੂਆ-ਛੂਤ ਹੋਵੇ, ਜਿਥੇ ਬੜੇ ਡਿਫਰੈਂਸਿਜ ਹੋਣ ਔਰ ਇਨਇਕੁਐਲਿਟੀ ਹੋਵੇ, ਉਥੇ ਹਰ ਇਕ ਦਾ ਧਿਆਨ

[ ਸ਼੍ਰੀ ਪਵਨ ਕੁਮਾਰ ਟੀਨੂੰ ]

ਰੱਖਣਾ, ਮਰਿਆਦਾ ਦਾ, ਉਨ੍ਹਾਂ ਦੀਆਂ ਭਾਵਨਾਵਾਂ ਦਾ ਅਤੇ ਜਜ਼ਬਾਤਾਂ ਦਾ ਧਿਆਨ ਰੱਖਣਾ ਇੱਕ ਬਹੁਤ ਵੱਡਾ ਕੰਮ ਸੀ । ਇਹ ਕੋਈ ਹੋਰ ਨਹੀਂ ਕਰ ਸਕਦਾ ਸੀ, ਕੋਈ ਯੂਰਪੀਅਨ ਵੀ ਨਹੀਂ ਕਰ ਸਕਦਾ ਸੀ, ਇਹ ਸੰਵਿਧਾਨ ਬਣਾਉਣ ਦਾ ਕੰਮ ਕੋਈ ਯੂਰਪੀਅਨ ਜਾਂ ਅਮਰੀਕਨ ਨਹੀਂ ਕਰ ਸਕਦਾ ਸੀ, ਇਹ ਜਿਸ ਨੂੰ ਜਾਣਕਾਰੀ ਸੀ, ਉਹ ਹੀ ਇਹ ਕੰਮ ਕਰ ਸਕਦਾ ਸੀ । ਡਾਕਟਰ ਅੰਬੇਦਕਰ ਨੂੰ ਇਹ ਜ਼ਿੰਮੇਵਾਰੀ ਮਿਲੀ । ਬਾਦਲ ਸਾਹਿਬ ਵੀ ਦੱਸ ਕੇ ਗਏ ਹਨ ਕਿ ਉਸ ਕਮੇਟੀ ਦੇ ਦੋ ਤਿੰਨ ਮੈਂਬਰ ਤਾਂ, ਕੋਈ ਵਿਦੇਸ਼ ਚਲਿਆ ਗਿਆ, ਕੋਈ ਬਿਮਾਰ ਹੋ ਗਿਆ, ਇੱਕ ਦੀ ਡੈਥ ਹੋ ਗਈ, ਸੋ ਉਨ੍ਹਾਂ ਨੂੰ ਹੀ ਇਹ ਸਾਰਾ ਕੰਮ ਆਪਣੇ ਮੋਢਿਆਂ ਦੇ ਉਤੇ ਲੈਣਾ ਪਿਆ। 18-18 ਘੰਟੇ ਇੱਕ ਦਿਨ ਵਿੱਚ ਕੰਮ ਕਰਕੇ ਉਨ੍ਹਾਂ ਨੇ ਦੇਸ਼ ਨੂੰ ਸੰਵਿਧਾਨ ਬਣਾ ਕੇ ਦਿੱਤਾ। ਸੰਵਿਧਾਨ ਵੀ ਅਜਿਹਾ ਦਿੱਤਾ ਕਿ ਅੱਜ ਵੀ ਅਨੇਕਾਂ ਧਰਮਾਂ, ਜਾਤਾਂ, ਬਿਰਾਦਰੀਆਂ ਅਤੇ ਬੋਲੀਆਂ ਹੋਣ ਦੇ ਬਾਅਦ ਵੀ ਅੱਜ ਦੇਸ਼ ਇਕੱਠਾ ਹੈ। ਨਹੀਂ ਤਾਂ ਯੂ.ਐਸ.ਏ. ਵੇਖ ਲਵੋ, ਇਕੋ ਹੀ ਕੌਮ ਸੀ ਪਰ ਸੰਵਿਧਾਨ ਕਮਜ਼ੋਰ ਹੋਣ ਕਾਰਨ ਯੂ.ਐਸ.ਏ.ਟੁੱਟ ਗਿਆ ਤੇ ਉਸ ਦੇ 15 ਟੁਕੜੇ ਹੋ ਗਏ। ਅੱਜ ਜੇ ਦੇਸ਼ ਤਰੱਕੀ ਕਰਦਾ ਹੈ ਅਤੇ ਇਕੱਠਾ ਹੈ ਤਾਂ ਮੈਂ ਸਮਝਦਾ ਹਾਂ ਕਿ ਸਾਡੇ ਸੰਵਿਧਾਨ ਕਰਕੇ ਹੈ, ਇਸ ਵਿੱਚ ਡਾਕਟਰ ਅੰਬੇਦਕਰ ਸਾਹਿਬ ਦਾ ਯੋਗਦਾਨ ਹੈ ਕਿ ਉਨ੍ਹਾਂ ਨੇ ਸਾਨੂੰ ਇਕੱਠੇ ਰੱਖਿਆ ਹੈ। ਸੰਵਿਧਾਨ ਦੇ ਅੰਦਰ ਸਭ ਨੂੰ ਅੱਗੇ ਵੱਧਣ ਦਾ ਮੌਕਾ ਦਿੱਤਾ ਗਿਆ ਹੈ, ਜਿਥੇ ਔਰਤਾਂ ਨੂੰ ਆਪਣਾ ਹੱਕ ਮਿਲਿਆ ਹੈ, ਉਥੇ ਮਜ਼ਦੂਰ ਨੂੰ ਵੀ ਮਿਲਿਆ ਹੈ, ਬੈਕਵਰਡ ਕਲਾਸਾਂ ਨੂੰ ਵੀ ਮਿਲਿਆ ਹੈ ਕਿਉਂਕਿ ਸ਼ਡਿਊਲਡ ਕਾਸਟਾਂ ਵਾਲੇ ਤਾਂ ਮੰਨ ਗਏ ਸੀ ਪਰ ਬੈਕਵਰਡ ਕਲਾਸਾਂ ਨੂੰ ਥੋੜ੍ਹਾ ਜਿਹਾ ਇਹ ਲਗਦਾ ਸੀ ਕਿ ਸਾਨੂੰ ਕੋਈ ਮਾੜਾ ਨਾ ਕਹੇ ਲੇਕਿਨ ਬਾਬਾ ਸਾਹਿਬ ਨੇ ਸੰਵਿਧਾਨ ਵਿੱਚ ਧਾਰਾ 340 ਰੱਖ ਦਿੱਤੀ ਕਿ ਤੁਸੀਂ ਜਦੋਂ ਚਾਹੋ ਇਸ ਦੇਸ਼ ਦੇ ਅੰਦਰ ਆਰਥਿਕ ਤੌਰ ਤੇ, ਸਮਾਜਿਕ ਤੌਰ ਤੇ ਆਪਣੇ ਹੱਕ ਲੈ ਸਕਦੇ ਹੋ। ਉਸ ਦਾ ਸਿੱਟਾ ਹੈ ਕਿ ਇਸ ਦੇਸ਼ ਅੰਦਰ ਕਾਕਾ ਕਲੇਕਰ ਕਮਿਸ਼ਨ ਬਣਿਆ ਅਤੇ ਮੰਡਲ ਕਮਿਸ਼ਨ ਬਣਿਆ। ਬੈਕਵਰਡ ਕਲਾਸਾਂ ਦੀ ਹਾਲਤ ਜਾਣਨ ਵਾਸਤੇ ਕਮਿਸ਼ਨ ਬਣ ਸਕੇ, ਜਿਸ ਨਾਲ ਬੈਕਵਰਡ ਕਲਾਸਾਂ ਵਾਸਤੇ ਵੀ ਰਿਜ਼ਰਵੇਸ਼ਨ ਮਿਲ ਸਕੀ ਹੈ। ਅੱਜ ਪੰਜਾਬ ਵਿੱਚ ਵੀ, ਦੇਸ਼ ਦੇ ਦੂਜੇ ਸੂਬਿਆਂ ਵਿੱਚ ਵੀ ਜੋ ਰਿਜ਼ਰਵੇਸ਼ਨ ਬਾਰੇ ਸੁਣਿਆ ਜਾਂਦਾ ਹੈ, ਉਹ ਉਸ ਸੰਵਿਧਾਨ ਕਰਕੇ ਹੈ, ਉਸ ਕਾਨੂੰਨ ਕਰਕੇ ਹੈ ਜਿਹੜਾ ਬਾਬਾ ਸਾਹਿਬ ਡਾਕਟਰ ਅੰਬੇਦਕਰ ਨੇ ਬਣਾਇਆ ਸੀ।

ਸਪੀਕਰ ਸਾਹਿਬ, 200 ਯੂਨਿਟ ਬਿਜਲੀ ਦਾ ਬਿਲ ਵੀ ਬਾਦਲ ਸਾਹਿਬ ਨੇ ਮਾਫ ਕਰ ਦਿੱਤਾ ਹੈ।

ਮਾਨਯੋਗ ਸਪੀਕਰ ਸਾਹਿਬ, ਇੰਨਾ ਕੰਮ ਕੀਤਾ, ਅੱਜ ਸਾਹਮਣਿਓ ਵੀ ਅਤੇ ਇੱਧਰੋਂ ਵੀ ਇੰਨੇ ਬੁਲਾਰੇ ਬੋਲੇ ਹਨ ਲੇਕਿਨ ਮੈਂ ਸਮਝਦਾ ਹਾਂ ਕਿ ਅਸੀਂ ਉਨ੍ਹਾਂ ਦੇ ਸੰਘਰਸ਼ ਸਬੰਧੀ ਪੂਰੀ ਗੱਲ ਇੰਨੀ ਛੇਤੀ, ਇੰਨੇ ਘੰਟਿਆਂ ਵਿੱਚ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਦਾ ਜੀਵਨ ਬਹੁਤ ਸੰਘਰਸ਼ ਵਾਲਾ ਸੀ। ਉਹ ਬੜੇ ਡਿਟਰਮੀਨੇਸ਼ਨ ਵਾਲੇ ਇਨਸਾਨ ਸਨ। ਅੱਜ ਕੀ ਕਰਨਾ ਚਾਹੀਦਾ ਹੈ? ਉਹ ਬੜੀ ਮੁਸ਼ਕਿਲ ਜ਼ਿੰਦਗੀ ਜੀਅ ਕੇ, ਬੜਾ ਸੰਘਰਸ਼ ਕਰਕੇ ਸਾਨੂੰ ਇੱਥੇ ਤੱਕ ਲਿਆਏ ਹਨ। ਅੱਜ ਸਾਨੂੰ ਕੀ ਕਰਨਾ ਚਾਹੀਦਾ ਹੈ? ਅੱਜ ਸਾਨੂੰ ਸਭ ਨੂੰ, ਸਾਰੇ ਦੇਸ਼ ਵਾਸੀਆਂ ਨੂੰ, ਸਭ ਤੋਂ ਪਹਿਲਾਂ ਜੋ ਉਹ ਚਾਹੁੰਦੇ ਸੀ ਕਿ casteless society ਬਣਾਈ ਜਾਵੇ। Casteless society ਬਣਾਉਣ ਵੱਲ ਆਪਾਂ ਨੂੰ ਕਦਮ ਵਧਾਉਣਾ ਚਾਹੀਦਾ ਹੈ। ਆਪਾਂ ਸਾਰੇ ਇਹ ਸੰਕਲਪ ਕਰੀਏ ਕਿ ਅਸੀਂ ਚਾਹੇ ਘਰ ਤੋਂ ਬਾਹਰ ਹਾਂ ਜਾਂ ਘਰ ਦੇ ਅੰਦਰ ਹਾਂ, ਚਾਹੇ ਦਫਤਰ ਵਿੱਚ ਹਾਂ ਜਾਂ ਦਫਤਰ ਤੋਂ ਬਾਹਰ ਹਾਂ, ਆਪਾਂ ਆਪਣੇ ਵਿਵਹਾਰ ਵਿੱਚ ਕਦੇ ਵੀ ਜਾਤ-ਪਾਤ ਨਾ ਲੈ ਕੇ ਆਈਏ, ਕਦੇ ਵੀ ਜਾਤੀ ਦੇ ਨਾਂ ਤੇ ਨਫਰਤ ਨਾ ਲੈ ਕੇ ਆਈਏ। ਇਨਸਾਨ ਦੀ ਗੱਲ ਕਰੀਏ, ਇਹ ਅੱਜ ਮੁੱਦਾ ਹੋਣਾ ਚਾਹੀਦਾ ਹੈ। ਅੱਜ ਦੀ ਇਸ ਡਿਸਕਸ਼ਨ ਵਿੱਚ ਜਿਹੜੀ ਵਿਚਾਰ-ਚਰਚਾ ਰੱਖੀ ਹੈ, ਇਹ ਉਸ ਵਾਸਤੇ ਬੜਾ ਵੱਡਾ ਦਿਨ ਹੈ।

ਮਾਨਯੋਗ ਸਪੀਕਰ ਸਾਹਿਬ, ਬਾਬਾ ਸਾਹਿਬ ਨੇ ਇਕਨਾਮਿਕ ਅਜ਼ਾਦੀ ਦੀ ਬਹੁਤ ਵੱਡੀ ਗੱਲ ਕੀਤੀ ਹੈ ਕਿਉਂਕਿ ਉਸ ਤੋਂ ਬਗੈਰ ਮੈਂ ਸਮਝਦਾ ਹਾਂ ਕਿ ਅਜ਼ਾਦੀ ਪੂਰੀ ਨਹੀਂ ਮਾਣੀ ਜਾ ਸਕਦੀ। ਸਮਾਜਿਕ ਅਜ਼ਾਦੀ ਦੇ ਨਾਲ-ਨਾਲ ਇਕਨਾਮਿਕ ਅਜ਼ਾਦੀ ਮਿਲਣੀ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ - Our object is framing the Constitutions in two fold :

1. To lay down the form of political democracy.

2. To lay down our ideas is economic democracy and also to prescribe that every Government whichever is in power shall strive to bring about economic democracy.

The Directive Principles have a great value for they lay

[ ਸ਼੍ਰੀ ਪਵਨ ਕੁਮਾਰ ਟੀਨੂੰ ]

down that our idea is economic democracy.

ਅੱਜ ਦੇਸ਼ ਵਿੱਚ ਸਰਕਾਰਾਂ ਨੂੰ, ਅੱਜ ਦੇਸ਼ ਵਿੱਚ ਸਮਾਜ ਨੂੰ ਸਮਾਜਿਕ ਅਜ਼ਾਦੀ ਦੇ ਨਾਲ ਨਾਲ ਜਿੰਨੀ ਦੇਰ ਆਪਾਂ ਦੱਬੇ-ਕੁਚਲੇ ਸਮਾਜ ਨੂੰ ਸਾਧਨ ਨਹੀਂ ਦੇਵਾਂਗੇ, ਉਨੀ ਦੇਰ ਤੱਕ ਤਰੱਕੀ ਨਹੀਂ ਹੋ ਸਕਦੀ। ਇਕੱਲਾ ਤਰਸ ਕਰਨਾ, ਇਕੱਲੀ ਵਾਹ-ਵਾਹ ਕਰਨੀ ਅਤੇ ਇਕੱਲੀ ਸੇਵਾ ਕਰਨੀ ਹੀ ਕਾਫੀ ਨਹੀਂ ਹੈ। ਦੇਸ਼ ਵਿੱਚ 70 ਸਾਲ ਅਜ਼ਾਦੀ ਨੂੰ ਹੋ ਗਏ ਹਨ, ਇਕਨਾਮੀਕਲੀ ਉਨ੍ਹਾਂ ਨੂੰ ਪਾਰਟੀਸੀਪੇਟ ਕਰਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਐਜੂਕੇਸ਼ਨ ਵਿੱਚ ਹਿੱਸਾ ਦੇਣਾ, ਐਜੂਕੇਸ਼ਨ ਵਿੱਚ ਅੱਗੇ ਵਧਾਉਣਾ, ਕੁਆਲਿਟੀ ਐਜੂਕੇਸ਼ਨ ਦੇਣੀ ਬਹੁਤ ਜ਼ਰੂਰੀ ਹੈ। ਬਾਦਲ ਸਾਹਿਬ ਮੈਰੀਟੋਰੀਅਸ ਸਕੂਲਾਂ ਦੀ ਗੱਲ ਕਰਕੇ ਗਏ ਹਨ, ਇਹ ਉਨ੍ਹਾਂ ਦਾ ਬਹੁਤ ਵੱਡਾ ਫੈਸਲਾ ਹੈ। ਅੱਜ ਵੀ ਕੁਆਲਿਟੀ ਐਜੂਕੇਸ਼ਨ ਦੀ ਲੋੜ ਹੈ।

**ਡਾਕਟਰ ਰਾਜ ਕੁਮਾਰ ਵੇਰਕਾ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ। ਮੈਂਬਰ ਸਾਹਿਬ ਨੇ ਬਹੁਤ ਚੰਗੀਆਂ ਗੱਲਾਂ ਕੀਤੀਆਂ ਹਨ, ਮੈਂ ਇਸ ਗੱਲ ਦੀ ਤਾਰੀਫ ਕਰਦਾ ਹਾਂ। ਇਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਥੋਂ ਤੱਕ ਇਨ੍ਹਾਂ ਨੇ ਸਮੁੱਚੀ ਅਜ਼ਾਦੀ ਦੀ ਗੱਲ ਕੀਤੀ, ਉਥੇ ਮੈਂ ਇਹ ਗੱਲ ਜ਼ਰੂਰ ਕਹਾਂਗਾ ਕਿ ਅੱਜ ਪੰਜਾਬ ਦੀ ਵਿਧਾਨ ਸਭਾ ਵਿੱਚ ਖੜ੍ਹੇ ਹੋ ਕੇ ਅਸੀਂ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਸ਼ਰਧਾਂਜ਼ਲੀ ਦੇਣ ਦੀ ਗੱਲ ਕਰਦੇ ਹਾਂ ਲੇਕਿਨ ਪੀ.ਪੀ.ਐਸ.ਸੀ. ਵਿੱਚ ਜਿੱਥੋਂ ਲੋਕਾਂ ਨੂੰ ਸਰਵਿਸ ਮਿਲਣੀ ਹੈ, ਉਥੇ ਇਕ ਵੀ ਦਲਿਤ ਮੈਂਬਰ ਨਹੀਂ ਹੈ। ਸੈਂਟਰ ਨੇ 6,000 ਕਰੋੜ ਰੁਪਏ ਦਾ ਜਿਹੜਾ ਕੱਟ ਲਗਾਇਆ, ਬਾਦਲ ਸਾਹਿਬ ਉਥੇ ਜਾ ਕੇ ਆਬਜੈਕਸ਼ਨ ਕਰਕੇ ਆਏ ਹਨ ਕਿ ਜਿਹੜਾ ਵਜ਼ੀਫਿਆਂ ਵਿੱਚ, ਸਕਾਲਰਸ਼ਿਪ ਵਿੱਚ ਕੱਟ ਲੱਗਿਆ ਹੈ, ਉਸ ਨੂੰ ਪੂਰਾ ਕੀਤਾ ਜਾਵੇ, ਮੈਂ ਇੱਥੇ ਇਹ ਕਹਿਣਾ ਚਾਹੁੰਦਾ ਹਾਂ, ਮੈਂ ਇੱਥੇ ਸਿਆਸਤ ਦੀ ਗੱਲ ਨਹੀਂ ਕਰਦਾ। ਮੈਂ ਚਾਹੁੰਦਾ ਹਾਂ ਕਿ ਜਿੱਥੇ-ਜਿੱਥੇ ਕਮੀਆਂ ਹਨ, ਅੱਜ ਦੇ ਦਿਨ ਉਹ ਪੂਰੀਆਂ ਹੋਣੀਆਂ ਚਾਹੀਦੀਆਂ ਹਨ।

**ਸ਼੍ਰੀ ਪਵਨ ਕੁਮਾਰ ਟੀਨੂੰ :** ਮਾਨਯੋਗ ਸਪੀਕਰ ਸਾਹਿਬ, ਠੀਕ ਹੈ ਕਿ ਕੁਆਲਿਟੀ ਐਜੂਕੇਸ਼ਨ ਮਿਲਣੀ ਚਾਹੀਦੀ ਹੈ, ਜਿਵੇਂ ਅੱਜ ਵੀ ਜਿਹੜੇ ਸੰਪੰਨ ਪਰਿਵਾਰ ਹਨ, ਉਹ ਆਪਣੇ ਬੱਚਿਆਂ ਨੂੰ ਪੜ੍ਹਨ ਵਾਸਤੇ ਵਿਦੇਸ਼ਾਂ ਵਿੱਚ ਭੇਜਦੇ ਹਨ। ਇਸ ਦਾ ਮਤਲਬ ਕੋਈ ਕਾਰਨ ਹੈ। ਪਰ ਫਿਰ ਵੀ ਪੰਜਾਬ ਦੂਜੇ ਸੂਬਿਆਂ

ਨਾਲੋਂ ਐਜੂਕੇਸ਼ਨ ਵਿੱਚ ਬਹੁਤ ਅੱਗੇ ਹੈ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਜਿੰਨੀ ਟੀਚਰਾਂ ਦੀ ਭਰਤੀ ਪੰਜਾਬ ਸਰਕਾਰ ਨੇ ਕੀਤੀ ਹੈ, ਇਨ੍ਹਾਂ ਦੀਆਂ ਸਰਕਾਰਾਂ ਨੇ ਕਦੇ ਨਹੀਂ ਕੀਤੀ।

(ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਵਲੋਂ ਵਿਘਨ)

**ਮਾਨਯੋਗ ਸਪੀਕਰ:** ਨਾਗਰਾ ਜੀ, ਜੇ ਸਮਝ ਨਾ ਆਵੇ ਤਾਂ ਬੈਠ ਜਾਉ। ਗੱਲ ਸੁਣ ਲਵੋ। ਪਲੀਜ਼, ਬੈਠ ਜਾਵੋ। (ਵਿਘਨ)

**ਸਰਦਾਰ ਕੁਲਜੀਤ ਸਿੰਘ ਨਾਗਰਾ:** ਸਰਕਾਰੀ ਟੀਚਰ ਕਿੰਨੇ ਭਰੇ ਹਨ? (ਵਿਘਨ) ਤੁਹਾਡੇ ਹਲਕੇ ਵਿੱਚ ਟੀਚਰ ਪੂਰੇ ਹਨ ਜਾਂ ਨਹੀਂ? ਇਹ ਦੱਸੋ। (ਵਿਘਨ)

**ਸ਼੍ਰੀ ਪਵਨ ਕੁਮਾਰ ਟੀਨੂੰ :** ਸਪੀਕਰ ਸਾਹਿਬ, ਜਦੋਂ ਇਹ ਸੱਤਾ ਵਿਚ ਰਹੇ, ਉਦੋਂ ਵੀ ਇੰਨੀ ਭਰਤੀ ਕਦੇ ਨਹੀਂ ਕਰ ਸਕੇ। ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਇਨ੍ਹਾਂ ਦੀ ਸਰਕਾਰ ਸੀ ਤਾਂ ਉਸ ਨਾਲੋਂ ਚਾਰ ਗੁਣਾ ਵੱਧ ਟੀਚਰ ਮੇਰੇ ਹਲਕੇ ਵਿੱਚ ਹੁਣ ਲੱਗੇ ਹੋਏ ਹਨ। ਬੇਸ਼ੱਕ ਆ ਕੇ ਚੈੱਕ ਕਰ ਲਵੋ। ਸਰਕਾਰ ਲਗਾਤਾਰ ਭਰਤੀ ਵੀ ਕਰ ਰਹੀ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ** **

**ਮਾਨਯੋਗ ਸਪੀਕਰ:** ਨਹੀਂ ਜੀ। ਤੁਹਾਡੇ ਲੀਡਰ ਸਾਹਿਬ ਨੇ ਬੋਲਣਾ ਹੈ। ਉਹ ਆਪੇ ਹੀ ਦੱਸ ਦੇਣਗੇ। (ਵਿਘਨ)

**ਸ਼੍ਰੀ ਪਵਨ ਕੁਮਾਰ ਟੀਨੂੰ :** ਅੱਜ ਮੈਰੀਟੋਰੀਅਸ ਸਕੂਲਾਂ ਵਿੱਚ ਬੱਚੇ ਪੜ੍ਹਦੇ ਹਨ, ਸਰਕਾਰੀ ਸਕੂਲਾਂ ਦੇ 150 ਬੱਚੇ ਇੰਜੀਨੀਅਰਿੰਗ ਤੇ ਪੀ.ਐਮ.ਟੀ. ਟੈਸਟਾਂ ਵਿੱਚ ਪਾਸ ਹੋਏ ਹਨ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਸਰਕਾਰੀ ਸਕੂਲਾਂ ਵਿੱਚ 11ਵੀਂ ਤੇ 12ਵੀਂ ਕਲਾਸਾਂ ਵਿੱਚ ਪੜ੍ਹਦੀਆਂ ਲੜਕੀਆਂ ਨੂੰ ਅੱਗੇ ਵਧਾਉਣ ਲਈ, ਹੌਸਲਾ ਵਧਾਉਣ ਲਈ ਤੇ ਸਾਬਾਸ਼ੀ ਦੇਣ ਲਈ ਬਾਦਲ ਸਾਹਿਬ ਨੇ ਮੁਫ਼ਤ ਸਾਈਕਲ ਦਿੱਤੇ ਹਨ। ਲੜਕੀਆਂ ਦੀ 12ਵੀਂ ਕਲਾਸ ਤੱਕ ਪੜ੍ਹਾਈ ਮੁਫ਼ਤ ਕੀਤੀ ਹੈ। ਪਿੰਡਾਂ ਦੇ ਸਕੂਲਾਂ ਵਿੱਚ ਲਾਇਬ੍ਰੇਰੀਆਂ ਤੇ ਲੈਬੋਰਟਰੀਆਂ ਬਣੀਆਂ ਹਨ ਅਤੇ ਚੰਗੀਆਂ ਨਵੀਆਂ ਬਿਲਡਿੰਗਾਂ ਬਣੀਆਂ ਹਨ। (ਵਿਘਨ)(ਸ਼ੋਰ)

**Expunged as ordered by the Chair.

[ ਸ਼੍ਰੀ ਪਵਨ ਕੁਮਾਰ ਟੀਨੂੰ ]

ਪਹਿਲਾਂ ਪੰਜਾਬ ਵਿੱਚ ਤਿੰਨ ਯੂਨੀਵਰਸਿਟੀਆਂ ਹੁੰਦੀਆਂ ਸਨ ਤੇ ਅੱਜ 11 ਯੂਨੀਵਰਸਿਟੀਆਂ ਅਤੇ ਅਨੇਕਾਂ ਕਾਲਜ ਪੰਜਾਬ ਵਿੱਚ ਹਨ। ਅੱਜ ਪੰਜਾਬ ਦੇ ਵਿਦਿਆਰਥੀ ਨੂੰ ਇਹ ਖਤਰਾ ਨਹੀਂ ਹੈ ਕਿ ਜੇ ਉਸ ਨੂੰ ਕਿਸੇ ਇਕ ਦੋ ਜਾਂ ਤਿੰਨ ਯੂਨੀਵਰਸਿਟੀਆਂ ਵਿੱਚ ਐਡਮਿਸ਼ਨ ਨਾ ਮਿਲੇ ਤਾਂ ਉਹ ਕਾਲਜ ਵਿੱਚ ਜਾ ਕੇ ਅਗਲੀ ਪੜ੍ਹਾਈ ਨਹੀਂ ਕਰ ਸਕਦਾ। ਉਹ ਇਨ੍ਹਾਂ ਤੋਂ ਬਿਨਾਂ ਹੋਰ ਦੂਜੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿੱਚ ਕਿਤੇ ਵੀ ਜਾ ਕੇ ਪੜ੍ਹ ਸਕਦਾ ਹੈ।

**ਸਰਦਾਰ ਕੁਲਜੀਤ ਸਿੰਘ ਨਾਗਰਾ:** ਇਹ ਦੱਸਿਆ ਜਾਵੇ ਕਿ ਉਨ੍ਹਾਂ ਪ੍ਰਾਈਵੇਟ ਯੂਨੀਵਰਸਿਟੀਆਂ ਵਿੱਚ ਦਲਿਤਾਂ ਨੂੰ ਕਿੰਨੀਆਂ ਸੀਟਾਂ ਮਿਲੀਆਂ ਹਨ? (ਵਿਘਨ)(ਸ਼ੋਰ)

**ਸ਼੍ਰੀ ਪਵਨ ਕੁਮਾਰ ਟੀਨੂੰ :** ਮਾਨਯੋਗ ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗੱਲ ਮੰਨਦਾ ਹਾਂ ਕਿ ਅਜੇ ਵੀ ਪੰਜਾਬ ਵਿੱਚ ਐਜੂਕੇਸ਼ਨ ਦੇ ਖੇਤਰ ਵਿੱਚ ਬਹੁਤ ਕੁਝ ਹੋਰ ਕਰਨਾ ਬਾਕੀ ਹੈ। ਚੰਨੀ ਸਾਹਿਬ, ਜਦੋਂ ਤੁਹਾਡੇ ਮੈਂਬਰਜ਼ ਬੋਲੇ ਤਾਂ ਕੀ ਅਸੀਂ ਡਿਸਟਰਬ ਕੀਤਾ? ਇਹ ਸੀਰੀਅਸ ਗੱਲ ਹੈ। ਤੁਸੀਂ ਡਾਕਟਰ ਅੰਬੇਦਕਰ ਸਾਹਿਬ ਦੀ ਸੋਚ ਨੂੰ ਨਹੀਂ ਸਮਝ ਰਹੇ। ਮੇਰੀ ਬੇਨਤੀ ਹੈ। ਮੈਂ ਮਿੰਨਤ ਕਰਦਾ ਹਾਂ ਕਿ ਮੈਨੂੰ ਬੋਲ ਲੈਣ ਦਿਉ। ਮੈਨੂੰ ਐਜੂਕੇਸ਼ਨ ਦੀ ਗੱਲ ਪੂਰੀ ਕਰ ਲੈਣ ਦਿਉ। ਅੱਜ ਵੀ ਪੰਜਾਬ ਵਿੱਚ ਐਜੂਕੇਸ਼ਨ ਵਿੱਚ ਬਹੁਤ ਕੁਝ ਕਰਨਾ ਬਾਕੀ ਹੈ। ਇਕ ਪਾਸੇ ਪ੍ਰਾਈਵੇਟ ਸਕੂਲ ਹਨ, ਇਕ ਪਾਸੇ ਕਾਨਵੈਂਟ ਸਕੂਲ ਤੇ ਅਤੇ ਇਕ ਪਾਸੇ ਸਰਕਾਰੀ ਸਕੂਲ ਹਨ। ਜਿਹੜੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਸੀ, ਪਹਿਲਾਂ ਉਨ੍ਹਾਂ ਨੂੰ ਅੱਗੇ ਦਾਖਲੇ ਨਹੀਂ ਮਿਲਦੇ ਸੀ। ਲੇਕਿਨ ਸਾਡੀ ਸਰਕਾਰ ਨੇ, ਬਾਦਲ ਸਾਹਿਬ ਨੇ ਸਰਕਾਰੀ ਸਕੂਲਾਂ ਨੂੰ ਹੋਰ ਸਟਰੈਂਥਨ ਕਰਨ ਵਾਸਤੇ, ਮਜ਼ਬੂਤ ਕਰਨ ਵਾਸਤੇ ਅਤੇ ਹੋਰ ਸਾਧਨ ਦੇਣ ਵਾਸਤੇ ਬਹੁਤ ਜ਼ਿਆਦਾ ਫੰਡ ਤੇ ਬਹੁਤ ਜ਼ਿਆਦਾ ਬਜਟ ਰੱਖਿਆ ਹੈ। ( ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਤਰਲੋਚਨ ਸਿੰਘ ਵਲੋਂ ਵਿਘਨ)

**ਮਾਨਯੋਗ ਸਪੀਕਰ:** ਤਰਲੋਚਨ ਜੀ, ਤੁਹਾਨੂੰ ਇਹ ਗੱਲ ਸੁਣਨੀ ਚਾਹੀਦੀ ਹੈ।

**ਸ਼੍ਰੀ ਪਵਨ ਕੁਮਾਰ ਟੀਨੂੰ :** ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਥੇ ਐਜੂਕੇਸ਼ਨ ਦੀ ਜ਼ਰੂਰਤ ਹੈ, ਨਾਲ ਦੀ ਨਾਲ ਜਿਹੜੇ ਬੱਚੇ ਅੱਜ ਪੜ੍ਹ ਰਹੇ ਹਨ, ਕਿਉਂਕਿ ਅੱਜ ਤੋਂ 10-15 ਸਾਲ ਪਹਿਲਾਂ ਗਰੈਜੂਏਸ਼ਨ ਜਾਂ ਪੋਸਟ ਗਰੈਜੂਏਸ਼ਨ

ਕਰਨ ਵਾਲੇ ਬੱਚੇ ਘੱਟ ਗਿਣਤੀ ਵਿੱਚ ਹੁੰਦੇ ਸੀ। ਸਪੀਕਰ ਸਾਹਿਬ, ਅੱਜ ਪੜ੍ਹਾਈ ਕਰਨ ਵਾਲੇ ਬੱਚਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਉਨ੍ਹਾਂ ਵਿੱਚ ਬਹੁਤ ਜ਼ਿਆਦਾ ਬੇਚੈਨੀ ਵੀ ਵੱਧ ਰਹੀ ਹੈ। ਸਾਰਿਆਂ ਨੂੰ ਤਾਂ ਕੋਈ ਗੌਰਮਿੰਟ ਨੌਕਰੀ ਨਹੀਂ ਦੇ ਸਕਦੀ। ਜਿੰਨੀ ਦੇਰ ਤੱਕ ਅਸੀਂ ਦੱਬੇ-ਕੁਚਲੇ ਲੋਕਾਂ ਨੂੰ ਬਿਜ਼ਨੈਸ ਤੇ ਕਮਰਸ ਫੀਲਡ ਵਿੱਚ ਪਾਰਟੀਸੀਪੇਟ ਕਰਨ ਦਾ ਮੌਕਾ ਨਹੀਂ ਦੇਵਾਂਗੇ, ਉਨੀ ਦੇਰ ਅਸੀਂ ਅੱਗੇ ਨਹੀਂ ਵੱਧ ਸਕਾਂਗੇ। ਚਾਹੇ ਸਰਕਾਰ ਦੇਸ਼ ਦੀ ਹੈ, ਚਾਹੇ ਨਾਲ ਦੇ ਸੂਬਿਆਂ ਦੀ ਹੈ ਅਤੇ ਚਾਹੇ ਸਾਡੀ ਹੈ। ਮੈਂ ਬੇਨਤੀ ਕਰਾਂਗਾ ਕਿ ਇਕਨਾਮੀਕਲੀ ਉਨ੍ਹਾਂ ਦੀ ਸੈਟਲਮੈਂਟ ਕਰਨ ਵਾਸਤੇ, ਹਿੱਸੇਦਾਰੀ ਦੇਣ ਵਾਸਤੇ, ਆਪਣੀਆਂ ਪਾਲਿਸੀਆਂ ਵਿੱਚ ਸਰਕਾਰ ਨੂੰ ਚੇਂਜ ਕਰਨਾ ਹੋਵੇਗਾ, ਮੇਰੀ ਇਹ ਬੇਨਤੀ ਦੇਸ਼ ਦੀ ਸਰਕਾਰ ਨੂੰ ਅਤੇ ਆਪਣੀ ਸਰਕਾਰ ਨੂੰ ਵੀ ਹੈ ਕਿ ਆਪਾਂ ਉਧਰ ਨੂੰ ਧਿਆਨ ਦੇਈਏ। ਵੱਖਰੀਆਂ ਕਮੇਟੀਆਂ ਇਸ ਪਰਪਜ਼ ਲਈ ਬਣਾਈਆਂ ਜਾਣ ਤਾਂ ਕਿ ਇਸ ਤੇ ਵੀ ਬਹਿਸ ਹੋਵੇ ਕਿ ਕਿਹੜੇ-ਕਿਹੜੇ ਖੇਤਰ ਵਿੱਚ ਦਲਿਤਾਂ ਦੇ ਪੜ੍ਹੇ-ਲਿਖੇ ਬੱਚਿਆਂ ਨੂੰ ਆਪਾਂ ਐਡਜਸਟ ਕਰ ਸਕਦੇ ਹਾਂ। ਮੈਂ ਇਕ ਉਦਾਹਰਣ ਦੇਣੀ ਚਾਹੁੰਦਾ ਹਾਂ ਕਿ ਕਿਸੇ ਸਮੇਂ ਅਮਰੀਕਾ ਦੇ ਬਲੈਕ ਕਮਿਊਨਿਟੀ ਦੇ ਲੋਕ ਵੀ ਗੁਲਾਮ ਸੀ। 16ਵੀਂ ਅਤੇ 17ਵੀਂ ਸਦੀ ਵਿਚ ਉਨ੍ਹਾਂ ਦਾ ਬੜਾ ਬੁਰਾ ਹਾਲ ਸੀ। ਉਥੇ ਦੀ ਸਰਕਾਰ ਨੇ ਉਨ੍ਹਾਂ ਨੂੰ ਹੱਕ ਦਿੱਤੇ ਅਤੇ ਲੋਕਾਂ ਨੇ ਵੀ ਖੁੱਲੇ ਦਿਲ ਨਾਲ ਉਨ੍ਹਾਂ ਦੀ ਸਪੋਰਟ ਕੀਤੀ। ਅੱਜ ਜੇਕਰ ਆਪਾਂ ਅਮਰੀਕਾ ਦੇ ਪਹਿਲੇ 20 ਵੱਡੇ ਬਿਜ਼ਨਸ ਘਰਾਣਿਆਂ ਦੀ ਲਿਸਟ ਬਣਾਈਏ ਤਾਂ ਉਸ ਵਿਚੋਂ 4 ਬਲੈਕ ਕਮਿਊਨਿਟੀ ਨਾਲ ਸਬੰਧ ਰੱਖਦੇ ਹਨ ਪਰ ਇਸ ਦੇਸ਼ ਵਿਚ ਮੈਂ ਕਹਿ ਸਕਦਾ ਹਾਂ ਕਿ ਇਕ ਹਜ਼ਾਰ ਬਿਜ਼ਨਸ ਘਰਾਣਾ ਦੇਖਿਆ ਜਾਵੇ ਤਾਂ ਵੀ ਉਸ ਵਿਚ ਕੋਈ ਵੀ ਦਲਿਤਾਂ ਨਾਲ ਸਬੰਧਤ ਨਹੀਂ ਹੈ। ਜੇਕਰ ਆਪਾਂ ਬਾਬਾ ਸਾਹਿਬ ਨੂੰ ਸੱਚੀ ਸ਼ਰਧਾ ਭੇਂਟ ਕਰਨਾ ਚਾਹੁੰਦੇ ਹਾਂ ਤਾਂ ਫਿਰ ਕੇਵਲ ਵੋਟਾਂ ਦੀ ਗੱਲ ਨਾ ਕਰੀਏ। ਉਨ੍ਹਾਂ ਨੇ ਕੇਵਲ ਰਾਜਨੀਤੀ ਤੇ ਹੀ ਕੰਮ ਨਹੀਂ ਕੀਤਾ, ਇਕਾਨਮੀ ਤੇ ਬੜਾ ਕੰਮ ਕੀਤਾ ਹੈ। ਉਨ੍ਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ। ਜਦੋਂ ਤੱਕ ਆਪਾਂ ਦਲਿਤ ਲੋਕਾਂ ਨੂੰ ਸਹੀ ਐਜੂਕੇਸ਼ਨ ਨਹੀਂ ਦਿਵਾਉਂਦੇ, ਬਿਜ਼ਨਸ ਵਿਚ ਮੌਕੇ ਨਹੀਂ ਦਿੰਦੇ ਉਨੀ ਦੇਰ ਤੱਕ ਬਾਬਾ ਸਾਹਿਬ ਦਾ ਸੁਪਨਾ ਪੂਰਾ ਨਹੀਂ ਹੁੰਦਾ। ਸੋ, ਮੈਂ ਸਾਰੀ ਵਿਧਾਨ ਸਭਾ ਦਾ, ਮਾਨਯੋਗ ਮੁੱਖ ਮੰਤਰੀ ਜੀ ਦਾ ਅਤੇ ਮਾਨਯੋਗ ਸਪੀਕਰ ਸਾਹਿਬ ਦਾ ਧੰਨਵਾਦ ਕਰਦਾ ਹਾਂ। ਮੈਂ ਇਹ ਬੇਨਤੀ ਕਰਦਾ ਹਾਂ ਕਿ ਆਪਾਂ ਉਨ੍ਹਾਂ ਦੀ ਫਿਲਾਸਫੀ ਨੂੰ ਇਮਾਨਦਾਰੀ ਨਾਲ ਅਪਣਾਈਏ। ਧੰਨਵਾਦ ਜੀ।

**ਸਰਦਾਰ ਸਰਵਨ ਸਿੰਘ ਫਿਲੌਰ (ਕਰਤਾਰਪੁਰ,ਐਸ.ਸੀ.):** ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਵਿਸ਼ਵ ਦੀ ਮਹਾਨ ਸ਼ਖਸੀਅਤ ਬਾਬਾ ਸਾਹਿਬ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਦੇਸ਼ ਦੇ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਬਾਬਾ ਸਾਹਿਬ ਦੀ 125ਵੀਂ ਵਰ੍ਹੇਗੰਢ ਮਨਾਉਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਉਨ੍ਹਾਂ ਦੀ ਫਿਲਾਸਫੀ ਤੋਂ ਦੁਨੀਆਂ ਨੂੰ ਜਾਣੂੰ ਕਰਵਾਇਆ ਜਾ ਸਕੇ। ਸਪੀਕਰ ਸਾਹਿਬ, ਮੈਂ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨ ਤੋਂ ਬਗੈਰ ਨਹੀਂ ਰਹਿ ਸਕਦਾ। ਸਪੀਕਰ ਸਾਹਿਬ, ਜਦੋਂ ਬਾਬਾ ਸਾਹਿਬ ਦੀ 125ਵੀਂ ਵਰ੍ਹੇਗੰਢ ਮਨਾਉਣ ਸਬੰਧੀ ਬਣਾਈ ਗਈ ਆਪਣੀ ਆਰਗੇਨਾਈਜੇਸ਼ਨ ਦੀ ਪਹਿਲੀ ਮੀਟਿੰਗ ਵਿਚ ਤੁਸੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਅੱਗੇ ਇਹ ਵਰ੍ਹੇਗੰਢ ਮਨਾਉਣ ਲਈ ਜੋ ਪ੍ਰੋਗਰਾਮ ਰੱਖਿਆ, ਉਨ੍ਹਾਂ ਨੇ within no time ਤੁਹਾਡੀਆਂ ਸਾਰੀਆਂ ਗੱਲਾਂ ਨੂੰ ਪ੍ਰਵਾਨ ਕਰ ਲਿਆ। ਚਾਹੇ ਉਹ ਵਿਧਾਨ ਸਭਾ ਵਿਚ ਸਟੈਚੂ ਲਗਾਉਣ ਦੀ ਗੱਲ ਸੀ, ਚਾਹੇ ਬਾਬਾ ਸਾਹਿਬ ਵਲੋਂ ਰਚੇ ਸਾਹਿਤ ਦਾ ਪੰਜਾਬੀ ਵਿੱਚ ਅਨੁਵਾਦ ਕਰਵਾਉਣ ਦੀ ਗੱਲ ਸੀ ਜਾਂ ਜੋ ਵੱਖ-ਵੱਖ ਯੂਨੀਵਰਸਿਟੀਆਂ ਵਿਚ ਸੈਮੀਨਾਰ ਕਰਵਾਉਣ ਦਾ ਖਰਚਾ ਸੀ, ਉਹ ਸਾਰੀਆਂ ਹੀ ਮੰਗਾਂ ਉਨ੍ਹਾਂ ਨੇ ਮੰਨ ਲਈਆਂ। ਸੋ, ਮੈਂ ਸਮਝਦਾ ਹਾਂ ਕਿ ਇਹ ਮੁੱਖ ਮੰਤਰੀ ਸਾਹਿਬ ਦੀ ਫਰਾਖਦਿਲੀ ਹੈ ਅਤੇ ਉਨ੍ਹਾਂ ਦੀ ਬਾਬਾ ਸਾਹਿਬ ਪ੍ਰਤੀ ਸਹੀ ਸੋਚ ਦਾ ਵੀ ਇਕ ਪ੍ਰਮਾਣਿਕ ਨਤੀਜਾ ਹੈ। ਇਸ ਲਈ ਮੈਂ ਮਾਨਯੋਗ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ। ਬਾਕੀ ਮੈਂਬਰ ਸਾਹਿਬਾਨ ਨੇ ਬਾਬਾ ਸਾਹਿਬ ਦੇ ਜੀਵਨ ਬਾਰੇ ਬੜਾ ਕੁਝ ਦੱਸਿਆ ਹੈ। ਪੂਨਾ ਪੈਕਟ ਬਾਰੇ, ਗੋਲ ਮੇਜ਼ ਕਾਨਫਰੰਸਾਂ ਬਾਰੇ ਵੀ ਬਹੁਤ ਕੁਝ ਦੱਸਿਆ ਗਿਆ ਹੈ। ਇਨ੍ਹਾਂ ਸਾਰੀਆਂ ਗੱਲਾਂ ਤੋਂ ਇਹ ਨਤੀਜਾ ਸਾਹਮਣੇ ਆਇਆ ਹੈ ਕਿ Baba Saheb Dr. B.R. Ambedkar was one of the great educationist and learned persons of this world and he was a great economist of the world. Baba Saheb was a great champion of human rights as well as women empowerment. ਸੋ, ਉਹ ਇਕ ਸੋਸ਼ਲ ਰਿਫਾਰਮਰ ਵੀ ਸੀ। ਉਨ੍ਹਾਂ ਨੇ ਜੋ ਡਿਗਰੀਆਂ ਪ੍ਰਾਪਤ ਕੀਤੀਆਂ ਹਨ। ਇਸ ਬਾਰੇ ਵੀ ਬਹੁਤ ਕੁਝ ਕਿਹਾ ਗਿਆ ਹੈ ਪਰ ਜਿਹੜੀ ਦੇਖਣ ਵਾਲੀ ਗੱਲ ਹੈ, ਉਹ ਇਹ ਹੈ ਕਿ ਜਿਸ ਵੀ ਸੰਸਥਾ ਵਿੱਚ ਉਨ੍ਹਾਂ ਨੇ ਐਡਮਿਸ਼ਨ ਲਈ, ਉਥੇ ਉਹ ਟਾਪ ਦੇ ਇੰਟੈਲੀਜੈਂਟ ਸਟੂਡੈਂਟ ਰਹੇ ਸਨ। ਇਥੇ

ਕੋਲੰਬੀਆ ਯੂਨੀਵਰਸਿਟੀ ਦੀ ਗੱਲ ਹੋਈ ਹੈ, ਉਥੇ ਵੀ ਉਹ ਟਾਪ ਦੇ ਇੰਟੈਲੀਜੈਂਟ ਸਟੂਡੈਂਟ ਸਨ। ਇਹੀ ਕਾਰਨ ਹੈ ਆਪਣੇ ਕੋਲ ਉਦਾਹਰਨ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਸ਼੍ਰੀ ਬਰਾਕ ਓਬਾਮਾ ਜੀ ਨੇ ਕੋਲੰਬੀਆ ਯੂਨੀਵਰਸਿਟੀਆਂ ਦੇ ਵਿੱਚ ਡਾਕਟਰ ਅੰਬੇਦਕਰ ਜੀ ਦੇ ਸਟੈਚੂ ਦਾ ਉਦਘਾਟਨ ਕੀਤਾ ਅਤੇ ਉਸ ਸਟੈਚੂ ਤੇ ਸਿੰਬਲ ਆਫ ਨੌਲੇਜ ਲਿਖਿਆ ਹੈ। ਸਾਡੇ ਭਾਰਤੀਆਂ ਲਈ ਇਹ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਸਪੀਕਰ ਸਾਹਿਬ, ਇੰਨੀਆਂ ਬੁਲੰਦੀਆਂ ਤੇ ਪਹੁੰਚਣਾ, ਇੰਨੀ ਵਿਦਿਆ ਹਾਸਲ ਕਰਨੀ, ਗਰੀਬ ਲੋਕਾਂ ਦੇ ਹੱਕਾਂ ਨੂੰ ਪ੍ਰੋਟੈਕਟ ਕਰਨਾ ਤੇ ਜਿਹੜੀ ਦੇਖਣ ਵਾਲੀ ਗੱਲ ਹੈ, ਉਹ ਇਹ ਹੈ ਕਿ ਉਦੋਂ ਉਨ੍ਹਾਂ ਦੇ ਹਾਲਾਤ ਕੀ ਸਨ? ਜਿਹੜੇ ਉਸ ਵੇਲੇ ਦੇ circumstances ਸੀ, ਉਹ ਉਨ੍ਹਾਂ ਦੇ ਹੱਕ ਵਾਲੇ ਨਹੀਂ ਸਨ। Favourable circumstances ਨਹੀਂ ਸਨ, ਬੜੇ adverse circumstances ਸਨ, ਕਿਉਂ ਸਨ? ਤੁਸੀਂ ਵੀ ਸਭ ਕੁਝ ਜਾਣਦੇ ਹੋ, ਤੁਸੀਂ ਸਾਰਿਆਂ ਨੇ ਸੁਣਿਆ ਤੇ ਪੜ੍ਹਿਆ ਵੀ ਹੈ ਕਿ ਉਹ ਗਰੀਬੀ ਵਿੱਚ ਜੰਮੇ ਅਤੇ ਗਰੀਬੀ ਵਿੱਚ ਹੀ ਜਵਾਨ ਹੋਏ ਪਰ ਸਾਰੀਆਂ ਗੱਲਾਂ ਨਾਲ ਜੱਦੋ-ਜਹਿਦ ਕਰਕੇ ਘਾਲਣਾ ਘਾਲ ਕੇ ਉਹ ਇੰਨੀਆਂ ਬੁਲੰਦੀਆਂ ਤੇ ਪਹੁੰਚੇ ਜਿਹੜਾ ਕਿ ਸਾਡੇ ਲਈ ਮਾਣ ਵਾਲੀ ਅਤੇ ਪ੍ਰੇਰਣਾ ਵਾਲੀ ਗੱਲ ਹੈ। ਉਨ੍ਹਾਂ ਨੇ ਬੁਲੰਦ ਹੌਸਲੇ ਨਾਲ ਇੰਨਾ ਵੱਡਾ ਮੁਕਾਮ ਹਾਸਲ ਕੀਤਾ। ਕਾਸਟੀਜ਼ਮ ਅਤੇ ਛੂਤ-ਛਾਤ ਦੀ ਵੀ ਇੱਕ ਬਹੁਤ ਵੱਡੀ ਉਨ੍ਹਾਂ ਲਈ ਰੁਕਾਵਟ ਸੀ। ਉਨ੍ਹਾਂ ਨੇ ਆਪਣੇ ਪਿੰਡੇ ਤੇ ਛੂਤ-ਛਾਤ ਹੰਢਾਈ ਵੀ ਹੈ ਜਿਵੇਂ ਕਿ ਸਕੂਲ ਵਿੱਚ ਉਨ੍ਹਾਂ ਨੂੰ ਪਾਣੀ ਨਾ ਪੀਣ ਦੇਣਾ। ਕਿੰਨੀਆਂ ਰੁਕਾਵਟਾਂ ਹੁੰਦਿਆਂ ਹੋਇਆਂ ਇਸ ਮੁਕਾਮ ਤੇ ਪਹੁੰਚਣਾ ਮੈਂ ਸਮਝਦਾ ਹਾਂ ਕਿ ਇਹ ਸਾਡੇ ਸਾਰਿਆਂ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ।

ਸਪੀਕਰ ਸਾਹਿਬ, ਜੋ ਉਨ੍ਹਾਂ ਦੀ ਇਸ ਦੇਸ਼ ਲਈ ਕਾਂਟ੍ਰੀਬਿਊਸ਼ਨ ਹੈ, ਉਹ ਇਹ ਦੇਸ਼ ਕਦੀ ਵੀ ਭੁਲਾ ਨਹੀਂ ਸਕਦਾ। ਉਨ੍ਹਾਂ ਨੂੰ Chairman, Constitutional Drafting Committee ਦਾ ਅਹੁਦਾ ਉਨ੍ਹਾਂ ਦੀ ਯੋਗਤਾ ਨੂੰ ਦੇਖ ਕੇ ਦਿੱਤਾ ਗਿਆ। ਬਿਲਕੁਲ ਠੀਕ ਹੈ ਇਹ ਕੰਮ ਕੋਈ ਸੌਖਾ ਨਹੀਂ ਸੀ, ਕਿਉਂਕਿ ਸਾਡੇ ਦੇਸ਼ ਵਿੱਚ ਵੱਖਰੀਆਂ-ਵੱਖਰੀਆਂ ਬੋਲੀਆਂ ਅਤੇ ਧਰਮ ਹਨ, ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨੀ ਔਖਾ ਕੰਮ ਸੀ ਪਰ ਜਿਹੜੀ ਸਭ ਤੋਂ ਵੱਡੀ ਗੱਲ ਹੈ, ਉਹ ਇਹ ਹੈ ਕਿ ਜਿਹੜੇ ਡਾਊਨ-ਟਰਾਡਨ ਲੋਕ ਸਨ, ਜਿਹੜੇ ਦੱਬੇ-ਕੁੱਚਲੇ ਲੋਕ ਸਨ, ਉਨ੍ਹਾਂ ਦੇ ਹੱਕਾਂ ਲਈ ਡਾਕਟਰ ਸਾਹਿਬ ਨੇ ਪ੍ਰੋਟੈਕਸ਼ਨ ਦਿੱਤੀ। ਸਪੀਕਰ ਸਾਹਿਬ, ਮੈਂ ਕਹਿ ਸਕਦਾ ਹਾਂ ਕਿ ਜਿਹੜੀ ਤੁਸੀਂ ਇਸ ਕੁਰਸੀ ਤੇ ਬੈਠੇ ਹੋ ਅਤੇ ਜਿਹੜੇ

[ ਸਰਦਾਰ ਸਰਵਨ ਸਿੰਘ ਫਿਲੌਰ ]

ਅਸੀਂ ਰਿਜ਼ਰਵ ਕੈਟਾਗਰੀ ਤੋਂ ਚੁਣ ਕੇ ਆਉਂਦੇ ਹਾਂ, ਮੈਂ ਸਮਝਦਾ ਹਾਂ ਕਿ ਸਾਡਾ ਇਥੇ ਆਉਣਾ ਤਾਂ ਇੱਕ ਪਾਸੇ ਸਾਨੂੰ ਤਾਂ ਇਥੇ ਦੇਖਣ ਦਾ ਵੀ ਮੌਕਾ ਨਾ ਮਿਲਦਾ, ਉਨ੍ਹਾਂ ਦੀ ਬਦੌਲਤ ਅਸੀਂ ਅੱਜ ਇਥੇ ਵੱਡੇ-ਵੱਡੇ ਅਹੁਦਿਆਂ ਤੇ ਬੈਠੇ ਹਾਂ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਕੰਟ੍ਰੀਬਿਊਸ਼ਨ ਕਰਕੇ ਹੀ ਅਸੀਂ ਇਸ ਮੁਕਾਮ ਤੇ ਪਹੁੰਚੇ ਹਾਂ।

ਦੂਸਰਾ, ਸਪੀਕਰ ਸਾਹਿਬ, ਪ੍ਰੈਸ ਦੀ ਆਜ਼ਾਦੀ ਦੇ ਵੀ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਮੁਦੱਈ ਸਨ ਅਤੇ ਉਨ੍ਹਾਂ ਨੇ ਕਿਹਾ ਸੀ ਕਿ ਇਹ ਡੈਮੋਕਰੇਸੀ ਦਾ ਚੌਥਾ ਥੰਮ ਹੈ। ਉਨ੍ਹਾਂ ਨੇ fundamental rights ਦੇ ਵਿੱਚ ਵੀ ਦਲਿਤਾਂ ਦਾ ਜ਼ਿਕਰ ਕੀਤਾ ਸੀ। ਉਹ 20ਵੀਂ ਸਦੀ ਦੇ ਇਕ ਬਹੁਤ ਵੱਡੇ ਅਰਥ ਸ਼ਾਸ਼ਤਰੀ ਹੋਏ ਹਨ। ਮੈਂ ਸਮਝਦਾ ਹਾਂ ਕਿ ਜਿਹੜਾ ਰਿਜ਼ਰਵ ਬੈਂਕ ਆਫ ਇੰਡੀਆ ਹੈ, ਇਹ ਵੀ ਉਨ੍ਹਾਂ ਦੇ ਦਿਸ਼ਾ-ਨਿਰਦੇਸ਼ਾਂ ਤੇ ਬਣਿਆ ਹੈ। ਜਿਹੜਾ ਉਨ੍ਹਾਂ ਨੇ Royal Commission on Indian Currency and Finance ਦੇ ਤੱਥ ਪੇਸ਼ ਕੀਤੇ ਸਨ, ਉਨ੍ਹਾਂ ਦੇ ਦਿਸ਼ਾਂ ਨਿਰਦੇਸ਼ ਤੇ ਹੀ ਅੱਜ ਰਿਜ਼ਰਵ ਬੈਂਕ ਆਫ ਇੰਡੀਆ ਬਣੀ ਸੀ। ਮੈਂ ਇਹ ਕਹਿ ਸਕਦਾ ਹਾਂ ਕਿ Baba Sahib was the champion of human rights. Down trodden ਲੋਕਾਂ ਨੂੰ ਉਨ੍ਹਾਂ ਨੇ ਵਿਸ਼ੇਸ਼ ਅਧਿਕਾਰਾਂ ਰਾਹੀਂ ਬਰਾਬਰਤਾ ਦੇਣ ਬਾਰੇ ਗੱਲ ਕੀਤੀ, ਖਾਸ ਤੌਰ ਤੇ ਜਿਹੜੀਆਂ ਔਰਤਾਂ ਸਨ, ਹਿੰਦੂ ਕੋਡ ਬਿਲ ਦੀ ਗੱਲ ਹੋ ਚੁੱਕੀ ਹੈ, ਉਨ੍ਹਾਂ ਨੇ ਜਦੋਂ ਔਰਤਾਂ ਨੂੰ ਪ੍ਰਾਪਰਟੀ ਦੇ ਅਧਿਕਾਰ ਸਬੰਧੀ ਜਿਹੜਾ ਬਿਲ ਡਰਾਫਟ ਕੀਤਾ ਸੀ, ਉਹ ਪਾਸ ਨਾ ਹੋ ਸਕਿਆ ਤੇ ਫਿਰ ਉਨ੍ਹਾਂ ਨੇ ਸਿਧਾਂਤਕ ਰਾਜਨੀਤਕ ਹੋਣ ਦੇ ਨਾਤੇ ਕੈਬਨਿਟ ਵਿੱਚੋਂ ਅਸਤੀਫਾ ਦੇ ਦਿੱਤਾ। ਇਹ ਗੱਲ ਬਿਲਕੁਲ ਠੀਕ ਹੈ ਕਿ ਅੱਜ ਕੋਈ ਕਿਸੇ ਦੀ ਖਾਤਰ ਪੰਚੀ ਤੇ ਸਰਪੰਚੀ ਵੀ ਨਹੀਂ ਛੱਡਦਾ, ਉਨ੍ਹਾਂ ਨੇ ਬੀਬੀਆਂ ਦੇ ਹੱਕਾਂ ਦੀ ਖਾਤਰ ਆਪਣੀ ਵਜ਼ੀਰੀ ਛੱਡ ਦਿੱਤੀ ਸੀ।

ਸਪੀਕਰ ਸਾਹਿਬ, ਅੱਜ ਅਸੀਂ ਜੋ ਐਜੂਕੇਸ਼ਨ ਦੀ ਗੱਲ ਕਰਦੇ ਹਾਂ, ਵੋਟ ਦੀ ਗੱਲ ਕੀਤੀ ਹੈ, ਐਜੂਕੇਸ਼ਨ ਤੋਂ ਬਗੈਰ ਕੋਈ ਪਰਿਵਾਰ, ਦੇਸ਼ ਜਾਂ ਸੂਬਾ ਤਰੱਕੀ ਨਹੀਂ ਕਰ ਸਕਦਾ। ਬਾਬਾ ਸਾਹਿਬ ਨੇ ਕਿਹਾ ਸੀ ਕਿ ਸਭ ਨੂੰ ਵਿੱਦਿਆ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਵੋਟ ਦੇ ਅਧਿਕਾਰ ਦੀ ਗੱਲ ਕੀਤੀ ਸੀ। ਬਿਲਕੁਲ ਠੀਕ ਗੱਲ ਹੈ ਕਿ ਜੇਕਰ ਕਿਸੇ ਗਰੀਬ ਨੂੰ ਹੱਕ ਨਾ ਹੋਵੇ, ਵੱਡੇ ਸਰਮਾਏਦਾਰਾਂ ਨੂੰ ਹੀ ਹੱਕ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਫਿਰ ਡੈਮੋਕਰੇਸੀ

ਅਧੂਰੀ ਹੈ। ਇਹ ਵੋਟ ਦਾ ਹੱਕ ਵੀ ਡਾਕਟਰ ਅੰਬੇਦਕਰ ਸਾਹਿਬ ਨੇ ਸਾਨੂੰ ਲੈ ਕੇ ਦਿੱਤਾ ਹੈ। ਤੀਜਾ ਹੈ ਰਾਈਟ ਟੂ ਪ੍ਰਾਪਰਟੀ, ਸਪੀਕਰ ਸਾਹਿਬ, ਅਜਿਹਾ ਸਮਾਂ ਸੀ ਕਿ ਜ਼ਮੀਨ ਸਿਰਫ ਖੇਤੀ ਕਰਨ ਵਾਲਾ ਹੀ ਖਰੀਦ ਸਕਦਾ ਸੀ ਅਤੇ ਮੈਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ ਕਿ ਜਿਹੜੇ ਗਰੀਬ ਲੋਕ ਸਨ, ਉਨ੍ਹਾਂ ਨੇ ਖੇਤੀ ਲਈ ਜ਼ਮੀਨ ਤਾਂ ਕੀ ਲੈਣੀ ਸੀ, ਉਹ ਆਪਣੀ ਝੌਂਪੜੀ ਜਾਂ ਘਰ ਬਣਾਉਣ ਲਈ ਵੀ ਜ਼ਮੀਨ ਨਹੀਂ ਲੈ ਸਕਦੇ ਸਨ। ਉਸ ਨੂੰ ਜ਼ਿਮੀਂਦਾਰ ਦੇ ਨਾਂ ਤੇ ਜ਼ਮੀਨ ਲੈਣੀ ਪੈਂਦੀ ਸੀ ਅਤੇ ਉਸ ਜ਼ਮੀਨ ਤੇ ਬਣੇ ਘਰ ਵਿੱਚ ਰਹਿੰਦੇ ਸਨ ਅਤੇ ਸਦਾ ਲਈ ਉਨ੍ਹਾਂ ਦੇ ਗੁਲਾਮ ਰਹਿੰਦੇ ਸਨ। ਇਹ ਜਿਹੜਾ ਰਾਈਟ ਟੂ ਪ੍ਰਾਪਰਟੀ ਦਾ ਹੱਕ ਸਾਨੂੰ ਲੈ ਕੇ ਦਿੱਤਾ, ਇਹ ਵੀ ਉਨ੍ਹਾਂ ਦੀ ਬਹੁਤ ਵੱਡੀ ਗਰੇਟਨੈੱਸ ਸੀ।

ਸਪੀਕਰ ਸਾਹਿਬ, ਜਿਹੜੀ ਵੱਡੀ ਗੱਲ ਦੇਖਣ ਵਾਲੀ ਹੈ, ਜਿਹੜਾ ਉਨ੍ਹਾਂ ਨੇ ਮੁਲਕ ਲਈ ਯੋਗਦਾਨ ਪਾਇਆ ਹੈ, ਉਨ੍ਹਾਂ ਨੂੰ ਕਿਸੇ ਲੀਗੇਸੀ ਵਿੱਚ ਨਹੀਂ ਸੀ ਮਿਲਿਆ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਨੂੰ ਲੀਗੇਸੀ ਵਿੱਚ ਬਹੁਤ ਕੁਝ ਮਿਲ ਜਾਂਦਾ ਹੈ, ਉਹ ਖੁਸ਼ਕਿਸਮਤ ਹੁੰਦੇ ਹਨ। ਉਹ ਮਹਾਨ ਹੁੰਦੇ ਹਨ ਜੇਕਰ ਉਹ ਆਪਣੀ ਲੀਗੇਸੀ ਨੂੰ ਬਰਕਰਾਰ ਰੱਖ ਕੇ ਅੱਗੇ ਤੋਰਦੇ ਹਨ। ਪਰ ਉਹ ਸਭ ਤੋਂ ਵੱਧ ਮਹਾਨ ਹੁੰਦਾ ਹੈ ਜਿਹੜਾ ਆਪਣੀ ਲੀਗੇਸੀ ਆਪ ਬਣਾਉਂਦਾ ਹੈ। ਡਾਕਟਰ ਭੀਮ ਰਾਉ ਅੰਬੇਦਕਰ ਜੀ ਨੇ ਆਪਣੀ ਲੀਗੇਸੀ ਆਪ ਬਣਾਈ ਹੈ। ਇਸ ਕਰਕੇ ਹੀ ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ he was a great builder of this Nation. ਮੈਂ ਜ਼ਿਆਦਾ ਟਾਈਮ ਨਹੀਂ ਲਾਉਣਾ ਚਾਹੁੰਦਾ, ਆਪਾਂ ਸਾਰੇ ਹੀ ਜਿਹੜੀ ਉਨ੍ਹਾਂ ਦੀ 125ਵੀਂ ਵਰ੍ਹੇਗੰਢ ਮਨਾ ਰਹੇ ਹਾਂ, ਇਹ ਬੜੇ ਮਾਣ ਵਾਲੀ ਗੱਲ ਹੈ ਅਤੇ ਖੁਸ਼ੀ ਵਾਲੀ ਗੱਲ ਵੀ ਹੈ ਪਰ ਇਹ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਵੀ ਹੈ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਜੋ ਸਾਡੇ ਗੁਰੂ ਸਾਹਿਬਾਨ ਨੇ ਕਿਹਾ ਸੀ ਕਿ ਸਮਾਨਤਾ ਹੋਣੀ ਚਾਹੀਦੀ ਹੈ, ਸੁਤੰਤਰਤਾ ਹੋਣੀ ਚਾਹੀਦੀ ਹੈ ਅਤੇ ਭਾਈਚਾਰਕ ਸਾਂਝ ਮਜ਼ਬੂਤ ਹੋਣੀ ਚਾਹੀਦੀ ਹੈ, ਡਾਕਟਰ ਸਾਹਿਬ ਨੇ ਵੀ ਇਸ ਨੂੰ ਹੀ ਜ਼ੋਰ ਦੇ ਕੇ ਅੱਗੇ ਤੋਰ ਕੇ ਕਾਂਸਟੀਚਿਊਸ਼ਨ ਵਿੱਚ ਬੰਨ੍ਹਿਆ। ਨਾ ਇਨ੍ਹਾਂ ਨੂੰ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਉਲ੍ਹਾਮਾ ਦਿਉ, ਨਾ ਇਨ੍ਹਾਂ ਨੂੰ (ਟਰੈਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਉਲ੍ਹਾਮਾ ਦਿਉ। ਜੋ ਉਨ੍ਹਾਂ ਦੀ ਫਿਲਾਸਫੀ ਸੀ, ਮਿਸ਼ਨ ਸੀ, ਉਸ ਅਨੁਸਾਰ ਅਸੀਂ ਵੀ ਸੁਤੰਤਰਤਾ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰੀਏ ਅਤੇ ਦੇਸ਼ ਨੂੰ ਅਤੇ ਆਪਣੇ ਸੂਬੇ ਨੂੰ ਖੁਸ਼ਹਾਲੀ ਵੱਲ ਵਧਾਈਏ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਧੰਨਵਾਦ। ਸਰਦਾਰ ਚਰਨਜੀਤ ਸਿੰਘ ਚੰਨੀ ਜੀ। (ਆਪੋਜ਼ੀਸ਼ਨ ਬੈਂਚਿਜ਼ ਵੱਲੋਂ ਥੰਪਿੰਗ)

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਅੱਜ ਤੁਸੀਂ ਮੈਨੂੰ ਇੱਕ ਬਹੁਤ ਹੀ ਮਹਾਨ ਸ਼ਖਸੀਅਤ ਬਾਰੇ ਬੋਲਣ ਅਤੇ ਸ਼ਰਧਾਂਜਲੀ ਦੇਣ ਦਾ ਮੌਕਾ ਦਿੱਤਾ ਹੈ। ਸੁਰਜੀਤ ਪਾਤਰ ਜੀ ਨੇ ਕਿਹਾ ਹੈ ਕਿ "ਮੈਂ ਰਾਹਾਂ ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ"। ਸ਼ਾਇਦ ਉਨ੍ਹਾਂ ਨੇ ਬਾਬਾ ਅੰਬੇਦਕਰ ਜੀ ਦੀ ਸ਼ਖਸੀਅਤ ਨੂੰ ਦੇਖ ਕੇ ਹੀ ਲਿਖਿਆ ਹੋਵੇ। ਸਪੀਕਰ ਸਾਹਿਬ, ਬਾਬਾ ਭੀਮ ਰਾਉ ਅੰਬੇਦਕਰ ਜੀ ਇੱਕ ਮਹਾਨ ਸ਼ਖਸੀਅਤ, ਯੁੱਗਪੁਰਸ਼, ਭਾਰਤ ਦੇ ਸੰਵਿਧਾਨ ਦੇ ਨਿਰਮਾਤਾ, ਦਲਿਤਾਂ ਦੇ ਮਸੀਹਾ, Champion of Civil Rights ਅਤੇ ਸਮਾਜਕ ਨਿਆਂ ਦੇ ਨਿਰਮਾਤਾ ਜੀ ਨੂੰ ਮੈਂ ਇਸ ਸਦਨ ਵਿੱਚ ਸ਼ਰਧਾਂਜਲੀ ਭੇਟ ਕਰਦਾ ਹਾਂ। ਉਹ ਇੱਕ ਗਰੀਬ, ਦਲਿਤ, ਪਿਛੜੇ ਅਤੇ ਲਤਾੜੇ ਹੋਏ ਪਰਿਵਾਰ ਵਿੱਚ ਪੈਦਾ ਹੋਏ, ਜਿਨ੍ਹਾਂ ਨੂੰ ਮੰਦਰਾਂ ਵਿੱਚ ਜਾਣ ਦਾ, ਧਾਰਮਿਕ ਗੱਲਾਂ ਸੁਣਨ ਦਾ ਅਤੇ ਸਵਰਨ ਜਾਤੀ ਲੋਕਾਂ ਕੋਲ ਬੈਠਣ ਦਾ ਹੁਕਮ ਨਹੀਂ ਸੀ। ਇਸ ਦੇ ਬਾਵਜੂਦ ਉਨ੍ਹਾਂ ਨੇ ਪੜ੍ਹਾਈ ਕੀਤੀ, ਤਰੱਕੀ ਕੀਤੀ, ਇੱਥੋਂ ਤੱਕ ਕਿ ਉਹ ਭਾਰਤ ਦੇ ਸੰਵਿਧਾਨ ਦੇ ਰਚੇਤਾ ਬਣੇ। ਦਲਿਤ ਵਰਗ ਦੇ ਲੋਕਾਂ ਤੇ ਹੋ ਰਹੇ ਛੂਆ-ਛੂਤ ਵਿਰੁੱਧ ਉਨ੍ਹਾਂ ਨੇ ਲੜਾਈ ਲੜੀ ਅਤੇ ਦਲਿਤ ਵਰਗ ਦੇ ਲੋਕਾਂ ਨੂੰ ਆਰਥਿਕ ਸਿੱਖਿਆ ਪ੍ਰਤੀ ਜਾਗਰੂਕ ਕਰਨ ਲਈ 'ਮੂਕ ਨਾਇਕ' ਨਾਮ ਦਾ ਅਖਬਾਰ ਜਾਰੀ ਕੀਤਾ। ਦਲਿਤ ਵਰਗ ਲਈ ਲੜਦਿਆਂ ਉਨ੍ਹਾਂ ਨੂੰ ਸਵਰਨ ਜਾਤੀ ਦੇ ਲੋਕਾਂ ਅਤੇ ਕੋਹਲਾਪੁਰ ਦੇ ਰਾਜੇ ਵਰਗੇ ਲੋਕਾਂ ਦੀ ਵਿਰੋਧਤਾ ਸਹਿਣੀ ਪਈ। ਮਾਨਯੋਗ ਸਪੀਕਰ ਸਾਹਿਬ, ਆਪ ਵੀ ਦਲਿਤ ਪਰਿਵਾਰ ਵਿੱਚੋਂ ਹੋ ਤੇ ਮੈਂ ਖੁਦ ਵੀ ਇੱਕ ਦਲਿਤ ਪਰਿਵਾਰ ਵਿੱਚ ਪੈਦਾ ਹੋਇਆ ਹਾਂ, ਮੇਰੇ ਵਰਗੇ ਲੱਖਾਂ ਕਰੋੜਾਂ ਲੋਕ ਹਨ ਜਿਹੜੇ ਬਾਬਾ ਭੀਮ ਰਾਓ ਅੰਬੇਦਕਰ ਜੀ ਦੇ ਕਰਕੇ ਆਪਣੇ ਪੈਰਾਂ ਤੇ ਖੜ੍ਹੇ ਹੋਏ ਹਨ। ਸਾਨੂੰ ਭੀਮ ਰਾਓ ਅੰਬੇਦਕਰ ਜੀ ਨੇ ਜੋ ਰਿਜ਼ਰਵੇਸ਼ਨ ਦਿੱਤੀ ਤੇ ਕਾਂਗਰਸ ਪਾਰਟੀ ਨੇ ਉਨ੍ਹਾਂ ਦਾ ਸਹਿਯੋਗ ਕੀਤਾ। ਉਨ੍ਹਾਂ ਦੇ ਨਾਲ ਲੱਗ ਕੇ ਜੋ ਰਿਜ਼ਰਵੇਸ਼ਨ ਸਾਨੂੰ ਵਿਧਾਨ ਵਿੱਚ ਮਿਲੀ, ਉਸ ਕਰਕੇ ਅੱਜ ਆਪਾਂ ਇੱਥੇ ਵਿਧਾਨ ਸਭਾ ਵਿੱਚ ਮੈਂ ਤੇ ਤੁਸੀਂ ਬਤੌਰ ਐਮ.ਐਲ.ਏ ਸ਼ਾਮਿਲ ਹਾਂ। ਸੋ, ਦਲਿਤ ਵਰਗ ਨੂੰ, ਗਰੀਬ ਪਰਿਵਾਰਾਂ ਨੂੰ ਹਿੰਦੁਸਤਾਨ ਵਿੱਚ ਉੱਪਰ ਚੁੱਕਣ ਲਈ, ਬਰਾਬਰਤਾ ਦਾ ਹੱਕ ਦੇਣ ਲਈ ਅਤੇ ਉਨ੍ਹਾਂ ਨੂੰ ਸਮਾਜ ਵਿੱਚ ਬਰਾਬਰ ਲਿਆਉਣ ਵਿੱਚ ਉਨ੍ਹਾਂ ਦੀ ਪੂਰੀ ਭੂਮਿਕਾ ਹੈ ਤੇ ਇਸ ਦਾ ਸਾਰਾ ਸਿਹਰਾ ਉਨ੍ਹਾਂ ਨੂੰ ਹੀ ਜਾਂਦਾ ਹੈ। ਉਹ ਦਲਿਤਾਂ ਦੇ ਮਸੀਹਾ ਸਨ। ਸਪੀਕਰ ਸਾਹਿਬ, ਬਾਬਾ ਸਾਹਿਬ ਨੇ ਆਪਣੀ ਪੁਸਤਕ "ਜਾਤ-ਪਾਤ ਦਾ

ਬੀਜਨਾਸ਼" ਵਿੱਚ ਵਰਣਨ ਕੀਤਾ ਹੈ ਕਿ ਸਿੱਖ ਧਰਮ ਦੁਨੀਆਂ ਦਾ ਸਭ ਤੋਂ ਮਹਾਨ, ਵਿਗਿਆਨਿਕ, ਆਧੁਨਿਕ ਅਤੇ ਸਰਬ ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲਾ ਧਰਮ ਹੈ। ਮਾਨਯੋਗ ਸਪੀਕਰ ਸਾਹਿਬ, ਬਾਬਾ ਸਾਹਿਬ ਸਿੱਖ ਧਰਮ ਤੇ ਗੁਰੂ ਸਾਹਿਬਾਨ ਤੇ ਪੂਰਨ ਸ਼ਰਧਾ ਰੱਖਦੇ ਸਨ। ਉਨ੍ਹਾਂ ਨੇ ਬੰਬੇ ਵਿੱਚ ਸਿੱਖੀ ਦਾ ਪ੍ਰਚਾਰ ਕਰਨ ਲਈ ਸਿੱਖ ਮਿਸ਼ਨਰੀ ਕਾਲਜ ਬਣਾਇਆ ਔਰ ਉਹ ਸਿੱਖ ਧਰਮ ਵਿੱਚ ਆਉਣਾ ਵੀ ਚਾਹੁੰਦੇ ਸਨ। ਅੱਜ ਇਸ ਬਾਰੇ ਬੜੀ ਡਿਬੇਟ ਹੋਈ ਹੈ, ਲੇਕਿਨ ਇਹ ਗੱਲ ਅੱਜ ਬਾਈਚਾਂਸ ਹੀ ਨਹੀਂ ਆਈ। ਉਹ 6 ਕਰੋੜ ਦਲਿਤ ਲੋਕਾਂ ਨੂੰ ਨਾਲ ਲੈ ਕੇ ਸਿੱਖ ਧਰਮ ਵਿੱਚ ਆਉਣਾ ਚਾਹੁੰਦੇ ਸਨ। ਉਨ੍ਹਾਂ ਨੇ ਸਿੱਖ ਧਰਮ ਦੇ ਪੈਰੋਕਾਰਾਂ ਨੂੰ ਅਪ੍ਰੋਚ ਕੀਤਾ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਲਿਤਾਂ ਨੂੰ ਆਪਣੇ ਗਲ਼ ਨਾਲ ਲਗਾਇਆ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਰੀਬ ਲੋਕਾਂ ਨੂੰ, ਉਸ ਸਮੇਂ ਦੇ ਲਿਤਾੜੇ ਹੋਏ ਲੋਕਾਂ ਨੂੰ ਆਪਣੇ ਨਾਲ ਖੜ੍ਹਾ ਕੀਤਾ। ਉਨ੍ਹਾਂ ਨੇ ਭਾਈ ਜੀਵਨ ਸਿੰਘ ਜੀ ਨੂੰ "ਰੰਗਰੇਟਾ ਗੁਰੂ ਕਾ ਬੇਟਾ" ਦਾ ਉਸ ਸਮੇਂ ਖਿਤਾਬ ਦਿੱਤਾ। ਭਾਈ ਸੰਗਤ ਸਿੰਘ ਜੀ ਨੂੰ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ ਗੁਰੂ ਸਾਹਿਬ ਨੇ ਕਲਗੀ ਲਗਾਈ ਤੇ ਆਪਣਾ ਸਰੂਪ ਦਿੱਤਾ। ਉਸ ਫ਼ਿਲਾਸਫੀ ਨੂੰ ਦੇਖ ਕੇ ਬਾਬਾ ਸਾਹਿਬ ਨੇ ਸਿੱਖ ਧਰਮ ਅਡਾਪਟ ਕਰਨ ਦਾ ਮਨ ਬਣਾਇਆ ਸੀ। ਸੁਨੇਹੇ ਵੀ ਭੇਜੇ ਸੀ ਅਤੇ ਆਪਣੇ ਭਤੀਜੇ ਨੂੰ ਵੀ ਅੰਮ੍ਰਿਤ ਛਕਾਇਆ ਸੀ। ਲੇਕਿਨ ਮੈਨੂੰ ਅੱਜ ਇਹ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਉਸ ਸਮੇਂ ਦੀ ਅਕਾਲੀ ਸਿਆਸਤ ਨੇ ** ** ਉਨ੍ਹਾਂ ਨੂੰ ਸਿੱਖ ਧਰਮ ਵਿੱਚ ਸ਼ਾਮਿਲ ਨਹੀਂ ਹੋਣ ਦਿੱਤਾ।

**ਮਾਨਯੋਗ ਸਪੀਕਰ:** ਨਾਮ ਐਕਸਪੰਜ ਕਰ ਦਿੱਤਾ ਜਾਵੇ।

**ਸਰਦਾਰ ਚਰਨਜੀਤ ਸਿੰਘ ਚੰਨੀ:** ਇਹ ਅਸਲੀਅਤ ਹੈ। ਇਸ ਵਿੱਚ ਅਕਾਲੀ ਦਲ ਦਾ ਹੀ ਰੋਲ ਹੈ ਤੇ ਅੱਜ ਅਕਾਲੀ ਦਲ ਦੇ ਸਰਪ੍ਰਸਤ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਕੇ ਗਏ ਹਨ। ਇਸੇ ਅਕਾਲੀ ਦਲ ਨੂੰ ਜਦੋਂ ਬਾਬਾ ਸਾਹਿਬ ਨੇ ਅਪ੍ਰੋਚ ਕੀਤਾ ਸੀ ਤਾਂ ਉਨ੍ਹਾਂ ਨੂੰ ਸ਼ਾਮਿਲ ਨਹੀਂ ਹੋਣ ਦਿੱਤਾ ਗਿਆ ਸੀ।

**ਸ਼੍ਰੀ ਪਵਨ ਕੁਮਾਰ ਟੀਨੂੰ:** ਸਪੀਕਰ ਸਾਹਿਬ, ਇਹ ਕੋਈ ਕਿਤਾਬ ਦੱਸ ਦੇਣ ਜਿਸ ਵਿੱਚ ਉਨ੍ਹਾਂ ਨੇ ਇਹ ਕਿਹਾ ਹੋਵੇ।

**ਮਾਨਯੋਗ ਸਪੀਕਰ:** ਕਿਤਾਬ ਹੈ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ:** ਨਹੀਂ, ਤੁਸੀਂ ਅੱਗ ਵਿੱਚ ਨਾ ਖੇਡੋ

---

** Expunged as ordered by the Chair.

ਕਿਉਂਕਿ ਅੱਜ ਤੁਸੀਂ ਉਸੇ ਪਾਰਟੀ ਨਾਲ ਬੈਠੇ ਹੋ, ਜਿਸ ਨੇ ਦਲਿਤ ਸਮਾਜ ਨੂੰ ਆਪਣੇ ਵਿੱਚ ਆਉਣ ਤੋਂ ਰੋਕਿਆ। ਅੱਜ ਪੂਰੇ ਹਿੰਦੁਸਤਾਨ ਵਿੱਚ ਦਲਿਤ ਸਿੱਖ ਹੁੰਦਾ, ਪੂਰੇ ਹਿੰਦੁਸਤਾਨ ਵਿੱਚ ਸਿੱਖਾਂ ਦੀ ਮੈਜਾਰਿਟੀ ਹੁੰਦੀ (ਥੰਪਿੰਗ) ਜੇ ਸ਼੍ਰੋਮਣੀ ਅਕਾਲੀ ਦਲ ਉਸ ਸਮੇਂ ਫੈਸਲਾ ਲੈਂਦਾ ਕਿ ਆਓ ਅੰਬੇਦਕਰ ਜੀ, ਦੁਨੀਆ ਵਿੱਚ ਤੁਹਾਡਾ ਬਹੁਤ ਨਾਮ ਹੈ, ਤੁਹਾਡੇ ਕੋਲ ਸਾਰੀ ਦੁਨੀਆ ਨਾਲੋਂ ਜ਼ਿਆਦਾ ਡਿਗਰੀਆਂ ਹਨ, ਤੁਹਾਡੇ ਵਿੱਚ ਲਿਆਕਤ ਹੈ, ਤੁਸੀਂ ਪੜ੍ਹੇ ਲਿਖੇ ਹੋ ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ (ਸਰਦਾਰ ਗੁਲਜ਼ਾਰ ਸਿੰਘ ਰਣੀਕੇ):** ਮਾਨਯੋਗ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਸਾਡੇ ਆਪੋਜ਼ੀਸ਼ਨ ਦੇ ਲੀਡਰ ਬਹੁਤ ਸਿਆਣੇ ਹਨ, ਬਹੁਤ ਚੰਗੀ ਜਗ੍ਹਾ ਤੇ ਬੈਠੇ ਹਨ, ਮੈਂ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ ਪਰ ਇਹ ਹਿਸਟਰੀ ਤੋਂ ਬਹੁਤ ਕੋਰੇ ਹਨ । ਪਹਿਲੀ ਗੱਲ ਤਾਂ ਇਹ ਹੈ ਕਿ ਇਹ ਕਹਿ ਗਏ ਹਨ ਕਿ ਬਾਬਾ ਜੀਵਨ ਸਿੰਘ ਜੀ ਨੂੰ ਕਲਗੀ ਤੋੜਾ ਦਿੱਤਾ ਪਰ ਇਹ ਕਲਗੀ ਤੋੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸੰਗਤ ਸਿੰਘ ਜੀ ਨੂੰ ਦਿੱਤਾ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਠੀਕ ਕਰ ਲਿਆ ਸੀ ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ :** ਦੂਜੀ ਗੱਲ ਤੁਹਾਡੀ ਜਾਣਕਾਰੀ ਲਈ ਕਹਿ ਦੇਈਏ ਕਿ ਜੇ ਸਿੱਖਾਂ ਨੂੰ ਰਿਜ਼ਰਵੇਸ਼ਨ ਮਿਲੀ ਹੈ ਤਾਂ ਉਹ ਮੋਰਚਾ ਲਗਾ ਕੇ ਮਿਲੀ ਹੈ । ਅਕਾਲੀ ਦਲ ਨੇ ਇਸ ਵਾਸਤੇ ਮੋਰਚੇ ਲਗਾਏ ਸੀ । ਪਹਿਲਾਂ ਵਾਲ ਕਟਵਾਏ ਜਾਂਦੇ ਸਨ । ਸਿੱਖਾਂ ਨੂੰ ਜਦੋ-ਜਹਿਦ ਕਰਨੀ ਪਈ ਸੀ। ਜਿਹੜਾ 'ਸਿੱਖ' ਸ਼ਬਦ ਲਿਖਦੇ ਸਨ, ਉਹ ਨਹੀਂ ਲਿਖ ਸਕਦੇ ਸਨ । ਜਿਵੇਂ ਕੁਮਾਰ ਸ਼ਬਦ ਲਿਖਿਆ ਜਾਂਦਾ ਸੀ । ਡਾਕਟਰ ਰਾਜ ਕੁਮਾਰ ਜੀ ਸਾਹਮਣੇ ਬੈਠੇ ਹਨ । ਇਨ੍ਹਾਂ ਨੂੰ ਪੁੱਛੋ । ਤੁਹਾਨੂੰ ਐਵੇਂ ਭੁਲੇਖਾ ਹੈ । ਤੁਸੀਂ ਪਹਿਲਾਂ ਤਿਆਰੀ ਕਰਿਆ ਕਰੋ । ਫਿਰ ਬੋਲਿਆ ਕਰੋ । (ਵਿਘਨ) ਮੇਰੀ ਦੂਜੀ ਗੱਲ ਪੂਰੀ ਹੋ ਲੈਣ ਦਿਓ ।

**ਸਰਦਾਰ ਕੁਲਜੀਤ ਸਿੰਘ ਨਾਗਰਾ :** ਸਪੀਕਰ ਸਾਹਿਬ, ਇਹ ਦੱਸਣ ਕਿ ਇਨ੍ਹਾਂ ਦੀ ਇਸ ਗੱਲ ਦਾ ਇਸ ਨਾਲ ਕੀ ਸਬੰਧ ਹੈ?

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ :** ਤੁਸੀਂ ਉਸ ਪਾਰਟੀ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵਿੱਚ ਬੈਠੇ ਹੋ ਪਰ ਅੱਜ ਮੈਂ ਸਰਦਾਰ ਬਾਦਲ ਜੀ ਨੂੰ ਵਧਾਈ ਦਿੰਦਾ ਹਾਂ। ਅੱਜ ਹਿੰਦੁਸਤਾਨ ਦੀਆਂ 29 ਅਸੈਂਬਲੀਆਂ ਹਨ। ਅੱਜ ਉਹ ਮਹਾਨ ਸ਼ਖਸੀਅਤ ਜਿਨ੍ਹਾਂ ਨੇ ਗਰੀਬ ਦੇ

ਘਰ ਜਨਮ ਲਿਆ ਤੇ ਤੁਸੀਂ ਅੱਜ ਇੱਥੇ ਡਾਕਟਰ ਅੰਬੇਦਕਰ ਸਾਹਿਬ ਨੂੰ ਯਾਦ ਕਰ ਰਹੇ ਹੋ, ਅਜਿਹਾ ਹਿੰਦੁਸਤਾਨ ਦੀ ਕਿਸੇ ਹੋਰ ਅਸੈਂਬਲੀ ਵਿੱਚ ਯਾਦ ਨਹੀਂ ਕੀਤਾ ਗਿਆ । ਅਜਿਹਾ ਬਾਦਲ ਸਾਹਿਬ ਨੇ ਕੀਤਾ ਹੈ ਤੇ ਹੋਰ ਕਿਸੇ ਨੇ ਨਹੀਂ ਕੀਤਾ । (ਵਿਘਨ) (ਸ਼ੋਰ) ਮੈਂ ਤਾਂ ਜ਼ਿਆਦਾ ਬੋਲਦਾ ਹੀ ਨਹੀਂ । ਤੁਸੀਂ ਮੈਨੂੰ ਕਦੇ ਬੋਲਦੇ ਹੋਏ ਵੇਖਿਆ ਹੈ ਪਰ ਸਾਨੂੰ ਗਲਤ ਤੱਥਾਂ ਤੇ ਅਸੈਂਬਲੀ ਵਿੱਚ ਅਜਿਹੀ ਗੱਲ ਨਹੀਂ ਕਹਿਣੀ ਚਾਹੀਦੀ । ਅੱਜ ਮਤਾ ਆਇਆ ਹੈ, ਉਸ ਮਹਾਨ ਸ਼ਖਸੀਅਤ ਦੇ ਬਾਰੇ ਜਿਸ ਨੇ ਦੇਸ਼ ਨੂੰ ਇੱਕ ਦਿਸ਼ਾ ਦਿੱਤੀ ਹੈ, ਨਰੋਈ ਸੋਚ ਦਿੱਤੀ ਹੈ, ਜਿਊਣ ਦੀ ਜਾਂਚ ਦੱਸੀ ਹੈ ਜਿਹੜੇ ਲੋਕ ਸਦੀਆਂ ਤੋਂ ਲਤਾੜੇ ਆ ਰਹੇ ਸਨ, ਉਨ੍ਹਾਂ ਨੂੰ ਉੱਚਾ ਚੁੱਕਿਆ ਹੈ। ਮੈਂ ਸਮਝਦਾ ਹਾਂ ਕਿ ਇਹ ਪੂਰੀ ਤਿਆਰੀ ਕਰਕੇ ਆਉਣ । ਇਹ ਗਲਤ ਗੱਲ ਕਰ ਰਹੇ ਹਨ । (ਵਿਘਨ)

**ਸ਼੍ਰੀ ਅਸ਼ਵਨੀ ਸੇਖੜੀ :** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ । ਮੈਂ ਹਾਊਸ ਦਾ ਇੱਕ ਮਿੰਟ ਹੀ ਲੈਣਾ ਚਾਹੁੰਦਾ ਹਾਂ । ਟਰੇਜ਼ਰੀ ਬੈਂਚਿਜ਼ ਵਿੱਚ ਇਹ (ਭਲਾਈ ਮੰਤਰੀ ਵੱਲ ਇਸ਼ਾਰਾ) ਸਭ ਤੋਂ ਸੀਨੀਅਰ ਮੰਤਰੀ ਸਾਹਿਬ ਬੈਠੇ ਹਨ ਕਿਉਂਕਿ ਬਾਕੀ ਬੈਂਚਿਜ਼ ਸਭ ਖਾਲੀ ਹਨ । ਇਹ ਹੀ ਸਭ ਤੋਂ ਸੀਨੀਅਰ ਹਨ । 85ਵੀਂ ਅਮੈਂਡਮੈਂਟ ਜਿਹੜੀ ਹੈ, ਉਹ ਪਾਰਲੀਮੈਂਟ ਵਿੱਚ ਪਾਸ ਹੋ ਗਈ ਹੈ ਤੇ ਸਿਰਫ ਸਾਡੇ ਪੰਜਾਬ ਵਿੱਚ ਅਡਾਪਟ ਨਹੀਂ ਹੋਈ। ਇਸ ਨੂੰ ਦਸ ਸਾਲ ਹੋ ਗਏ ਹਨ । ਇਸ ਸਮੇਂ ਸਾਰਾ ਹਾਊਸ ਬਾਬਾ ਸਾਹਿਬ ਨੂੰ ਯਾਦ ਕਰਦੇ ਹੋਏ ਇਸ ਅਮੈਂਡਮੈਂਟ ਦੇ ਹੱਕ ਵਿੱਚ ਰੈਜ਼ੋਲਿਊਸ਼ਨ ਪਾਸ ਕਰੇ। ਮੰਤਰੀ ਜੀ ਇਸ ਬਾਰੇ ਉਠ ਕੇ ਦੱਸਣ ਤੇ 85ਵੀਂ ਅਮੈਂਡਮੈਂਟ ਨੂੰ ਪਾਸ ਕਰਨ ।

**ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ :** ਸਪੀਕਰ ਸਾਹਿਬ, ਹਾਈ ਪਾਵਰਡ ਕਮੇਟੀ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਬਣਾਈ ਹੈ । ਮੇਰੀ ਅੱਜ ਵੀ ਗੱਲ ਹੋਈ ਹੈ । ਅੱਜ ਆਪਾਂ ਬਾਬਾ ਸਾਹਿਬ ਦੀ ਗੱਲ ਕਰ ਰਹੇ ਹਾਂ । ਦੇਸ਼ ਨੂੰ ਆਜ਼ਾਦ ਹੋਇਆਂ ਕਿੰਨਾ ਚਿਰ ਹੋ ਗਿਆ ਹੈ । (ਵਿਘਨ) ਮੇਰੀ ਗੱਲ ਸੁਣ ਲੈਣਾ । ਸਪੀਕਰ ਸਾਹਿਬ, ਮੈਂ ਇੱਕ ਹੋਰ ਵੀ ਗੱਲ ਲਿਆਉਣੀ ਚਾਹੁੰਦਾ ਹਾਂ ਤੇ ਇਹ ਇਸ ਵਿਸ਼ੇ ਨਾਲ ਰਿਲੇਟਿਡ ਹੈ । ਅੱਜ ਦੇਸ਼ ਵਿੱਚ ਜਿਹੜੇ ਬੱਚੇ ਦੂਜੇ ਸੂਬਿਆਂ ਦੇ ਵਸਨੀਕਾਂ ਨਾਲ ਵਿਆਹੇ ਜਾਂਦੇ ਹਨ ਅਤੇ ਦਲਿਤ ਵਰਗ ਨਾਲ ਸੰਬੰਧ ਰੱਖਦੇ ਹਨ, ਉਨ੍ਹਾਂ ਨਾਲ ਸੰਬੰਧਿਤ ਕਈ ਮਸਲੇ ਹਨ । ਉਨ੍ਹਾਂ ਨੂੰ ਦੂਜੀਆਂ ਸਟੇਟਾਂ ਵਿੱਚ ਸ਼ਡਿਊਲਡ ਕਾਸਟਸ ਨਹੀਂ ਮੰਨਿਆ ਜਾਂਦਾ ਜਾਂ

[ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੇ ਭਲਾਈ ਮੰਤਰੀ ]

ਜਿਵੇਂ ਰਾਜਸਥਾਨ ਦੀ ਕੋਈ ਬੱਚੀ ਇੱਧਰ ਵਿਆਹੀ ਜਾਂਦੀ ਹੈ ਤੇ ਭਾਵੇਂ ਸ਼ਡਿਊਲਡ ਕਾਸਟਸ ਦੇ ਘਰ ਵਿਆਹੀ ਜਾਂਦੀ ਹੈ, ਉਸ ਨੂੰ ਆਪਣੀ ਸਰਕਾਰ ਵੀ ਸ਼ਡਿਊਲਡ ਕਾਸਟਸ ਨਹੀਂ ਮੰਨਦੀ । ਜਿਹੜੀ ਬੱਚੀ ਹਰਿਆਣੇ ਵਿੱਚ ਵਿਆਹੀ ਜਾਂਦੀ ਹੈ, ਉਸ ਨੂੰ ਉਧਰ ਸ਼ਡਿਊਲਡ ਕਾਸਟ ਨਹੀਂ ਮੰਨਿਆ ਜਾਂਦਾ । ਜੇ ਇਸ ਵਿੱਚ ਮਤਾ ਪਾਸ ਕਰ ਲਿਆ ਜਾਵੇ ਤੇ ਇੱਕ-ਦੋ ਲਾਈਨਾਂ ਇਸ ਮਤੇ ਵਿੱਚ ਹੀ ਲਿਖ ਦਿੱਤੀਆਂ ਜਾਣ । ਸੈਂਟਰ ਨੂੰ ਵੀ ਇਹ ਮਤਾ ਚਲਾ ਜਾਵੇਗਾ । ਇਸ ਨਾਲ ਬੜਾ ਵੱਡਾ ਮਸਲਾ ਹੱਲ ਹੋ ਜਾਵੇਗਾ । (ਵਿਘਨ) (ਸ਼ੋਰ) ਇਹ ਗਰੀਬ ਸਮਾਜ ਨਾਲ ਜੁੜੀ ਗੱਲ ਹੈ । ਮੈਂ ਸਾਰੀ ਦਿਹਾੜੀ ਬੈਠਾ ਰਿਹਾ ਹਾਂ, ਸੁਣਦਾ ਰਿਹਾ ਹਾਂ । (ਵਿਘਨ) ਮੈਂ ਚੰਗੀ ਗੱਲ ਕਰ ਰਿਹਾ ਹਾਂ। ਰਾਜ ਕੁਮਾਰ ਜੀ ਨੈਸ਼ਨਲ ਲੈਵਲ ਤੇ ਬੈਠੇ ਹਨ। ਮੈਂ ਇਨ੍ਹਾਂ ਦੇ ਧਿਆਨ ਵਿੱਚ ਵੀ ਲਿਆਉਣਾ ਚਾਹੁੰਦਾ ਹਾਂ । ਮੰਨ ਲਓ ਮੈਂ ਰਾਜਸਥਾਨ ਸੈਟਲ ਹੋ ਜਾਂਦਾ ਹਾਂ ਤੇ ਮੈਂ ਸ਼ਡਿਊਲਡ ਕਾਸਟ ਨਾਲ ਰਿਲੇਟਿਡ ਹਾਂ ਪਰ ਉਹ ਇਸ ਨੂੰ ਨਹੀਂ ਮੰਨਦੇ। ਇਸ ਵਿੱਚ ਹੀ ਮਤਾ ਪਾਸ ਕਰਕੇ ਭੇਜ ਦਿਓ । ਇਹ ਗਰੀਬਾਂ ਨਾਲ ਜੁੜਿਆ ਮਸਲਾ ਹੈ ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੰਤਰੀ ਜੀ ਦੂਸਰਿਆਂ ਨੂੰ ਪੜ੍ਹਾਉਣ ਦੀ ਕੋਸ਼ਿਸ਼ ਨਾ ਕਰਿਆ ਕਰਨ । ਆਪ ਬੰਦਾ ਚੰਗਾ ਪੜ੍ਹਿਆ ਹੋਵੇ, ਉਹ ਅੱਗੋਂ ਬੇਸ਼ਕ ਪੜ੍ਹਾਵੇ, ਮੈਨੂੰ ਕੋਈ ਇਤਰਾਜ਼ ਨਹੀਂ। ਮੈਨੂੰ ਕੋਈ ਇਤਰਾਜ਼ ਨਹੀਂ ਸੀ, ਜੇ ਤੁਸੀਂ ਪੜ੍ਹੇ ਹੋਏ ਹੁੰਦੇ ਤੇ ਮੈਨੂੰ ਪੜ੍ਹਾਉਂਦੇ । ਮੈਂ ਇਹ ਗੱਲ ਕਰ ਰਿਹਾ ਸੀ ਕਿ ਬਾਬਾ ਅੰਬੇਦਕਰ ਸਾਹਿਬ ਸਿੱਖ ਧਰਮ ਅਡਾਪਟ ਕਰਨਾ ਚਾਹੁੰਦੇ ਸੀ, ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਰੋਕਿਆ (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) । ਇਹ ਅੱਜ ਕਿਹੜੀਆਂ ਗੱਲਾਂ ਕਰਦੇ ਹਨ ? ਸਪੀਕਰ ਸਾਹਿਬ, ਜੇ ਉਨ੍ਹਾਂ ਨੂੰ ਨਾ ਰੋਕਿਆ ਹੁੰਦਾ .... (ਵਿਘਨ)

**ਵਿੱਤ ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਤੁਸੀਂ ਕਿਹੜੇ ਤੱਥਾਂ ਤੇ ਗੱਲ ਕਰ ਰਹੇ ਹੋ ?

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਇਸ ਤਰ੍ਹਾਂ ਕਰੋ ਕਿ ਨੈੱਟ ਖੋਲ੍ਹੋ, ਤੁਹਾਨੂੰ ਸਾਰਾ ਕੁਝ ਮਿਲ ਜਾਣਾ ਹੈ। (ਵਿਘਨ)

**ਸਰਦਾਰ ਚਰਨਜੀਤ ਸਿੰਘ ਚੰਨੀ :** ਸਾਰੀ ਦੁਨੀਆਂ ਜਾਣਦੀ ਹੈ, ਸਪੀਕਰ ਸਾਹਿਬ ਵੀ ਜਾਣਦੇ ਹਨ।

**ਵਿੱਤ ਮੰਤਰੀ :** ਕਿਹੜੀ ਕਿਤਾਬ ਵਿੱਚ ਪੜ੍ਹਿਆ ਹੈ? ਮੈਨੂੰ ਦੱਸੋ ਤਾਂ ਸਹੀ ਕਿ ਇਹ ਕਿਹੜੀ ਕਿਤਾਬ ਵਿੱਚ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਕਿਤਾਬ ਦਾ ਨਾਮ ਪੜ੍ਹੋ।

**ਵਿੱਤ ਮੰਤਰੀ :** ਕਿਹੜੀ ਕਿਤਾਬ ਹੈ, ਦੱਸੋ ਤਾਂ ਸਹੀ।

**ਸਰਦਾਰ ਸੁਖਜਿੰਦਰ ਸਿੰਘ (ਬੈਠੇ-ਬੈਠੇ) :** ਮਾਸਟਰ ਤਾਰਾ ਸਿੰਘ ਨੇ ਨਾਂਹ ਕੀਤੀ ਸੀ, ਬਜ਼ੁਰਗਾਂ ਨੂੰ ਪੁੱਛਿਓ ਜਾ ਕੇ ....(ਵਿਘਨ)....

**ਸਰਦਾਰ ਚਰਨਜੀਤ ਸਿੰਘ ਚੰਨੀ :** ਆਪਣੇ ਬਜ਼ੁਰਗਾਂ ਨੂੰ ਪੁੱਛਿਓ ।

**ਵਿੱਤ ਮੰਤਰੀ :** ਕਿਹੜੀ ਕਿਤਾਬ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਜਾਤਪਾਤ ਦਾ ਬੀਜ ਨਾਸ਼ ਕਿਤਾਬ ਪੜ੍ਹੋ।

**ਵਿੱਤ ਮੰਤਰੀ :** ਕਿਸ ਨੇ ਲਿਖੀ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਡਾਕਟਰ ਅੰਬੇਦਕਰ ਜੀ ਨੇ ਆਪ ਲਿਖੀ ਹੈ, ਕੀ ਗੱਲਾਂ ਕਰਦੇ ਹੋ ਤੁਸੀਂ?

**ਵਿੱਤ ਮੰਤਰੀ :** ਅਕਾਲੀ ਦਲ ਨੇ ਨਹੀਂ ਹੋਣ ਦਿੱਤਾ, ਕੀ ਇਹ ਵੀ ਲਿਖਿਆ ਹੈ?

**ਸਰਦਾਰ ਚਰਨਜੀਤ ਸਿੰਘ ਚੰਨੀ :** ਹੋਰ ਕੀ? ਕੀ ਗੱਲਾਂ ਕਰਦੇ ਹੋ ?....(ਵਿਘਨ)..... ਸਪੀਕਰ ਸਾਹਿਬ, ਜਦੋਂ ਇਹ ਬੋਲਦੇ ਸੀ, ਕੀ ਮੈਂ ਬੋਲਿਆ? ਮੈਂ ਬੈਠ ਕੇ ਸੁਣਿਆ। ਹੁਣ ਇਨ੍ਹਾਂ ਨੂੰ ਆਦਤ ਪੈ ਗਈ, ਹੁਣ ਇਹ ਬੋਲਣ ਨਹੀਂ ਦੇ ਰਹੇ ...(ਵਿਘਨ).... ਜਦੋਂ ਤੱਕ ਤੁਸੀਂ ਬੋਲਦੇ ਸੀ, ਕੀ ਮੈਂ ਵਿੱਚ ਬੋਲਿਆ ਹਾਂ? .....(ਵਿਘਨ).....

**ਵਿੱਤ ਮੰਤਰੀ :** ਸਪੀਕਰ ਸਾਹਿਬ...

**ਮਾਨਯੋਗ ਸਪੀਕਰ :** ਢੀਂਡਸਾ ਜੀ, ਬੈਠ ਜਾਓ ....(ਵਿਘਨ)..... ਮੈਂ ਕਿਹਾ ਬੈਠ ਜਾਓ, ਢੀਂਡਸਾ ਸਾਹਿਬ, ਬੈਠ ਜਾਓ ...(ਵਿਘਨ)....

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਇਥੇ ਇੱਕ ਗੱਲ ਕਹਿਣਾ ਚਾਹੁੰਦਾ ਹਾਂ –

ਵਿਕ ਜਾਂਦੇ ਨੇ ਚੌਧਰ ਲਈ ਜੋ ਲੀਡਰ, ਉਹ ਹੁੰਦੇ ਨੇ ਕੌਮ ਦੇ ਗਦਾਰ ਲੀਡਰ।

ਮੋਹ ਛੱਡਦੇ ਨਾ ਕੁਰਸੀ ਲਈ ਜੋ ਲੀਡਰ ...(ਵਿਘਨ)...

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਦੋ-ਤਿੰਨ ਬੁਲਾਰੇ ਬੋਲ ਗਏ ਹਨ। ਚੰਨੀ ਜੀ ਵੀ ਵਿਰੋਧੀ ਧਿਰ ਦੇ ਆਗੂ ਹਨ। ਇਹ ਬੜੀ ਸੀਰੀਅਸ ਗੱਲ ਕਰਕੇ ਗਏ ਹਨ। ਇਹ ਬੜਾ ਵੱਡਾ ਐਲੀਗੇਸ਼ਨ ਹੈ। ਸਿੱਖ ਕੌਮ, ਸਿੱਖ ਧਰਮ, ਜਿਹੜਾ ਸਾਂਝੀਵਾਲਤਾ ਦੀ ਗੱਲ ਕਰਦਾ ਹੈ, ਸਿੱਖ ਹਰ ਇੱਕ ਨੂੰ ਗਲੇ ਲਗਾਉਂਦੇ ਹਨ, ਇਨ੍ਹਾਂ ਨੇ ਅੱਜ ਉਸ ਕੌਮ ਅਤੇ ਧਰਮ ਤੇ ਬੜੀ ਵੱਡੀ ਦੁਸ਼ਣਬਾਜ਼ੀ ਕੀਤੀ ਹੈ ...(ਵਿਘਨ)...

**ਸਰਦਾਰ ਚਰਨਜੀਤ ਸਿੰਘ ਚੰਨੀ :** ਧਰਮ ਤੇ ਨਹੀਂ ਕੀਤੀ, ਅਕਾਲੀ ਦਲ ਤੇ ਕੀਤੀ ਹੈ...(ਵਿਘਨ)... ਅਕਾਲੀ ਦਲ ਤੇ ਕੀਤੀ ਹੈ ....(ਵਿਘਨ)...

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਜਿਥੋਂ ਤੱਕ ਮੈਂ ਪੜ੍ਹਿਆ ਹੈ ....(ਵਿਘਨ)... ਜਿਥੋਂ ਤੱਕ ਮੈਂ ਪੜ੍ਹਿਆ ਹੈ ਜਾਂ ਸੁਣਿਆ ਹੈ ...(ਵਿਘਨ).... ਡਾਕਟਰ ਭੀਮ ਰਾਓ ਅੰਬੇਦਕਰ ਜੀ ਸਿੱਖ ਧਰਮ ਅਪਣਾਉਣਾ ਚਾਹੁੰਦੇ ਸੀ ਪਰ ਜਿਨ੍ਹਾਂ ਨੂੰ ਅਸੀਂ ਰਾਸ਼ਟਰਪਿਤਾ ਮੰਨਦੇ ਹਾਂ, ਉਨ੍ਹਾਂ ਨੇ ਡਾਕਟਰ ਅੰਬੇਦਕਰ ਜੀ ਨੂੰ ਰੋਕਿਆ ਕਿ ਜੇ ਤੁਸੀਂ ਸਿੱਖਾਂ ਵਿੱਚ ਚਲੇ ਗਏ ਤਾਂ ਸਿੱਖਾਂ ਦੀ ਗਿਣਤੀ ਬਹੁਤ ਵਧ ਜਾਣੀ ਹੈ। ਸਿੱਖਾਂ ਤੇ ਜਿਸ ਤਰ੍ਹਾਂ ਦੇ ਅੱਗੇ ਲੇਬਲ ਲੱਗੇ ਸੀ, ਜਦੋਂ ਪਾਕਿਸਤਾਨ ਤੋਂ ਉਠ ਕੇ ਆਏ ਸੀ। ...(ਵਿਘਨ)... ਮਹਾਤਮਾ ਗਾਂਧੀ ਜੀ ਨੇ ਅੰਬੇਦਕਰ ਜੀ ਨੂੰ ਰੋਕਿਆ ਅਤੇ ਇਸ ਕਰਕੇ ਉਨ੍ਹਾਂ ਨੇ ਬੁੱਧ ਧਰਮ ਅਪਣਾਇਆ।

**ਸਰਦਾਰ ਸੁਖਜਿੰਦਰ ਸਿੰਘ :** ਨਹੀਂ ਜੀ।

**ਵਿੱਤ ਮੰਤਰੀ :** ਸਪੀਕਰ ਸਾਹਿਬ ....

**ਮਾਨਯੋਗ ਸਪੀਕਰ :** ਬੈਠ ਜਾਓ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ....(ਵਿਘਨ)... ਬੈਠੋ, ਹੁਣ ਹੋ ਗਿਆ ਜੀ ...(ਵਿਘਨ)... ਫਿਰ ਅਸੀਂ ਚਲੇ ਜਾਂਦੇ ਹਾਂ ...(ਵਿਘਨ)...

**ਵਿੱਤ ਮੰਤਰੀ :** ਜੇ ਇਹ ਝੂਠ ਹੋਇਆ ਤਾਂ ਕੀ ਇਹ ਉਸ ਦੇ ਲਈ ਜਵਾਬਦੇਹ ਹੋਣਗੇ?

**ਸਰਦਾਰ ਚਰਨਜੀਤ ਸਿੰਘ ਚੰਨੀ :** ਹਾਂ, ਹੋਵਾਂਗਾ। ਜੋ ਕੁਝ ਤੁਸੀਂ ਕਰਨਾ ਹੈ, ਕਰ ਲੈਣਾ ...(ਵਿਘਨ)**...

**ਸਰਦਾਰ ਵਿਰਸਾ ਸਿੰਘ ਵਲਟੋਹਾ :** ** **

**ਮਾਨਯੋਗ ਸਪੀਕਰ :** ਵਲਟੋਹਾ ਜੀ, ਬੈਠੋ। Nothing should be recorded, whosoever have spoken without my permission, ਜਿੰਨੇ ਮੇਰੀ ਪਰਮਿਸ਼ਨ ਤੋਂ ਬਗੈਰ ਬੋਲੇ ਹਨ, ਉਨ੍ਹਾਂ ਸਾਰਿਆਂ ਦਾ ਕੱਟ ਦਿਓ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਹੁਣ ਮੈਂ ਅਗਲੀ ਗੱਲ ਕਰਨੀ ਚਾਹੁੰਦਾ ਹਾਂ (ਵਿਘਨ)

**ਜੇਲ੍ਹਾਂ, ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ ਮੰਤਰੀ :** ਸਪੀਕਰ ਸਾਹਿਬ, ਮੈਂ ਵੀ ਕਹਿਣਾ ਚਾਹੁੰਦਾ ਹਾਂ..

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਇਹ ਕੋਈ ਤਰੀਕਾ ਨਹੀਂ ਹੈ, ਫਿਰ ਮੈਂ ਚਲਿਆ ਜਾਂਦਾ ਹਾਂ ਜੀ।

(ਇਸ ਸਮੇਂ ਲੀਡਰ ਆਫ ਦਿ ਆਪੋਜ਼ੀਸ਼ਨ, ਸਰਦਾਰ ਚਰਨਜੀਤ ਸਿੰਘ ਚੰਨੀ, ਵੈੱਲ ਆਫ ਦਿ ਹਾਊਸ ਵਿੱਚ ਆ ਗਏ ਤੇ ਮਾਨਯੋਗ ਸਪੀਕਰ ਸਾਹਿਬ ਦੇ ਕਹਿਣ ਤੇ ਵਾਪਸ ਆਪਣੀ ਸੀਟ ਤੇ ਚਲੇ ਗਏ।)

**ਮਾਨਯੋਗ ਸਪੀਕਰ:** ਠੰਡਲ ਜੀ, ਤੁਸੀਂ ਬੈਠ ਜਾਉ। ਹਾਂ ਜੀ, ਚੰਨੀ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਇਹ ਸਾਨੂੰ ਬੋਲਣ ਹੀ ਨਹੀਂ ਦਿੰਦੇ। (ਵਿਘਨ ) ਸਾਨੂੰ ਫਰੀਡਮ ਆਫ ਸਪੀਚ ਨਹੀਂ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸ਼੍ਰੀ ਤਰਲੋਚਨ ਸਿੰਘ, ਸਰਕਾਰ ਵਿਰੋਧੀ ** ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ:** ਇਹ **ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੈਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ (ਤੁਸੀਂ ਬੈਠੋ ਜੀ, ਸ਼੍ਰੀ ਨਾਗਰਾ ਨੂੰ ਸੰਬੋਧਨ ਕਰਦੇ

---

** Expunged not recorded as ordered by the Chair.

ਹੋਏ) ਮੈਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ । (ਵਿਘਨ) ਆਪਾਂ ਸਾਰੇ ਮੰਨਦੇ ਹਾਂ ਕਿ ਡਾਕਟਰ ਭੀਮ ਰਾਓ ਅੰਬੇਦਕਰ ਜੀ ਵਿਧਾਨ ਦੇ ਰਚੇਤਾ ਹਨ, ਉਨ੍ਹਾਂ ਨੇ ਕਾਂਸਟੀਚਿਊਸ਼ਨ ਬਣਾਇਆ ਹੈ, ਇਹ ਆਪਾਂ ਸਾਰੇ ਮੰਨਦੇ ਹਾਂ ਪਰ ਜਿਸ ਨੇ ਕਾਂਸਟੀਚਿਊਸ਼ਨ ਫਾੜ੍ਹਿਆ, ਉਸ ਬੰਦੇ ਨੂੰ ਕੀ ਹੱਕ ਹੈ ਕਿ ਉਹ ਇੱਥੇ ਬਹਿ ਕੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਦੇਵੇ। (ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਮੌਕਾ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਇਥੇ ਆ ਕੇ ਇਸ ਗੱਲ ਤੋਂ ਮੁਆਫੀ ਮੰਗਣ ਕਿ ਮੈਂ ਤੇਰਾ ਵਿਧਾਨ ਫਾੜਿਆ ਸੀ, ਮੈਨੂੰ ਬਾਬਾ ਮੁਆਫ ਕਰ, ਅੱਜ ਮੈਂ ਤੇਰਾ ਦਿਨ ਮਨਾ ਰਿਹਾ ਹਾਂ। (ਵਿਘਨ) ਮਾਨਯੋਗ ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ...

**ਸਰਦਾਰ ਵਿਰਸਾ ਸਿੰਘ ਵਲਟੋਹਾ:** ਸਪੀਕਰ ਸਾਹਿਬ, ਜਿਹੜੀ 25 ਧਾਰਾ ਹੈ, ਉਸ ਬਾਰੇ ਜੋ ਕੁਝ ਪਾਰਟੀ ਵੱਲੋਂ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਡਿਊਟੀ ਲੱਗੀ ਸੀ, ਉਹ ਉਨ੍ਹਾਂ ਨੇ ਨਿਭਾਈ । ਉਸ ਚੀਜ਼ ਦਾ ਬਕਾਇਦਾ ਵਿਰੋਧ ਉਸ ਸਮੇਂ ਵੀ ਤੇ ਅੱਜ ਵੀ ਹੈ ਕਿ ਧਾਰਾ 25 ਬਾਰੇ ਸਿੱਖ ਕੌਮ, ਸਿੱਖਾਂ ਦੇ ਸੈਂਟੀਮੈਂਟਸ ਹਨ, ਉਹ ਆਪਾਂ ਸਾਰੇ ਜਾਣਦੇ ਹਾਂ, ਉਸ ਪਾਸੇ ਨਹੀਂ ਜਾਣਾ ਚਾਹੀਦਾ । ਇਹ ਬੜਾ ਸੀਰੀਅਸ ਮੈਟਰ ਹੈ, ਇਨ੍ਹਾਂ ਨੂੰ ਧਾਰਾ 25 ਵਾਲੇ ਪਾਸੇ ਵੱਲ ਨਹੀਂ ਜਾਣਾ ਚਾਹੀਦਾ । ਮੈਂ ਤਾਂ ਇਹੀ ਕਹਾਂਗਾ ਕਿਉਂਕਿ ਦੇਸ਼ ਵਿਦੇਸ਼ ਵਿੱਚ ਜਿਹੜੇ ਸਿੱਖ ਬੈਠੇ ਹਨ, ਉਹ ਧਾਰਾ 25 ਬਾਰੇ ਕੀ ਸੋਚਦੇ ਹਨ, ਜੇ ਆਪਾਂ ਉਸ ਪਾਸੇ ਵੱਲ ਜਾਵਾਂਗੇ ਤਾਂ ਆਪਾਂ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ, ਉਨ੍ਹਾਂ ਦੀ ਸ਼ਲਾਘਾ ਕਰਦੇ ਹੋਏ ਕਿਸੇ ਹੋਰ ਪਾਸੇ ਚਲੇ ਜਾਵਾਂਗੇ। ਸੋ, ਮੇਰੀ ਇਹੀ ਬੇਨਤੀ ਹੈ ਕਿ ਇਹ ਸੀਮਤ ਰਹਿਣ ।

**ਸਰਦਾਰ ਚਰਨਜੀਤ ਸਿੰਘ ਚੰਨੀ:** ਮਾਨਯੋਗ ਸਪੀਕਰ ਸਾਹਿਬ, ਸਾਡੇ ਮਾਨਯੋਗ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਜੋ 25 ਧਾਰਾ ਨੂੰ ਅਸੀਂ ਪਾੜਿਆ ਸੀ..

**ਮਾਨਯੋਗ ਸਪੀਕਰ:** ਚਲੋ, ਹੁਣ ਅੱਗੇ ਚਲੋ।

**ਸਰਦਾਰ ਚਰਨਜੀਤ ਸਿੰਘ ਚੰਨੀ:** ਨਹੀਂ ਜੀ, ਧਾਰਾ 25 ਕੀ ਕਾਂਸਟੀਚਿਊਸ਼ਨ ਦਾ ਇੱਕ ਅੰਗ ਨਹੀਂ ਹੈ? ਜੇ ਇਹ ਅੱਜ ਵੀ ਧਾਰਾ 25 ਨੂੰ ਨਹੀਂ ਮੰਨਦੇ ਤਾਂ ਫਿਰ ਉਸੇ ਵਿਧਾਨ ਦੀ ਸਹੁੰ ਖਾ ਕੇ ਮੁੱਖ ਮੰਤਰੀ ਕਿਉਂ ਬਣੇ ਹਨ

(ਵਿਰੋਧੀ ਧਿਰ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਫਿਰ ਅਸਤੀਫਾ ਦੇ ਕੇ ਕਹਿਣ ਕਿ ਪਹਿਲਾਂ ਸੰਵਿਧਾਨ ਵਿੱਚੋਂ ਧਾਰਾ 25 ਕੱਢੋ, ਮੈਂ ਤਾਂ ਮੁੱਖ ਮੰਤਰੀ ਬਣਾਂਗਾ। ਤੁਸੀਂ ਇੱਕ ਪਾਸੇ ਧਾਰਾ 25 ਨੂੰ ਮੰਨਦੇ ਨਹੀਂ ਹੋ, ਦੂਜੇ ਪਾਸੇ ਤੁਸੀਂ ਉਸ ਦੀ ਸਹੁੰ ਖਾਂਦੇ ਹੋ ਅਤੇ ਫਿਰ ਮੁੱਖ ਮੰਤਰੀ ਬਣਦੇ ਹੋ, ਫਿਰ ਤੁਸੀਂ ਪੰਜਾਬ ਦੇ ਦਲਿਤਾਂ ਨੂੰ ਮਾਰਦੇ ਹੋ, ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹੋ, ਤੁਹਾਡੇ ਹਲਕਾ ਇੰਚਾਰਜ ਸਾਨੂੰ ਪ੍ਰੇਸ਼ਾਨ ਕਰਦੇ ਹਨ । (ਵਿਘਨ) ਸਪੀਕਰ ਸਾਹਿਬ, ਮੈਂ ਅਗਲੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਕਹੋ ਕਿ ਮੈਨੂੰ ਧਮਕੀਆਂ ਨਾ ਮਾਰਨ। ਜੇ ਅੰਬੇਦਕਰ ਦੇ ਨਾਂ ਉਤੇ ਗੱਲ ਕਰਨੀ ਹੈ ਤਾਂ ਕਰ ਲੈਣ । ਇਹੀ (ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲ ਇਸ਼ਾਰਾ) ਸਭ ਤੋਂ ਜ਼ਿਆਦਾ ਡਾਕਟਰ ਅੰਬੇਦਕਰ ਜੀ ਦੇ ਖਿਲਾਫ ਬੋਲਦੇ ਹਨ। ਇਨ੍ਹਾਂ ਨੇ ਬਿਆਨ ਦਿੱਤਾ ਕਿ ਅੰਬੇਦਕਰ ਨੇ ਜਾਤੀਵਾਦ ਨੂੰ ਖਤਮ ਨਹੀਂ ਕੀਤਾ, ਉਨ੍ਹਾਂ ਨੇ ਵਧਾਇਆ ਹੈ, ਪੁੱਛੋ ਕਿ ਇਨ੍ਹਾਂ ਨੇ ਬਿਆਨ ਦਿੱਤਾ ਹੈ ਜਾਂ ਨਹੀਂ ਦਿੱਤਾ? ਸਪੀਕਰ ਸਾਹਿਬ, ਮੇਰੀ ਅਗਲੀ ਬੇਨਤੀ ਹੈ ਕਿ ਬਾਦਲ ਪਰਿਵਾਰ ਨੇ, ਬਾਦਲ ਸਰਕਾਰ ਨੇ ਸਾਡੀ ਪੜ੍ਹਾਈ ਖੋਹ ਲਈ, ਸਾਡੀਆਂ ਨੌਕਰੀਆਂ ਖੋਹ ਲਈਆਂ। ਤੁਸੀਂ ਮੈਨੂੰ ਇਹ ਦੱਸੋ ਕਿ ਕਿਹੜੀ ਕਿਤਾਬ ਵਿਚ ਲਿਖਿਆ ਹੈ ਕਿ ਸਕੂਲ ਵਿੱਚ ਪੰਜ ਕਲਾਸਾਂ ਹੋਣ ਪਰ ਪੜ੍ਹਾਉਣ ਵਾਲਾ ਮਾਸਟਰ ਇੱਕ ਹੋਵੇ। ਪੂਰੇ ਪੰਜਾਬ ਦੇ ਵਿੱਚ 80 ਪਰਸੈਂਟ ਅਜਿਹੇ ਪ੍ਰਾਇਮਰੀ ਸਕੂਲ ਚੱਲ ਰਹੇ ਹਨ ਜਿਨ੍ਹਾਂ ਵਿੱਚ ਪੰਜ ਕਲਾਸਾਂ ਵਿੱਚ ਪੜ੍ਹਾਉਣ ਲਈ ਪੰਜ ਟੀਚਰ ਨਹੀਂ ਹਨ, ਜੇ ਇੱਕ ਵੀ ਇਨ੍ਹਾਂ ਦਾ ਬੰਦਾ ਕਹਿ ਦੇਵੇ ਕਿ ਇਸ ਤਰ੍ਹਾਂ ਹੈ, ਭਾਵੇਂ ਐਜੂਕੇਸ਼ਨ ਮਨਿਸਟਰ ਨੂੰ ਬੁਲਾ ਲਵੋ, ਜੇ ਉਹ ਕਹਿ ਦੇਣਗੇ ਕਿ ਅਜਿਹਾ ਹੈ ਤਾਂ ਮੈਂ ਸਾਰਾ ਕੁਝ ਛੱਡ ਦਿੰਦਾ ਹਾਂ। ਵਲਟੋਹਾ ਸਾਹਿਬ ਦੇ ਹਲਕੇ ਬਾਰੇ ਪੁੱਛ ਲਵੋ, ਸਾਰੇ ਸਕੂਲਾਂ ਵਿੱਚ ਜੇ ਪੰਜ ਕਲਾਸਾਂ ਨੂੰ ਪੜ੍ਹਾਉਣ ਵਾਸਤੇ ਪੰਜ ਟੀਚਰ ਨਹੀਂ ਹਨ ਤਾਂ ਦਲਿਤ ਬੱਚਾ, ਗਰੀਬ ਬੱਚਾ ਕਿਵੇਂ ਤਰੱਕੀ ਕਰੇਗਾ? ਅੱਜ ਤਾਂ ਉਨ੍ਹਾਂ ਸਕੂਲਾਂ ਵਿੱਚ ਗਰੀਬ ਬੱਚਾ ਹੀ ਪੜ੍ਹਦਾ ਹੈ, ਅਮੀਰ ਤਾਂ ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾਉਂਦਾ। ਅਮੀਰ ਵਿਅਕਤੀ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਨਹੀਂ ਪੜ੍ਹਾਉਂਦਾ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਕੀ ਤੁਹਾਡੇ ਪੜ੍ਹਦੇ ਹਨ?

**ਸਰਦਾਰ ਚਰਨਜੀਤ ਸਿੰਘ ਚੰਨੀ :** ਕੀ ਮੇਰੇ ਵਾਂਗ ਕੱਚੇ ਕੋਠੇ ਵਿੱਚ ਤੁਸੀਂ ਪੈਦਾ ਹੋਏ ਸੀ? ਕੀ ਮੇਰੇ ਵਰਗੇ ਘਰ ਵਿੱਚ ਤੁਸੀਂ ਪੈਦਾ ਹੋਏ ਹੋ? ਤੁਸੀਂ ਮੇਰੇ ਨਾਲ ਕੀ ਮੁਕਾਬਲਾ ਕਰੋਗੇ? ਤੁਸੀਂ 100-100 ਕਿੱਲੇ ਦੇ ਮਾਲਕ ਹੋ....

**ਸਰਦਾਰ ਵਿਰਸਾ ਸਿੰਘ ਵਲਟੋਹਾ :** ਅੱਜ ਕੱਚੇ ਕੋਠੇ ਵਾਲੀ ਗੱਲ ਹੀ ਨਿਬੇੜ ਲਵੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਚੁੱਪ ਰਹਿਣ।

**ਮਾਨਯੋਗ ਸਪੀਕਰ :** ਪਰਸਨਲ ਅਟੈਕ ਨਾ ਕਰੋ।

**ਸਰਦਾਰ ਸੁਖਜਿੰਦਰ ਸਿੰਘ :** ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਦਲਿਤਾਂ ਨੂੰ ਉਠਣ ਦੇਣਾ ਹੀ ਨਹੀਂ ਚਾਹੁੰਦੇ? (ਵਿਘਨ, ਸ਼ੋਰ)

**ਮਾਨਯੋਗ ਸਪੀਕਰ :** ਤੁਹਾਡਾ ਆਪਣਾ ਸਪੀਕਰ ਬੋਲ ਰਿਹਾ ਹੈ, ਉਸ ਨੂੰ ਬੋਲਣ ਦਿਓ। Please sit down.

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਇਸ ਸਰਕਾਰ ਨੂੰ 10 ਸਾਲ ਹੋ ਗਏ ਹਨ, ਇਨ੍ਹਾਂ ਨੇ ਅਜੇ ਤੱਕ ਸਕੂਲਾਂ ਵਿੱਚ ਟੀਚਰ ਪੂਰੇ ਨਹੀਂ ਕੀਤੇ। ਇਸ ਦਾ ਕਾਰਨ ਕੀ ਹੈ? ਸਰਦਾਰ ਬਾਦਲ ਤੋਂ ਕਿਸੇ ਨੇ ਸਲਾਹ ਪੁੱਛ ਲਈ ਕਿ ਬਾਦਲ ਸਾਹਿਬ, ਤੁਸੀਂ 9 ਵਾਰ ਜਿੱਤੇ ਹੋ। ਇਸ ਦਾ ਕਾਰਨ ਕੀ ਹੈ? ਮੈਨੂੰ ਵੀ ਦੱਸ ਦਿਓ ਮੈਂ ਵੀ ਹਰ ਵਾਰ ਜਿੱਤ ਜਾਵਾਂਗਾ। ਬਾਦਲ ਸਾਹਿਬ ਕਹਿੰਦੇ, ਕਾਕਾ ਜੀ, ਇਕ ਤਾਂ ਐਵੇਂ ਕਰਿਓ, ਪਿੰਡ ਦੇ ਸਕੂਲ ਵਿੱਚ ਮਾਸਟਰ ਪੂਰੇ ਨਹੀਂ ਹੋਣੇ ਚਾਹੀਦੇ। ਜਿਸ ਦਿਨ ਪੜ੍ਹ ਗਏ ਉਸ ਦਿਨ ਹੀ ਉਨ੍ਹਾਂ ਨੇ ਤਕੜੇ ਹੋ ਜਾਣਾ ਹੈ। ਦੂਜਾ, ਸੜਕਾਂ ਪੂਰੀਆਂ ਨਾ ਕਰਿਓ। ਇਹ ਦੋਵੇਂ ਕੰਮ ਪੰਜਾਬ ਵਿੱਚ ਨਹੀਂ ਹੋ ਰਹੇ। ਇਹ ਦਲਿਤ ਵਿਰੋਧੀ ਸਰਕਾਰ ਹੈ। ਅੱਜ ਸਾਰੇ ਪੰਜਾਬ ਵਿੱਚ 48 ਸਰਕਾਰੀ ਕਾਲਜ ਹਨ, ਉਨ੍ਹਾਂ ਵਿੱਚ ਪੁੱਛੋ ਕਿ ਕਿੰਨੇ ਟੀਚਰ ਹਨ ਅਤੇ ਉਨ੍ਹਾਂ ਵਿਚੋਂ ਪ੍ਰਿੰਸੀਪਲ ਕਿੰਨਿਆਂ ਵਿੱਚ ਹਨ? ਸਿਰਫ 18 ਵਿੱਚ ਪ੍ਰਿੰਸੀਪਲ ਹਨ, ਬਾਕੀ ਕਾਲਜ ਪ੍ਰਿੰਸੀਪਲ ਤੋਂ ਬਗੈਰ ਹਨ। ਅੰਬੇਦਕਰ ਜੀ ਨੇ ਕੀ ਕਿਹਾ, ਉਨ੍ਹਾਂ ਦੀ ਸਿੱਖਿਆ ਇਹ ਸੀ ਕਿ ਪੜ੍ਹੋ, ਜੁੜੋ, ਸੰਘਰਸ਼ ਕਰੋ। ਤੁਸੀਂ ਪੜ੍ਹਨ ਹੀ ਨਹੀਂ ਦਿੰਦੇ, ਸੰਘਰਸ਼ ਕਿਸ ਤਰ੍ਹਾਂ ਕਰਾਂਗੇ?

ਅਗਲੀ ਗੱਲ ਸੁਣੋ, ਇਹ ਸਾਨੂੰ ਆਟਾ-ਦਾਲ ਦੇ ਮੁਹਤਾਜ ਬਣਾ ਰਹੇ ਹਨ। ਸਾਨੂੰ ਆਪਣੇ ਪੈਰਾਂ ਤੇ ਸਰਕਾਰ ਖੜ੍ਹਾ ਨਹੀਂ ਕਰ ਰਹੀ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਕੀ ਆਪਾਂ ਇਸ ਸਕੀਮ ਨੂੰ ਬੰਦ ਕਰਨਾ ਚਾਹੁੰਦੇ ਹਾਂ?

**ਸਰਦਾਰ ਚਰਨਜੀਤ ਸਿੰਘ ਚੰਨੀ :** ਇਸ ਬਾਰੇ ਵੀ ਦੱਸਾਂਗਾ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਹਾਂ ਜਾਂ ਨਾਂਹ ਵਿੱਚ ਦੱਸੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਅਸੀਂ ਸਰਕਾਰ ਵਿੱਚ ਆ ਕੇ ਤਰੀਕੇ ਨਾਲ ਆਟਾ ਤੇ ਦਾਲ ਦੇਵਾਂਗੇ। ਮੈਨੂੰ ਇਹ ਦੱਸਣ ਕਿ ਇਹ ਦਲਿਤਾਂ ਨੂੰ ਕਿਹੜੀ ਦਾਲ ਦਿੰਦੇ ਹਨ? ਮੇਰੇ ਹਲਕੇ ਵਿੱਚ ਜਾ ਕੇ ਦੇਖ ਲਓ ਜੇ ਕਿਸੇ ਵੀ ਇਕ ਘਰ ਨੂੰ ਪਿਛਲੇ ਇਕ ਸਾਲ ਤੋਂ ਦਾਲ ਮਿਲੀ ਹੋਵੇ ਤਾਂ ਮੈਂ ਰਿਜ਼ਾਇਨ ਕਰ ਦੇਵਾਂਗਾ। ਤੁਸੀਂ ਫੂਡ ਸਕਿਉਰਿਟੀ ਸਕੀਮ ਵਾਲੀ ਕਣਕ ਦਿੰਦੇ ਹੋ। ਉਸ ਨੂੰ ਆਪਣੀ ਆਟਾ-ਦਾਲ ਸਕੀਮ ਨਾਲ ਜੋੜੀ ਜਾਂਦੇ ਹੋ। ਅਸੀਂ ਤੁਹਾਡੀ ਗੱਲ ਨੂੰ ਕਿਵੇਂ ਸੱਚ ਮੰਨ ਲਈਏ? ਜਿਹੜੀ ਸਕੀਮ ਤਹਿਤ ਡਾਕਟਰ ਮਨਮੋਹਨ ਸਿੰਘ ਜੀ ਆਟਾ-ਦਾਲ ਦੇ ਕੇ ਗਏ ਹਨ, ਉਹੀ ਦੇ ਰਹੇ ਹੋ।(ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਵਿਰਸਾ ਸਿੰਘ ਵਲਟੋਹਾ ਵੱਲੋਂ ਵਿਘਨ) ਮੈਨੂੰ ਬੋਲਣ ਦਿਓ ਜੀ। ਮੈਂ ਛੇ ਮਹੀਨੇ ਪਹਿਲਾਂ ਇਕ ਘਰ ਵਿੱਚ ਗਿਆ, ਉਥੇ ਬਿਲਕੁਲ ਖਰਾਬ ਕਣਕ ਪਈ ਸੀ। ਮੈਂ ਕਿਹਾ, ''ਬੀਬੀ ਜੀ, ਇਹ ਕਣਕ ਕਿਸ ਵਾਸਤੇ ਲਈ ਹੈ?'' ਕਹਿੰਦੀ ਭਾਈ, ‘‘ਆਟਾ-ਦਾਲ ਸਕੀਮ ਵਾਲੀ ਹੈ।'' ਮੈਂ ਕਿਹਾ ਕਿ ਇਸ ਦੀ ਤਾਂ ਰੋਟੀ ਹੀ ਨਹੀਂ ਪੱਕਣੀ, ਇਹ ਤੁਸੀਂ ਲਈ ਕਿਉਂ ਸੀ? ਉਹ ਕਹਿੰਦੀ ਕਿ ਛੱਡ, ਡੰਗਰਾਂ ਦੇ ਖਾਣ ਦੇ ਕੰਮ ਆ ਜਾਂਦੀ ਹੈ। ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਸਕੀਮ ਦਾ ਹਾਲ ਹੈ।

**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ :** ਸਪੀਕਰ ਸਾਹਿਬ.....

**ਸਰਦਾਰ ਚਰਨਜੀਤ ਸਿੰਘ ਚੰਨੀ :** ਤੁਸੀਂ ਇਕ ਮਿੰਟ ਬੈਠ ਕੇ ਮੇਰੀਆਂ ਗੱਲਾਂ ਸੁਣ ਲਓ। ਜਿੱਥੇ ਬਾਦਲ ਸਾਹਿਬ ਦੀ ਡਿਸਕ੍ਰੀਸ਼ਨ ਹੁੰਦੀ ਹੈ, ਉਥੇ ਦਲਿਤ ਨੂੰ ਕਦੇ ਕੁਝ ਨਹੀਂ ਮਿਲ ਸਕਦਾ। ਮੈਂ ਇਸ ਦਾ ਸਬੂਤ ਦਿੰਦਾ ਹਾਂ। (ਆਪੋਜ਼ੀਸ਼ਨ ਪਾਰਟੀ ਵੱਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਪੀ.ਪੀ.ਐਸ.ਸੀ. ਦੇ 11 ਮੈਂਬਰ ਹਨ। ਮੇਰੇ ਪਾਸ ਉਸ ਦੀ ਲਿਸਟ ਆਉਂਦੀ ਹੈ ਕਿਉਂਕਿ ਮੈਨੂੰ ਸੀ.ਐਲ.ਪੀ. ਦਾ ਲੀਡਰ ਬਣਾ ਦਿੱਤਾ ਹੈ। ਮੈਨੂੰ ਚਿੱਠੀ ਆਈ ਕਿ ਅਸੀਂ ਪੀ.ਪੀ.ਐਸ.ਸੀ. ਦੇ ਮੈਂਬਰ ਰੱਖਣੇ ਹਨ।

**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ :** ਸਪੀਕਰ ਸਾਹਿਬ.....

**ਸਰਦਾਰ ਚਰਨਜੀਤ ਸਿੰਘ ਚੰਨੀ :** ਸਰ ਜੀ, ਬੈਠੋ। ਇਹ ਕੋਈ ਗੱਲ ਹੈ। ਮੈਂ ਤੁਹਾਡੇ ਅੱਗੇ ਹੱਥ ਜੋੜਦਾ ਹਾਂ। ਮੇਰੀ ਗਰੀਬ ਦੀ ਮਦਦ ਕਰੋ। ਸਪੀਕਰ

ਸਾਹਿਬ, ਮੈਨੂੰ ਪੀ.ਪੀ.ਐਸ.ਸੀ. ਦੇ ਮੈਂਬਰ ਰੱਖਣ ਵਾਸਤੇ ਚਿੱਠੀ ਆਈ ਕਿ ਤੁਸੀਂ ਉਸ ਦੇ ਮੈਂਬਰ ਹੋ। ਇਸ ਲਈ ਤੁਸੀਂ ਆਓ, ਮੈਂਬਰ ਰੱਖਣੇ ਹਨ। ਇਨਫਰਮੇਸ਼ਨ ਕਮਿਸ਼ਨ ਦੇ ਮੈਂਬਰ ਵੀ ਰੱਖਣੇ ਸਨ। ਇਨ੍ਹਾਂ ਦੋਹਾਂ ਦੇ 11-11 ਮੈਂਬਰ ਹਨ। ਮੈਨੂੰ ਜਿਹੜੀ ਚਿੱਠੀ ਆਈ, ਮੈਂ ਉਨ੍ਹਾਂ ਨੂੰ ਕਿਹਾ ਕਿ ਇਹ ਵੀ ਦੱਸ ਦਿਓ, ਕਿਸ ਨੂੰ ਰੱਖਣਾ ਹੈ ਅਤੇ ਜਿਹੜੇ ਪਹਿਲਾਂ ਰੱਖੇ ਹਨ, ਉਹ ਵੀ ਦੱਸ ਦਿਓ। ਇਨ੍ਹਾਂ ਨੇ ਮੈਨੂੰ 7 ਬੰਦਿਆਂ ਦੀ ਲਿਸਟ ਇਕ ਭੇਜ ਦਿੱਤੀ ਅਤੇ 9 ਬੰਦਿਆਂ ਦੀ ਲਿਸਟ ਹੋਰ ਭੇਜ ਦਿੱਤੀ, ਜਿਹੜੇ ਪਹਿਲਾਂ ਰੱਖੇ ਸਨ। ਮੈਂ ਕਿਹਾ ਕਿ ਇਹ ਵੀ ਦੱਸ ਦਿਓ ਕਿ ਐਸ.ਸੀ., ਬੀ.ਸੀ. ਅਤੇ ਮਾਇਨਾਰਟੀ ਵਿਚੋਂ ਕਿੰਨੇ ਭਰਤੀ ਕੀਤੇ ਹਨ? ਕਹਿੰਦੇ ਕਿ ਕੋਈ ਨਹੀਂ ਹੈ। ਉਸ ਵਿੱਚ ਇਨ੍ਹਾਂ ਨੇ ਸਾਰੇ ਆਪਣੇ ਰਿਸ਼ਤੇਦਾਰ ਭਰਤੀ ਕੀਤੇ ਹੋਏ ਹਨ। ਸ਼ਡਿਊਲਡ ਤੇ ਬੈਕਵਰਡ ਕਲਾਸ ਨੂੰ ਕੁਝ ਨਹੀਂ ਦਿੱਤਾ ਗਿਆ। (ਆਪੋਜ਼ੀਸ਼ਨ ਬੈਂਚਿਜ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਫਿਰ ਮੈਂ ਇਨ੍ਹਾਂ ਨੂੰ ਕਿਹਾ ਅਤੇ ਇਨ੍ਹਾਂ ਨੇ ਵੀ ਕਿਹਾ ਕਿ ਬਾਦਲ ਸਾਹਿਬ ਲੋਕਾਂ ਵਿੱਚ ਗਲਤ ਮੈਸੇਜ ਜਾਵੇਗਾ, ਤੁਸੀਂ ਸ਼ਡਿਊਲਡ ਕਾਸਟ ਬੰਦਾ ਵੀ ਕੋਈ ਇਨ੍ਹਾਂ ਵਿਚ ਰੱਖ ਲਵੋ। ਉਹ ਕਹਿੰਦੇ ਕਿ ਕਾਕਾ ਜੀ ਦੇਖ ਲਵਾਂਗੇ ਪਰ ਦੇਖਣਾ ਦਿਖਾਉਣਾ ਕਿਸ ਨੇ ਹੈ? 11 ਦੀਆਂ 11 ਪੋਸਟਾਂ ਪੂਰੀਆਂ ਭਰ ਦਿੱਤੀਆਂ । ਕੋਈ ਸ਼ਡਿਊਲਡ ਕਾਸਟ ਇਨ੍ਹਾਂ ਵਿੱਚ ਨਹੀਂ ਹੈ। (ਆਪੋਜੀਸ਼ਨ ਬੈਂਚਿਜ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਮੈਨੂੰ ਤੁਸੀਂ ਇਕ ਹੋਰ ਗੱਲ ਦੱਸੋ। ਸਪੀਕਰ ਸਾਹਿਬ, ਮੈਂ ਇਹ ਡਾਕਟਰ ਅੰਬੇਦਕਰ ਸਾਹਿਬ ਦੇ 125ਵੇਂ ਸਾਲ ਦੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਇਨ੍ਹਾਂ ਦੇ 18 ਮੰਤਰੀ ਹਨ। ਸਾਡੇ ਪਾਸ 10 ਐਸ.ਸੀ. ਮੈਂਬਰ ਹਨ, ਇਨ੍ਹਾਂ ਪਾਸ 24 ਹਨ। ਇਨ੍ਹਾਂ ਨੇ 18 ਵਿਚੋਂ ਸਿਰਫ ਦੋ ਐਸ.ਸੀ. ਮੰਤਰੀ ਬਣਾਏ ਹੋਏ ਹਨ। ਕਿਉਂ ਜੀ? ਇਹ ਡਾਕਟਰ ਅੰਬੇਦਕਰ ਦੀ ਕੀ ਅੱਜ ਜੈਅੰਤੀ ਮਨਾ ਰਹੇ ਹਨ? 18 ਵਿਚੋਂ ਦੋ ਹੀ ਕਿਉਂ ਹਨ, ਛੇ ਕਿਉਂ ਨਹੀਂ ਹਨ? ਸਾਡੀ 35% ਅਬਾਦੀ ਹੈ, ਸਾਨੂੰ ਉਸ ਹਿਸਾਬ ਨਾਲ ਸੀਟਾਂ ਦਿੰਦੇ। 10% ਦੇਣ ਦਾ ਕੀ ਮਤਲਬ ਹੈ? (ਸਾਹਮਣੇ ਰੁਲਿੰਗ ਪਾਰਟੀ ਵੱਲ ਇਸ਼ਾਰਾ ਕਰਕੇ ਦੱਸਦੇ ਹੋਏ) ਇਥੇ ਬੈਠਦੇ ਹਨ ਬਾਦਲ ਸਾਹਿਬ, ਇਥੇ ਬੈਠਦਾ ਹੈ ਉਨ੍ਹਾਂ ਦਾ ਮੁੰਡਾ, ਉਥੇ ਬੈਠਦਾ ਹੈ ਉਨ੍ਹਾਂ ਦਾ ਜਵਾਈ, ਪਿਛੇ ਬੈਠਦਾ ਹੈ ਉਨ੍ਹਾਂ ਦਾ ਰਿਸ਼ਤੇਦਾਰ, ਉਸ ਦਾ ਸਾਲਾ। ਤੁਸੀਂ ਐਸ.ਸੀਜ਼ ਨੂੰ ਦਿੱਤਾ ਹੀ ਕੀ ਹੈ? ਮੈਨੂੰ ਇਹ ਦੱਸੋ ਤਾਂ ਸਹੀ। ਤੁਸੀਂ ਅੱਜ ਤੱਕ ਕੀ ਦਿੱਤਾ ਹੈ? (ਆਪੋਜੀਸ਼ਨ ਬੈਂਚਿਜ ਵਲੋਂ ਥੰਪਿੰਗ) ਮੰਤਰੀ ਸਾਹਿਬ, ਕਿਹੜਾ ਮਹਿਕਮਾ ਦਿੱਤਾ ਹੈ ਤੁਹਾਨੂੰ? ਇਕ ਨੂੰ ਜ਼ੇਲ੍ਹਾਂ ਦਾ ਮੰਤਰੀ

ਬਣਾਇਆ ਹੋਇਆ ਹੈ, ਦੂਜੇ ਐਸ.ਸੀ. ਨੂੰ ਪਸ਼ੂ ਪਾਲਣ ਮਹਿਕਮਾ ਦਿੱਤਾ ਹੋਇਆ ਹੈ। ਤੁਸੀਂ ਪਸ਼ੂ ਪਾਲਣ ਮੰਤਰੀ ਹੋ? (ਸਰਦਾਰ ਗੁਲਜਾਰ ਸਿੰਘ ਰਣੀਕੇ ਵੱਲ ਇਸ਼ਾਰਾ ਕਰਦੇ ਹੋਏ।)

**ਮਾਨਯੋਗ ਸਪੀਕਰ:** ਪਲੀਜ਼, ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ:** ਤੁਸੀਂ ਕਿਥੇ ਖੜ੍ਹੇ ਹੋ? ਕਿਥੇ ਹੈ ਅਕਾਲੀ ਦਲ? ਕੀ ਕਰਦੇ ਹੋ ਤੁਸੀਂ?

**ਮਾਨਯੋਗ ਸਪੀਕਰ:** ਪਲੀਜ਼, ਚੇਅਰ ਨੂੰ ਐਡਰੈਸ ਕਰੋ। (ਵਿਘਨ)(ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ਬੈਠ ਜਾਵੋ। ਮੈਨੂੰ ਬੋਲ ਲੈਣ ਦਿਉ। ਜਾਂ ਫਿਰ ਆਪਣੀ ਰੀੜ੍ਹ ਦੀ ਹੱਡੀ ਵਿੱਚ ਜਾਨ ਰੱਖੋ, ਸ਼ਡਿਊਲਡ ਕਾਸਟਾਂ ਦੇ ਹੱਕ ਵਿੱਚ ਬੋਲਣ ਦੀ। (ਆਪੋਜੀਸ਼ਨ ਬੈਂਚਿਜ ਵਲੋਂ ਥੰਪਿੰਗ) (ਵਿਘਨ)

**ਮਾਨਯੋਗ ਸਪੀਕਰ:** ਸੋਮ ਪ੍ਰਕਾਸ਼ ਜੀ ਦੀ ਗੱਲ ਸੁਣ ਲੈਣ ਦਿਉ।

**ਸ਼੍ਰੀ ਸੋਮ ਪ੍ਰਕਾਸ਼:** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਬੜੀ ਅੱਛੀ ਡਿਸਕਸ਼ਨ ਡਾਕਟਰ ਅੰਬੇਦਕਰ ਸਾਹਿਬ ਜੀ ਬਾਰੇ ਚੱਲ ਰਹੀ ਸੀ। ਹੁਣ ਜਦੋਂ ਇਸ ਡਿਸਕਸ਼ਨ ਦਾ ਐਂਡ ਹੋਣ ਵਾਲਾ ਹੈ, ਅਸੀਂ ਹੁਣ ਆਪਣੀ ਡਿਸਕਸ਼ਨ ਦੇ ਮਿਆਰ ਨੂੰ ਥੱਲੇ ਲਿਆ ਰਹੇ ਹਾਂ। ਤੁਸੀਂ ਨੋ ਕਾਂਫੀਡੇਸ਼ਨ ਦਾ ਮੋਸ਼ਨ ਮੂਵ ਕਰਕੇ ਜੋ ਮਰਜ਼ੀ ਬੋਲ ਲੈਣਾ। (ਵਿਘਨ)(ਸ਼ੋਰ) ਆਪਾਂ ਹੁਣ ਇਹ ਕੀ ਗੱਲਾਂ ਕਰਦੇ ਹਾਂ?

**ਸਰਦਾਰ ਕੁਲਜੀਤ ਸਿੰਘ ਨਾਗਰਾ (ਬੈਠੇ-ਬੈਠੇ):** ਕੋਈ ਜੱਟ ਇਹ ਗੱਲ ਬੋਲੇ ਤਾਂ ਬੋਲੇ ਪਰ ਤੁਸੀਂ ਕਿਉਂ ਬੋਲ ਰਹੇ ਹੋ?

**ਸ਼੍ਰੀ ਸੋਮ ਪ੍ਰਕਾਸ਼:** ਤੁਹਾਨੂੰ ਤਾਂ ਕੁਝ ਪਤਾ ਹੀ ਨਹੀਂ ਹੈ। ਇਹ ਤਾਂ ਸਿਰਫ ਰੌਲਾ ਪਾਉਣ ਵਾਲਾ ਹੈ। (ਵਿਘਨ)(ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ਬਹੁਤ ਧੰਨਵਾਦ ਜੀ। ਤੁਸੀਂ ਹੁਣ ਬੈਠੋ।

**ਸ਼੍ਰੀ ਸੋਮ ਪ੍ਰਕਾਸ਼:** ਪਹਿਲਾਂ ਮੇਰੀ ਗੱਲ ਸੁਣ ਲਵੋ। ਦੇਖੋ, ਇਨ੍ਹਾਂ ਨੇ ਕਿਹਾ ਹੈ, ਇਕ ਐਨੀਹੀਲੇਸ਼ਨ ਆਫ ਕਾਸਟ ਤੇ ਵਿਚਾਰ ਲਿਖਿਆ ਹੋਇਆ ਹੈ। ਇਕ ਵੀ ਵਰਡ ਜਾਤ-ਪਾਤ ਸਬੰਧੀ ਇਸ ਵਿੱਚ ਨਹੀਂ ਲਿਖਿਆ ਹੋਇਆ। ਮੈਂ 10 ਵਾਰੀ ਇਹ ਕਿਤਾਬ ਪੜ੍ਹੀ ਹੈ। ਆਪਾਂ ਕੋਈ ਚੱਜ ਦੀ ਗੱਲ ਕਰੀਏ।

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੈਂ ਅਗਲੀ ਗੱਲ ਕਰਨੀ ਚਾਹੁੰਦਾ ਹਾਂ। ਕੇਂਦਰ ਸਰਕਾਰ ਨੇ ਰਾਈਟ ਟੂ ਐਜੂਕੇਸ਼ਨ ਦਾ ਕਾਨੂੰਨ ਬਣਾਇਆ ਹੈ। ਉਨ੍ਹਾਂ ਨੇ ਇਸ ਕਾਨੂੰਨ ਤਹਿਤ ਦਲਿਤ ਵਰਗ ਦੇ ਬੱਚਿਆਂ ਨੂੰ ਇਹ ਸੁਵਿਧਾ ਦਿੱਤੀ ਹੈ ਕਿ ਪ੍ਰਾਈਵੇਟ ਸਕੂਲਾਂ ਵਿੱਚ 25% ਬੱਚਿਆਂ ਨੂੰ ਐਡਮਿਸ਼ਨ ਦੇ ਕੇ ਫਰੀ ਪੜ੍ਹਾਉਣਾ ਪਵੇਗਾ। ਇਕ ਪੰਜਾਬ ਹੀ ਐਸਾ ਸੂਬਾ ਹੈ ਜਿਸ ਨੇ ਇਸ ਕਾਨੂੰਨ ਨੂੰ ਲਾਗੂ ਨਹੀਂ ਕੀਤਾ। (ਆਪੋਜੀਸ਼ਨ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਐਜੂਕੇਸ਼ਨ ਮੰਤਰੀ ਜੀ ਨੂੰ ਖੜ੍ਹੇ ਕਰਕੇ ਪੁੱਛ ਲਵੋ ਕਿ ਕੀ ਉਨ੍ਹਾਂ ਨੇ ਇਹ ਲਾਗੂ ਕੀਤਾ ਹੈ? ਕਿਉਂ ਤੁਸੀਂ ਡਾਕਟਰ ਅੰਬੇਦਕਰ ਜੀ ਨਾਲ ਮਜ਼ਾਕ ਕਰ ਰਹੇ ਹੋ ਜੇ ਤੁਸੀਂ ਉਨ੍ਹਾਂ ਦੀਆਂ ਸਿਖਿਆਵਾਂ ਤੇ ਹੀ ਨਹੀਂ ਚਲਣਾ। ਮੇਰੇ ਕੋਲ ਵਜ਼ੀਫਿਆਂ ਦੀ ਫਾਈਲ ਪਈ ਹੈ। ਪੰਜਾਬ ਵਾਸਤੇ ਕੇਂਦਰ ਸਰਕਾਰ ਵਜ਼ੀਫੇ ਭੇਜੀ ਜਾਂਦੀ ਹੈ। ਤੁਸੀਂ ਜਮ੍ਹਾਂ ਕਰੀ ਜਾਂਦੇ ਹੋ ਤੇ ਹੋਰ ਪਾਸੇ ਵਰਤੀ ਜਾਂਦੇ ਹੋ। ਸਾਲ 2014-15 ਦਾ 2 ਲੱਖ 86 ਹਜ਼ਾਰ 401 ਸਟੂਡੈਂਟ ਹੈ, ਇਨ੍ਹਾਂ ਨੇ ਆਨਲਾਈਨ ਅਪਲਾਈ ਕਰ ਦਿੱਤਾ ਕਿਉਂਕਿ ਤੁਹਾਡੇ ਤੇ ਵਿਸ਼ਵਾਸ ਨਹੀਂ ਰਿਹਾ। ਹੁਣ ਸਰਕਾਰ ਨੇ ਆਨਲਾਈਨ ਅਪਲਾਈ ਕਰਨ ਨੂੰ ਕਹਿ ਦਿੱਤਾ ਹੈ, ਪਹਿਲਾਂ ਤੁਹਾਡੇ ਥਰੂ ਕਰਦੇ ਸੀ ਤੇ ਤੁਸੀਂ ਘਪਲਾ ਕਰ ਦਿੰਦੇ ਸੀ, ਫਿਰ ਉਨ੍ਹਾਂ ਨੇ ਕਹਿ ਦਿੱਤਾ ਕਿ ਆਨਲਾਈਨ ਅਪਲਾਈ ਕਰ ਲਵੋ। ਉਨ੍ਹਾਂ ਦਾ 535 ਕਰੋੜ ਰੁਪਿਆ ਅੱਜ ਤੱਕ ਨਹੀਂ ਮਿਲਿਆ। ਫਿਰ ਇਹ ਦੱਸ ਦੇਵੋ ਕਿ ਸਾਲ 2015-16 ਦਾ 3 ਲੱਖ 11 ਹਜ਼ਾਰ 126 ਬੱਚਿਆਂ ਨੇ ਅਪਲਾਈ ਕੀਤਾ। ਇਸ ਦਾ 713 ਕਰੋੜ ਰੁਪਿਆ ਬਣਦਾ ਹੈ। ਕਿਥੇ ਜਾਵੇ ਦਲਿਤ ਵਰਗ? 'ਹਰੀਜਨ' ਕਿਹਾ ਗਿਆ। ਸ਼ਬਦ ਮਾੜੇ ਨਹੀਂ ਹੁੰਦੇ, ਸੋਚ ਮਾੜੀ ਹੁੰਦੀ ਹੈ। ਮੈਂ ਆਪਣਾ ਸ਼ਬਦ ਵਾਪਸ ਲੈ ਲੈਂਦਾ ਹਾਂ। (ਵਿਘਨ..ਸ਼ੋਰ) ਦਲਿਤ ਕਿਥੇ ਜਾਵੇ? ਜਦ ਤੱਕ ਤੁਹਾਡੀ ਮਾਨਸਿਕ ਅਵਸਥਾ ਠੀਕ ਨਹੀਂ ਹੁੰਦੀ, ਦਲਿਤ ਦਾ ਸੁਧਾਰ ਨਹੀਂ ਹੋ ਸਕਦਾ। ਨਾ ਹੀ ਤੁਸੀਂ ਕਰਨਾ ਹੈ। ਹਰ ਜਗ੍ਹਾ ਇਹ ਕੁਰਸੀ ਵਾਲਾ ਬੰਦਾ ਦਲਿਤਾਂ ਦੇ ਡਾਗਾਂ ਮਾਰਦਾ ਹੈ। ਤੁਸੀਂ 15 ਸਾਲ ਰਾਜ ਕੀਤਾ ਹੈ। ਪੰਜਾਬ ਵਿਚ ਦਲਿਤ ਵਰਗ ਅੱਜ ਬਿਲਕੁਲ ਰੁਲ ਗਿਆ, ਖਤਮ ਹੋ ਗਿਆ ਹੈ। ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ ਅਤੇ ਇਕ ਪਰਿਵਾਰ ਅਮੀਰ ਹੁੰਦਾ ਜਾ ਰਿਹਾ ਹੈ। ਤੁਸੀਂ ਮੈਨੂੰ ਇਹ ਦੱਸੋ ਕਿ ਪੰਜਾਬ ਵਿਚ ਦਲਿਤਾਂ ਦੀ ਅਬਾਦੀ 35 ਫੀਸਦੀ ਹੈ ਅਤੇ ਰਿਜ਼ਰਵੇਸ਼ਨ 25 ਫੀਸਦੀ, ਸੋ, 10 ਫੀਸਦੀ ਤਾਂ ਪਹਿਲਾਂ ਹੀ ਸਾਨੂੰ ਸਾਡਾ ਹੱਕ ਘੱਟ ਮਿਲ ਰਿਹਾ ਹੈ। ਤੁਸੀਂ ਫਿਰ ਕਹਿ ਰਹੇ ਹੋ ਕਿ ਦਲਿਤ ਜ਼ਿਆਦਾ ਖਾ ਗਏ। ਤੁਸੀਂ ਪਹਿਲਾਂ ਇਹ

ਰਿਜ਼ਰਵੇਸ਼ਨ 35 ਫੀਸਦੀ ਕਰੋ। ਤੁਸੀਂ ਮਤਾ ਲਿਆਓ, ਅਸੀਂ ਵੀ ਪਾਸ ਕਰਦੇ ਹਾਂ। ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦਿਓ। ਤੁਸੀਂ ਕੇਵਲ ਗੱਲਾਂ ਕਰਕੇ ਚੱਲੇ ਹੋ, ਮੈਂ ਵੀ ਤੁਹਾਨੂੰ ਤਾਅਨੇ ਦੇ ਕੇ ਚਲੇ ਜਾਣਾ ਹੈ ਪਰ ਆਪਾਂ ਬਾਬਾ ਸਾਹਿਬ ਨੂੰ ਕੀ ਦੇ ਕੇ ਚੱਲੇ ਹਾਂ। ਮੈਂ ਚਾਹੁੰਦਾ ਹਾਂ ਕਿ ਤੁਸੀਂ ਉਨ੍ਹਾਂ ਦਾ ਇੱਥੇ ਬੁੱਤ ਲਗਾਓ, ਇਹ ਤਾਂ ਭੱਜ ਗਏ ਹਨ, ਜਿਹੜੇ ਬਚੇ ਹਨ, ਤੁਸੀਂ ਹੀ ਖੜ੍ਹੇ ਹੋ ਜਾਓ। ਮੈਂ ਰੈਜ਼ੋਲਿਊਸ਼ਨ ਪੜ੍ਹਦਾ ਹਾਂ। ਅਸੀਂ ਕਹਿੰਦੇ ਹਾਂ ਕਿ ਅੱਜ ਸਰਕਾਰ ਐਲਾਨ ਕਰੇ। (ਵਿਘਨ..ਸ਼ੋਰ) ਮੇਰੀ ਗੱਲ ਸੁਣੋ। ਤੁਸੀਂ ਕਹਿੰਦੇ ਹੋ ਕਿ ਬਾਬਾ ਸਾਹਿਬ ਸਾਰਿਆਂ ਦੇ ਸਾਂਝੇ ਹਨ। ਜੇਕਰ ਉਹ ਸਾਂਝੇ ਹਨ ਤਾਂ ਕੇਵਲ ਗਰੀਬ ਕਲੋਨੀਆਂ ਦਾ ਨਾਂ ਹੀ ਉਨ੍ਹਾਂ ਦੇ ਨਾਂ ਤੇ ਕਿਉਂ ਹੁੰਦਾ ਹੈ। ਇਸ ਵਿਧਾਨ ਸਭਾ ਦਾ ਨਾਮ ਕਿਉਂ ਨਹੀਂ ਉਨ੍ਹਾਂ ਦੇ ਨਾਮ ਤੇ ਹੋ ਸਕਦਾ? (ਵਿਘਨ..ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂੰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਤੋਂ ਬੋਲ ਰਹੇ ਸਨ।)

ਤੁਸੀਂ ਬੈਠੋ, ਸੁਣੋ, ਤੁਸੀਂ 10 ਤੋਂ 15 ਸਾਲ ਤੱਕ ਰਾਜ ਕੀਤਾ ਹੈ। ਸਪੀਕਰ ਸਾਹਿਬ, ਸਿਰਫ ਗਰੀਬ ਬਸਤੀਆਂ ਦਾ ਨਾਮ ਹੀ ਅੰਬੇਦਕਰ ਜੀ ਦੇ ਨਾਮ ਤੇ ਰੱਖਿਆ ਜਾਂਦਾ ਹੈ।

**ਮਾਨਯੋਗ ਸਪੀਕਰ:** ਮੈਂ ਦੱਸ ਰਿਹਾ ਹਾਂ ਕਿ within the premises of this Assembly, ਉਨ੍ਹਾਂ ਦਾ ਉਹੋ ਜਿਹਾ ਬੁੱਤ ਲੱਗ ਰਿਹਾ ਹੈ, ਜਿਹੋ ਜਿਹਾ ਪਾਰਲੀਮੈਂਟ ਵਿਚ ਲੱਗਾ ਹੈ। (ਵਿਘਨ..ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਮੈਂ ਬਾਬਾ ਸਾਹਿਬ ਦਾ ਬੁੱਤ ਲਗਾਉਣ ਵਾਸਤੇ ਇਹ ਪ੍ਰਸਤਾਵ ਲੈ ਕੇ ਆ ਰਿਹਾ ਹਾਂ।

**ਮਾਨਯੋਗ ਸਪੀਕਰ:** ਮੇਰੀ ਗੱਲ ਸੁਣ ਲਓ, ਪਹਿਲਾਂ ਮੇਰੀ ਗੱਲ ਸੁਣ ਲਓ (ਵਿਘਨ..ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ** **

**Mr. Speaker:** Nothing should be recorded. ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਬਾਬਾ ਸਾਹਿਬ ਦਾ ਬੁੱਤ ਲਗਾਉਣ ਦਾ ਫੈਸਲਾ ਬਾਦਲ ਸਾਹਿਬ ਨੇ ਕਰ ਦਿੱਤਾ ਹੈ। (ਵਿਘਨ..ਸ਼ੋਰ)

---

** Expunged not recorded as ordered by the Chair.

**ਸਰਦਾਰ ਚਰਨਜੀਤ ਸਿੰਘ ਚੰਨੀ:** ਸਪੀਕਰ ਸਾਹਿਬ, ਅਸੀਂ ਗੱਲਾਂ ਵਿਚ ਨਹੀਂ ਸਾਰਨਾ, ਅਸੀਂ ਸਰਕਾਰ ਤੋਂ ਐਲਾਨ ਚਾਹੁੰਦੇ ਹਾਂ। ਸਰਕਾਰ ਇਥੇ ਬਾਬਾ ਸਾਹਿਬ ਦਾ ਬੁੱਤ ਲਗਾਉਣ ਦਾ ਅਤੇ ਫੋਟੋ ਲਗਾਉਣ ਦਾ ਐਲਾਨ ਕਰੇ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬਾਦਲ ਸਾਹਿਬ ਨੇ ਫੈਸਲਾ ਕਰ ਦਿੱਤਾ ਹੈ। (ਵਿਘਨ..ਸ਼ੋਰ)

**ਸਰਦਾਰ ਚਰਨਜੀਤ ਸਿੰਘ ਚੰਨੀ:** ਬਾਦਲ ਸਾਹਿਬ ਇਥੇ ਬੋਲ ਕੇ ਚਲੇ ਗਏ ਹਨ, ਇਥੇ ਕੋਈ ਐਲਾਨ ਨਹੀਂ ਹੋਇਆ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬਾਦਲ ਸਾਹਿਬ ਨੇ ਤੁਹਾਡੇ ਸਾਹਮਣੇ ਤਾਂ ਕਿਹਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ:** ਨਹੀਂ ਕਿਹਾ। (ਵਿਘਨ..ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਸਰਕਾਰ ਵਿਰੋਧੀ ** ** ਨਾਅਰੇ ਲਗਾਉਂਦੇ ਹੋਏ ਵੈੱਲ ਆਫ ਦਿ ਹਾਊਸ ਵਿਚ ਆ ਗਏ। ਜਿਸ ਕਾਰਨ ਸਦਨ ਵਿਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ:** ਤੁਸੀਂ ਬੋਲਣਾ ਹੀ ਨਹੀਂ ਚਾਹੁੰਦੇ। ਚੰਨੀ ਸਾਹਿਬ, ਅਸਲੀਅਤ ਇਹ ਹੈ ਕਿ ਤੁਸੀਂ ਬੋਲਣਾ ਹੀ ਨਹੀਂ ਚਾਹੁੰਦੇ। (ਵਿਘਨ)(ਸ਼ੋਰ)

ਹੁਣ ਸਦਨ, ਸੋਮਵਾਰ, ਮਿਤੀ 12 ਸਤੰਬਰ, 2016 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*5.40 ਵਜੇ ਸ਼ਾਮ (*ਇਸ ਉਪਰੰਤ ਸੋਮਵਾਰ, ਸਦਨ 12 ਸਤੰਬਰ, 2016 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

------

** Not recorded as ordered by the Chair.

**APPENDIX**

**TO**

**PUNJAB VIDHAN SABHA DEBATES**

***Friday, the 9th September, 2016***

***Vol. XIII-No. 2***

**STARRED QUESTION AND ANSWER**

## ਕੁਦਰਤੀ ਜਲ ਪ੍ਰਵਾਹਾਂ ਉੱਤੇ ਨਜਾਇਜ਼ ਕਬਜ਼ਿਆਂ ਨੂੰ ਛੁਡਾਉਣਾ

***2560.ਰਾਣਾ ਗੁਰਜੀਤ ਸਿੰਘ:** ਕੀ ਸਿੰਜਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ –

(ੳ) ਉਨ੍ਹਾਂ ਕੁਦਰਤੀ ਜਲ ਪ੍ਰਵਾਹਾਂ (Courses) ਦੀ ਜ਼ਿਲ੍ਹਾ–ਵਾਰ ਗਿਣਤੀ ਅਤੇ ਨਾਮ ਕੀ–ਕੀ ਹਨ ਜਿਨ੍ਹਾਂ ਤੇ ਨਿੱਜੀ ਵਿਅਕਤੀਆਂ ਜਾਂ ਏਜੰਸੀਆਂ ਅਤੇ ਸਰਕਾਰੀ ਏਜੰਸੀਆਂ ਨੇ ਹੁਣ ਤੱਕ ਅਣਅਧਿਕਾਰਿਤ ਤੌਰ ਤੇ ਕਬਜ਼ਾ ਕੀਤਾ ਹੋਇਆ ਹੈ ;

(ਅ) ਉਪਰੋਕਤ ਜਲ ਪ੍ਰਵਾਹਾਂ ਨੂੰ ਅਣਅਧਿਕਾਰਤ ਕਬਜ਼ਾਕਾਰਾਂ ਪਾਸੋਂ ਛੁਡਾਉਣ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਸ਼ਰਨਜੀਤ ਸਿੰਘ ਢਿੱਲੋਂ :** (ੳ) ਪੰਜਾਬ ਰਾਜ ਵਿੱਚ ਕੁਦਰਤੀ ਜਲ ਪ੍ਰਵਾਹਾਂ (Courses) ਦੀ ਜ਼ਿਲ੍ਹਾ–ਵਾਰ ਗਿਣਤੀ ਅਤੇ ਨਾਮ ਹੇਠ ਅਨੁਸਾਰ ਹਨ ਜਿਨ੍ਹਾਂ ਤੇ ਨਿੱਜੀ ਵਿਅਕਤੀਆਂ ਜਾਂ ਏਜੰਸੀਆਂ ਅਤੇ ਸਰਕਾਰੀ ਏਜੰਸੀਆਂ ਨੇ ਹੁਣ ਤੱਕ (PP Act/ Northern India Canal & Drainage Act, 1873, under section-55 ਦੀ ਉਲੰਘਣਾ ਕਰਦੇ ਹੋਏ) ਅਣਅਧਿਕਾਰਿਤ ਤੌਰ ਤੇ ਕਬਜ਼ਾ ਕੀਤਾ ਹੋਇਆ ਹੈ:–

| ਲੜੀ ਨੰ: | ਜ਼ਿਲ੍ਹਾ | ਨਾਮ | ਵਿਸ਼ੇਸ਼ ਕਥਨ |
|---|---|---|---|
| 1. | ਪਟਿਆਲਾ | ਪਟਿਆਲਾ ਨਦੀ | ਪੀ.ਪੀ. ਐਕਟ ਅਧੀਨ ਮਾਨਯੋਗ ਐਸ.ਡੀ.ਐਮ ਦੀ ਅਦਾਲਤ ਦੇ ਹੱਕ ਵਿੱਚ ਹੋ ਗਿਆ ਹੈ ਅਤੇ ਇਨ੍ਹਾਂ ਨੂੰ ਛੁਡਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। |
| 2. | ਪਟਿਆਲਾ | ਮਾਡਲ ਟਾਊਨ ਡਰੇਨ | ਡਿਸਟ੍ਰਿਕ ਕੋਰਟ ਵੱਲੋਂ ਕੇਸ ਮਹਿਕਮੇ ਦੇ ਹੱਕ ਵਿੱਚ ਹੋ |

| | | | |
|---|---|---|---|
| | | | ਗਿਆ ਹੈ ਅਤੇ ਇਸ ਨੂੰ ਛੁਡਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। |
| 3. | ਪਟਿਆਲਾ | ਨਾਭਾ ਡਰੇਨ | ਪੀ.ਪੀ.ਐਕਟ. ਅਧੀਨ ਮਾਨਯੋਗ ਐਸ.ਡੀ.ਐਮ. ਦੀ ਅਦਾਲਤ ਵੱਲੋਂ ਨਿਸ਼ਾਨਦੇਹੀ ਅਧੀਨ ਹੈ ਅਤੇ ਛੁਡਵਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। |
| 4. | ਪਟਿਆਲਾ | ਬਹਾਦਰਗੜ੍ਹ ਡਰੇਨ | ਡਿਸਟ੍ਰਿਕ ਕੋਰਟ ਵੱਲੋ ਕੇਸ ਮਹਿਕਮੇ ਦੇ ਹੱਕ ਵਿੱਚ ਹੋ ਗਿਆ ਹੈ। ਇਸ ਨੂੰ ਛੁਡਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ। |
| 5. | ਐਸ.ਏ.ਐਸ. ਨਗਰ (ਮੋਹਾਲੀ) | ਸੁਖਨਾ ਚੋਅ | ਇਹ ਚੋਅ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ਼ ਐਕਟ 1873 ਦੇ ਸੈਕਸ਼ਨ 55 ਅਧੀਨ ਨੋਟੀਫਾਈ ਹੋ ਚੁੱਕਾ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਹੈ ਜਿਸ ਦੀ ਸੁਣਵਾਈ ਦੀ ਮਿਤੀ 07-11-2016 |
| 6. | ਐਸ.ਏ.ਐਸ. ਨਗਰ (ਮੋਹਾਲੀ) | ਪਟਿਆਲਾ ਕੀ ਰਾਓ | ਇਹ ਚੋਅ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ਼ ਐਕਟ 1873 ਦੇ ਸੈਕਸ਼ਨ 55 ਅਧੀਨ ਨੋਟੀਫਾਈ ਹੋ ਚੁੱਕਾ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਚੱਲ ਰਿਹਾ ਹੈ ਜਿਸ ਦੀ ਸੁਣਵਾਈ ਦੀ ਮਿਤੀ 09-11-2016 |

| | | | |
|---|---|---|---|
| 7. | ਅੰਮ੍ਰਿਤਸਰ | ਨਾਗੋਕੇ ਡਰੇਨ | ਪੀ.ਪੀ. ਐਕਟ ਅਧੀਨ ਮਾਨਯੋਗ ਐਸ.ਡੀ.ਐਮ ਦੀ ਅਦਾਲਤ ਵਿੱਚ ਕੀਤੇ ਗਏ ਹਨ ਪਰ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ। |
| 8. | ਤਰਨਤਾਰਨ | ਝਬਾਲ ਡਰੇਨ | ਪੀ.ਪੀ. ਐਕਟ ਅਧੀਨ ਕੇਸ ਮਾਨਯੋਗ ਐਸ.ਡੀ.ਐਮ ਦੀ ਅਦਾਲਤ ਵਿੱਚ ਕੀਤੇ ਗਏ ਹਨ ਪਰ ਅਜੇ ਤੱਕ ਕੋਈ ਫੈਸਲਾ ਨਹੀਂ ਹੋਇਆ। |
| 9. | ਬਠਿੰਡਾ | ਸੰਧੂਕਲਾਂ ਫੂਲੇਵਾਲਾ ਡਰੇਨ ਬੁਰਜੀ 0-40400 | ਇਸ ਦਾ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਿਹਾ ਸੀ, ਜਿਸ ਦਾ ਫੈਸਲਾ ਮਹਿਕਮੇ ਦੇ ਹੱਕ ਵਿੱਚ ਹੋ ਗਿਆ ਹੈ। ਇਸ ਡਰੇਨ ਦੀ ਨਿਸ਼ਾਨਦੇਹੀ ਕਰਵਾ ਕੇ ਮਹਿਕਮੇ ਵੱਲੋਂ ਇਸ ਦਾ ਕਬਜ਼ਾ ਜਲਦੀ ਹੀ ਲਿਆ ਜਾ ਰਿਹਾ ਹੈ। |
| 10. | ਮੋਗਾ, ਫਿਰੋਜ਼ਪੁਰ | ਸ਼ੁਕੱਰ ਨਾਲਾ | ਇਹ ਨਾਲਾ ਨਾਰਦਰਨ ਇੰਡੀਆ ਕੈਨਾਲ ਅਤੇ ਡਰੇਨੇਜ਼ ਐਕਟ, 1873 ਦੇ ਸੈਕਸ਼ਨ 55 ਅਧੀਨ ਨੋਟੀਫਾਈ ਕੀਤਾ ਗਿਆ ਹੈ ਪਰ ਸਥਾਨਕ ਲੋਕਾਂ ਵੱਲੋਂ ਇਸ ਤੇ ਕਬਜ਼ਾ ਕੀਤਾ ਹੋਇਆ ਹੈ। ਮਹਿਕਮੇ ਵੱਲੋਂ ਡਰੇਨ ਨੂੰ ਪੁੱਟਣ ਦੀ ਕੋਸ਼ਿਸ ਕੀਤੀ ਗਈ। ਪਰ ਲੋਕਾਂ ਵੱਲੋਂ ਇਸ ਦੀ ਵਿਰੋਧਤਾ ਕਾਰਨ ਗੱਲ ਸਿਰੇ ਨਹੀਂ ਚੜ੍ਹ ਸਕੀ।ਮਲਕੀਅਤ ਸਥਾਨਕ ਲੋਕਾਂ ਦੀ ਹੈ। |

| | | | |
|---|---|---|---|
| 11. | ਜਲੰਧਰ | ਕਾਲਾ ਸੰਘਿਆ ਡਰੇਨ | ਕਾਲਾ ਸੰਘਿਆ ਡਰੇਨ ਦੇ ਸ਼ਹਿਰੀ ਖੇਤਰ ਵਿੱਚ ਗੁਜ਼ਰਦੀ ਰੀਚ ਦੀ ਸਰਕਾਰੀ ਜ਼ਮੀਨ ਤੇ ਕੀਤੇ 95, ਨੰਬਰ ਕਬਜ਼ਿਆਂ ਵਿੱਚੋਂ 46 ਨੰਬਰ ਕਬਜ਼ੇ ਹਟਵਾ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ 49 ਨੰਬਰ ਕਬਜ਼ਿਆਂ ਨੂੰ ਛੁਡਵਾਉਣ ਲਈ ਪੀ.ਪੀ. ਐਕਟ ਅਧੀਨ ਕੇਸ ਮਹਿਕਮੇ ਦੇ ਹੱਕ ਵਿੱਚ ਹੋ ਚੁੱਕੇ ਹਨ ਅਤੇ ਐਗਜੀਕਿਊਸ਼ਨ ਐਸ.ਡੀ. ਐਮ.ਦੀ ਅਦਾਲਤ ਵਿੱਚ ਦਾਇਰ ਕੀਤੀ ਹੋਈ ਹੈ। |

(ਅ) ਸਰਕਾਰ/ਮਹਿਕਮੇ ਵੱਲੋਂ ਇਹਨਾਂ ਕਬਜ਼ਿਆਂ ਨੂੰ ਛੁਡਵਾਉਣ ਲਈ ਸਿਵਲ ਪ੍ਰਸ਼ਾਸਨ ਦੀ ਮਦੱਦ ਨਾਲ ਪੀ.ਪੀ. ਐਕਟ ਅਧੀਨ ਕਾਰਵਾਈ ਕੀਤੀ ਜਾ ਰਹੀ ਹੈ ਜਾਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਹੋਰ ਵੱਖ ਵੱਖ ਅਦਾਲਤਾਂ ਵਿੱਚ ਕੇਸ ਕੀਤੇ ਹੋਏ ਹਨ ਜਿਨ੍ਹਾਂ ਵਿਚੋਂ ਕੁਝ ਦਾ ਫੈਸਲਾ ਮਹਿਕਮੇ ਦੇ ਹੱਕ ਵਿੱਚ ਹੋ ਗਿਆ ਹੈ ਅਤੇ ਕੁਝ ਸੁਣਵਾਈ ਅਧੀਨ ਹਨ।

----------

## ਪੰਜਾਬ ਮੰਤਰੀ ਮੰਡਲ ਦੀ ਸੂਚੀ
## ਕੈਬਨਿਟ ਮੰਤਰੀ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਪਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ | ਆਮ ਪ੍ਰਸ਼ਾਸਨ, ਸਹਿਕਾਰਤਾ, ਸਾਇੰਸ ਤਕਨਾਲੋਜੀ, ਵਾਤਾਵਰਨ, ਵਿਜੀਲੈਂਸ ਅਤੇ ਸ਼ਹਿਰੀ ਹਵਾਬਾਜ਼ੀ |
| 2) | ਸਰਦਾਰ ਸੁਖਬੀਰ ਸਿੰਘ ਬਾਦਲ, ਉਪ ਮੁੱਖ ਮੰਤਰੀ | ਗ੍ਰਹਿ ਮਾਮਲੇ, ਪ੍ਰਸ਼ਾਸਕੀ ਸੁਧਾਰ, ਹਾਊਸਿੰਗ, ਕਰ ਤੇ ਆਬਕਾਰੀ, ਖੇਡਾਂ ਤੇ ਯੁਵਕ ਸੇਵਾਵਾਂ, ਪੂੰਜੀ ਨਿਵੇਸ਼ ਅਤੇ ਬਿਜਲੀ |
| 3) | ਸ਼੍ਰੀ ਚੂਨੀ ਲਾਲ ਭਗਤ | ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ |
| 4) | ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ | ਖੁਰਾਕ ਤੇ ਸਿਵਲ ਸਪਲਾਈ, ਸੂਚਨਾ ਤਕਨਾਲੋਜੀ ਮੰਤਰੀ |
| 5) | ਸਰਦਾਰ ਅਜੀਤ ਸਿੰਘ ਕੋਹਾੜ | ਟਰਾਂਸਪੋਰਟ, ਕਾਨੂੰਨੀ ਤੇ ਵਿਧਾਨਕ ਮਾਮਲੇ ਤੇ ਚੋਣਾਂ ਅਤੇ ਰੋਜ਼ਗਾਰ ਪੈਦਾਕਰਨ ਮੰਤਰੀ |
| 6) | ਸਰਦਾਰ ਗੁਲਜਾਰ ਸਿੰਘ ਰਣੀਕੇ | ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ ਅਤੇ ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ |
| 7) | ਸ਼੍ਰੀ ਮਦਨ ਮੋਹਨ ਮਿੱਤਲ | ਉਦਯੋਗ ਤੇ ਵਣਜ, ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਅਤੇ ਸੰਸਦੀ ਮਾਮਲੇ ਮੰਤਰੀ |
| 8) | ਸਰਦਾਰ ਪਰਮਿੰਦਰ ਸਿੰਘ ਢੀਂਡਸਾ | ਵਿੱਤ, ਯੋਜਨਾ, ਵਿੱਤੀ ਸੰਸਥਾਵਾਂ, ਬੈਂਕਿੰਗ ਅਤੇ ਪ੍ਰੋਗਰਾਮ ਲਾਗੂਕਰਨ ਮੰਤਰੀ |
| 9) | ਸਰਦਾਰ ਜਨਮੇਜਾ ਸਿੰਘ ਸੇਖੋਂ | ਲੋਕ ਨਿਰਮਾਣ (ਭ ਤੇ ਮ), ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨਰਾਂ ਦੀ ਭਲਾਈ ਮੰਤਰੀ |
| 10) | ਸ਼੍ਰੀ ਸੁਰਜੀਤ ਕੁਮਾਰ ਜਿਆਨੀ | ਸਿਹਤ ਤੇ ਪਰਿਵਾਰ ਭਲਾਈ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 11) | ਸਰਦਾਰ ਤੋਤਾ ਸਿੰਘ | ਖੇਤੀਬਾੜੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਮੰਤਰੀ |
| 12) | ਸਰਦਾਰ ਬਿਕਰਮ ਸਿੰਘ ਮਜੀਠੀਆ | ਮਾਲ ਤੇ ਮੁੜ ਵਸੇਬਾ, ਸੂਚਨਾ ਤੇ ਲੋਕ ਸੰਪਰਕ, ਨਵੇਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ |
| 13) | ਸਰਦਾਰ ਸਿਕੰਦਰ ਸਿੰਘ ਮਲੂਕਾ | ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ |
| 14) | ਸ਼੍ਰੀ ਅਨਿਲ ਜੋਸ਼ੀ | ਸਥਾਨਕ ਸਰਕਾਰ, ਡਾਕਟਰੀ ਸਿੱਖਿਆ ਤੇ ਖੋਜ ਮੰਤਰੀ |
| 15) | ਸਰਦਾਰ ਸੁਰਜੀਤ ਸਿੰਘ ਰੱਖੜਾ | ਪੇਂਡੂ ਜਲ ਸਪਲਾਈ ਅਤੇ ਸੈਨੀਟੇਸ਼ਨ ਅਤੇ ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ |
| 16) | ਸਰਦਾਰ ਸ਼ਰਨਜੀਤ ਸਿੰਘ ਢਿੱਲੋਂ | ਸਿੰਜਾਈ ਮੰਤਰੀ |
| 17) | ਸਰਦਾਰ ਸੋਹਣ ਸਿੰਘ ਠੰਡਲ | ਜੇਲ੍ਹਾਂ, ਸੈਰ ਸਪਾਟਾ, ਸਭਿਆਚਾਰਕ ਮਾਮਲੇ ਅਤੇ ਛਪਾਈ ਤੇ ਲਿਖਣ ਸਮੱਗਰੀ ਮੰਤਰੀ |
| 18) | ਡਾਕਟਰ ਦਲਜੀਤ ਸਿੰਘ ਚੀਮਾ | ਸਿੱਖਿਆ ਮੰਤਰੀ |

## ਮੁੱਖ ਸੰਸਦੀ ਸਕੱਤਰ

| ਕ੍ਰਮ ਨੰ: | ਨਾਮ | ਮਹਿਕਮਾ/ਮਹਿਕਮੇ |
|---|---|---|
| 1) | ਸਰਦਾਰ ਮਨਜੀਤ ਸਿੰਘ ਮੀਆਂਵਿੰਡ | ਸਾਇੰਸ ਤਕਨਾਲੋਜੀ ਅਤੇ ਵਾਤਾਵਰਨ |
| 2) | ਸਰਦਾਰ ਦਰਸ਼ਨ ਸਿੰਘ ਸ਼ਿਵਾਲਿਕ | ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ |
| 3) | ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ | ਪਾਵਰ |
| 4) | ਸਰਦਾਰ ਗੁਰਤੇਜ ਸਿੰਘ ਘੁੜਿਆਣਾ | ਟਰਾਂਸਪੋਰਟ |
| 5) | ਸ਼੍ਰੀਮਤੀ ਸੁਖਜੀਤ ਕੌਰ ਸਾਹੀ | ਮਾਲ ਅਤੇ ਪੁਨਰਵਾਸ |
| 6) | ਸ਼੍ਰੀਮਤੀ ਸੀਮਾ ਕੁਮਾਰੀ | ਸਿੱਖਿਆ |

© 2016

ਪ ਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਿ ਤ ਅਤੇ ਕ ਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪ ਜਾਬ, ਚ ਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈਟ ਕਰਵਾਕੇ ਛਾਪੀ ਗਈ।

9193/9-2016/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ.ਨਗਰ